@Qpatrika | @qaumipatrika punjabi | instagram.com/qaumipatrika

**Largest Circulated**

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

**Qaumi Patrika NO.1**

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Thursday, 4 December 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 4 ਦਸੰਬਰ 2025, 20 ਮੱਘਰ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 30, qpatrika@gmail.com ਫੋਨ : 9971359517 www.qaumipatrika.org

## ਮੁੱਖ ਮੰਤਰੀ ਰੇਖਾ ਗੁਪਤਾ ਦਾ ਸਖ਼ਤ ਹੁਕਮ: ਚਲਾਨ ਜਾਰੀ ਕਰੋ, ਐਫਆਈਆਰ ਦਰਜ ਕਰੋ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ, 03 ਨਵੰਬਰ: ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਹੈ ਕਿ ਰਾਜਧਾਨੀ ਵਿੱਚ ਪ੍ਰਦੂਸ਼ਣ ਕੰਟਰੋਲ ਸਬੰਧੀ ਕੋਈ ਵੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ, ÷ਸਾਡੀ ਸਰਕਾਰ ਪ੍ਰਦੂਸ਼ਣ ਨੂੰ ਇੱਕ ਐਮਰਜੈਂਸੀ ਮਿਸ਼ਨ ਵਜੋਂ ਮੰਨ ਰਹੀ ਹੈ ਅਤੇ ਇਸਨੂੰ ਕਾਬੂ ਵਿੱਚ ਲਿਆਉਣ ਲਈ ਗੰਭੀਰ ਯਤਨ ਕਰ ਰਹੀ ਹੈ।÷ ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪ੍ਰਦੂਸ਼ਣ ਪ੍ਰਤੀ ਲਾਪਰਵਾਹੀ ਵਰਤਣ ਵਾਲੇ ਸਰਕਾਰੀ ਅਦਾਰਿਆਂ ਨੂੰ ਹੁਣ ਬਖਸ਼ਿਆ ਨਹੀਂ ਜਾਵੇਗਾ। ਦਿੱਲੀ ਪ੍ਰਦੂਸ਼ਣ ਕੰਟਰੋਲ ਕਮੇਟੀ (ਡੀਪੀਸੀਸੀ) ਨੂੰ ਪ੍ਰਦੂਸ਼ਣ ਅਤੇ ਸਫਾਈ ਵਿੱਚ ਲਾਪਰਵਾਹੀ ਵਰਤਣ ਵਾਲੇ ਸਰਕਾਰੀ ਅਦਾਰਿਆਂ ਦੇ ਚਲਾਨ ਜਾਰੀ ਕਰਨ ਅਤੇ ਭਾਰੀ ਜੁਰਮਾਨੇ ਲਗਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਮੁੱਖ ਮੰਤਰੀ ਨੇ ਇਹ ਵੀ ਹੁਕਮ ਦਿੱਤਾ ਹੈ ਕਿ ਬਿਨਾਂ ਇਜਾਜ਼ਤ ਸੜਕਾਂ ਕੱਟਣ ਅਤੇ ਉਨ੍ਹਾਂ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿਣ ਵਾਲੇ ਸਰਕਾਰੀ ਅਦਾਰਿਆਂ ਵਿਰੁੱਧ ਐਫਆਈਆਰ ਦਰਜ ਕੀਤੀਆਂ ਜਾਣ। ਪ੍ਰਦੂਸ਼ਣ ਬਾਰੇ ਇੱਕ ਵੱਡੀ ਸਮੀਖਿਆ ਮੀਟਿੰਗ ਵਿੱਚ, ਮੁੱਖ ਮੰਤਰੀ ਨੇ ਸਬੰਧਤ ਵਿਭਾਗਾਂ ਨੂੰ ਤੇਜ਼ ਰਫ਼ਤਾਰ ਨਾਲ ਕੰਮ ਕਰਨ ਦੇ ਨਿਰਦੇਸ਼ ਵੀ ਦਿੱਤੇ ਅਤੇ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਵਿੱਚ ਸਾਰਿਆਂ ਦੀ ਭਾਗੀਦਾਰੀ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਪ੍ਰਦੂਸ਼ਣ ਕੰਟਰੋਲ ਬਾਰੇ ਇੱਕ ਉੱਚ ਪੱਧਰੀ ਸਮੀਖਿਆ ਮੀਟਿੰਗ ਕੱਲ੍ਹ ਦਿੱਲੀ ਸਕੱਤਰੇਤ ਵਿਖੇ ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਰਾਜਧਾਨੀ ਵਿੱਚ ਹਵਾ ਪ੍ਰਦੂਸ਼ਣ ਵਿਰੁੱਧ ਚੱਲ ਰਹੀਆਂ ਕਾਰਵਾਈਆਂ ਦੀ ਸਮੀਖਿਆ ਕੀਤੀ ਗਈ ਅਤੇ ਆਉਣ ਵਾਲੇ ਦਿਨਾਂ ਵਿੱਚ ਜੰਗੀ ਪੱਧਰ 'ਤੇ ਕੰਮ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ। ਵਾਤਾਵਰਣ ਮੰਤਰੀ ਮਨਜਿੰਦਰ ਸਿੰਘ ਸਿਰਸਾ, ਮੁੱਖ ਸਕੱਤਰ ਰਾਜੀਵ ਵਰਮਾ, ਅਤੇ ਲੋਕ ਨਿਰਮਾਣ ਵਿਭਾਗ (ਪੀਡਬਲਯੂਡੀ), ਦਿੱਲੀ ਨਗਰ ਨਿਗਮ, ਡੀਡੀਏ, ਵਾਤਾਵਰਣ ਅਤੇ ਜੰਗਲਾਤ, ਡੀਐਸਆਈਡੀਸੀ, ਦਿੱਲੀ ਮੈਟਰੋ, ਐਨਬੀਸੀਸੀ, ਊਰਜਾ, ਡੀਯੂਐਸਆਈਬੀ, ਅਤੇ ਹੋਰ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਮੌਜੂਦ ਸਨ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਦੂਸ਼ਣ ਵਿਰੁੱਧ ਲੜਾਈ ਲੰਬੀ ਹੋਵੇਗੀ, ਪਰ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਕੀਤੇ ਜਾ ਰਹੇ ਪ੍ਰਭਾਵੀ ਉਪਾਵਾਂ ਨੂੰ ਤੇਜ਼ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਪ੍ਰਦੂਸ਼ਣ ਨੂੰ ਕੰਟਰੋਲ ਵਿੱਚ ਲਿਆਉਣ ਲਈ ਇੱਕ ਐਮਰਜੈਂਸੀ ਮਿਸ਼ਨ 'ਤੇ ਕੰਮ ਕਰ ਰਹੀ ਹੈ। ਸਬੰਧਤ ਵਿਭਾਗਾਂ ਨੂੰ ਅਗਲੇ 72 ਘੰਟਿਆਂ ਦੇ ਅੰਦਰ ਸਾਰੇ ਟੋਇਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਭਰਨ ਦੇ ਆਦੇਸ਼ ਜਾਰੀ ਕੀਤੇ ਗਏ ਹਨ।




Contd....................page-3

## ਅੰਗਰੇਜ਼ਾਂ ਨੇ ਭਾਰਤ ਬਾਰੇ ਝੂਠੀ ਕਹਾਣੀ ਘੜੀ ਕਿ ਇਥੇ ਪਹਿਲਾਂ ਏਕਤਾ ਨਹੀਂ ਸੀ : ਭਾਗਵਤ

ਨਾਗਪੁਰ 3 ਦਸੰਬਰ। ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐੱਸ. ਐੱਸ.) ਦੇ ਮੁਖੀ ਮੋਹਨ ਭਾਗਵਤ ਨੇ ਮਹਾਤਮਾ ਗਾਂਧੀ ਦੀ ਉਸ ਟਿੱਪਣੀ ਨੂੰ ਯਾਦ ਕੀਤਾ ਜਿਸ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਅੰਗਰੇਜ਼ਾਂ ਨੇ ਇਕ ਝੂਠੀ ਕਹਾਣੀ ਘੜੀ ਸੀ ਕਿ ਉਨ੍ਹਾਂ ਦੇ ਸ਼ਾਸਨ ਤੋਂ ਪਹਿਲਾਂ ਭਾਰਤ ਵਿਚ ਏਕਤਾ ਦੀ ਘਾਟ ਸੀ। ਭਾਗਵਤ ਨੇ ਸ਼ਨੀਵਾਰ ਨੂੰ ਨਾਗਪੁਰ ਵਿਚ ਰਾਸ਼ਟਰੀ ਪੁਸਤਕ ਉਤਸਵ ਨੂੰ ਸੰਬੋਧਨ ਕਰਦੇ ਹੋਏ ਭਾਗਵਤ ਨੇ ਕਿਹਾ ਕਿ ਗਾਂਧੀ ਜੀ ਨੇ (ਆਪਣੀ ਕਿਤਾਬ) ਹਿੰਦ ਸਵਰਾਜ ਵਿਚ ਲਿਖਿਆ ਸੀ ਕਿ ਇਹ ਝੂਠੀ ਕਹਾਣੀ ਅੰਗਰੇਜ਼ਾਂ ਵੱਲੋਂ ਸਾਨੂੰ ਸਿਖਾਈ ਗਈ ਸੀ ਕਿ ਅਸੀਂ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਇਕਜੁੱਟ ਨਹੀਂ ਸੀ। ਗਾਂਧੀ ਜੀ ਵੱਲੋਂ



1908 ਵਿਚ ਗੁਜਰਾਤੀ ਵਿਚ ਲਿਖੀ ਗਈ ਅਤੇ 1909 ਵਿਚ ਉਨ੍ਹਾਂ ਵੱਲੋਂ ਅੰਗਰੇਜ਼ੀ ਵਿਚ ਅਨੁਵਾਦ ਕੀਤੀ ਗਈ 'ਹਿੰਦ ਸਵਰਾਜ' ਵਿਚ 20 ਅਧਿਆਏ ਹਨ ਅਤੇ ਇਹ ਕਿਤਾਬ ਪਾਠਕ ਅਤੇ ਇਕ ਸੰਪਾਦਕ ਵਿਚਾਲੇ ਸੰਵਾਦ ਦੀ ਸ਼ੈਲੀ ਵਿਚ ਲਿਖੀ ਗਈ ਹੈ। ਗਾਂਧੀ ਜੀ ਨੇ ਕਿਤਾਬ ਵਿਚ ਲਿਖਿਆ ਸੀ ਕਿ ਅੰਗਰੇਜ਼ਾਂ ਨੇ ਸਾਨੂੰ ਸਿਖਾਇਆ ਹੈ ਕਿ ਅਸੀਂ ਪਹਿਲਾਂ ਇਕ ਰਾਸ਼ਟਰ ਨਹੀਂ ਸੀ ਅਤੇ ਇਕ ਰਾਸ਼ਟਰ ਬਣਨ ਵਿਚ ਸਦੀਆਂ ਲੱਗਣਗੀਆਂ। ਇਹ ਬੇਬੁਨਿਆਦ ਹੈ। ਉਨ੍ਹਾਂ ਦੇ ਭਾਰਤ ਆਉਣ ਤੋਂ ਪਹਿਲਾਂ ਵੀ ਅਸੀਂ ਇਕ ਰਾਸ਼ਟਰ ਸੀ।

## ਦਿਵਿਆਂਗ ਲੋਕਾਂ ਲ਼ਈ 'ਬੈਰਿਅਰ-ਫ੍ਰੀ ਇੰਡੀਆ' ਬਣਾਉਣ ਵਿੱਚ ਮਦਦ ਕਰੋ: ਮੁੱਖ ਮੰਤਰੀ ਯੋਗੀ

ਲਖਨਊ 3 ਦਸੰਬਰ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਬੁੱਧਵਾਰ ਨੂੰ ਲੋਕਾਂ ਅਤੇ ਸਰਕਾਰੀ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਦਿਵਿਆਂਗ ਲੋਕਾਂ ਲਈ 'ਬੈਰਿਅਰ-ਫ?ਰੀ ਇੰਡੀਆ' ਬਣਾਉਣ ਦੀ ਦਿਸ਼ਾਂ ਵਿਚ ਪੂਰੀ ਸੰਵੇਦਨਸ਼ੀਲਤਾ ਅਤੇ ਵਚਨਬੱਧਤਾ ਨਾਲ ਕੰਮ ਕਰਨ। ਵਿਸ਼ਵ ਅਪੰਗਤਾ ਦਿਵਸ ਦੇ ਮੌਕੇ 'ਤੇ ਇੱਕ ਇਕੱਠ ਨੂੰ ਸੰਬੋਧਨ ਕਰਦੇ ਯੋਗੀ ਨੇ ਲੋਕਾਂ ਨੂੰ ਅਪੀਲ ਕੀਤੀ, ਆਓ ਅਸੀਂ ਸੰਵੇਦਨਸ਼ੀਲ ਬਣੀਏ। ਆਓ ਅਸੀਂ ਦਿਵਿਆਂਗ ਲਈ ਬੈਰਿਅਰ-ਫ?ਰੀ ਇੰਡੀਆ ਬਣਾਉਣ ਵਿਚ ਇਮਾਨਦਾਰੀ ਨਾਲ ਆਪਣਾ ਯੋਗਦਾਨ ਪਾਈਏ। ਉਨ੍ਹਾਂ ਅੱਗੇ ਕਿਹਾ, ਵਿਸ਼ਵ ਦਿਵਿਆਂਗ ਦਿਵਸ ਮੌਕੇ, ਮੈਂ ਸਿਰਫ਼ ਇਹ ਕਹਿਣਾ ਚਾਹੁੰਦਾ ਹਾਂ ਕਿ ਹਰ ਛੋਟੀ ਜਿਹੀ ਕੋਸ਼ਿਸ਼ ਇੱਕ ਨਵਾਂ ਬਦਲਾਅ ਲਿਆ ਸਕਦੀ ਹੈ। ਲੰਬੇ ਸਮੇਂ ਤੋਂ ਅਜਿਹੇ ਲੋਕ ਸਰਕਾਰੀ ਲਾਭਾਂ ਤੋਂ ਵਾਂਝੇ ਸਨ। 2017 ਤੋਂ ਪਹਿਲਾਂ ਉੱਤਰ ਪ੍ਰਦੇਸ਼ ਵਿੱਚ ਲਗਭਗ 800,000 ਲੋਕਾਂ ਨੂੰ ਪ੍ਰਤੀ ਮਹੀਨਾ ਸਿਰਫ਼ 300 ਰੁਪਏ ਪੈਨਸ਼ਨ ਮਿਲਦੀ ਸੀ। ਕਈ ਥਾਵਾਂ 'ਤੇ ਕਲਰਕ ਕੱਟ (ਰਿਸ਼ਵਤ) ਦੀ ਮੰਗ ਕਰਦੇ ਸਨ ਪਰ ਅੱਜ ਅਸੀਂ ਪ੍ਰਤੀ ਵਿਅਕਤੀ ਇੱਕ ਹਜ਼ਾਰ ਰੁਪਏ ਦੀ ਦਰ ਨਾਲ ਅਪਾਹਜ ਵਿਅਕਤੀਆਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਪੈਨਸ਼ਨ ਜਮ?ਹਾਂ ਕਰਦੇ ਹਾਂ। ਕੋਈ ਰਿਸ਼ਵਤਖੋਰੀ ਨਹੀਂ ਹੈ। ਉਨ੍ਹਾਂ ਕਿਹਾ ਕਿ ਦਿਵਿਆਂਗਾਂ ਲਈ ਚੰਗੀਆਂ ਸੰਸਥਾਵਾਂ ਸਥਾਪਤ ਕਰਨ ਲਈ ਵੱਖ-ਵੱਖ ਥਾਵਾਂ 'ਤੇ ਕੇਂਦਰ ਸਥਾਪਿਤ ਕੀਤੇ ਗਏ ਹਨ। ਇਹ ਲੋਕ ਦੇਸ਼ ਦੀ ਤਾਕਤ ਦਾ ਜ਼ਰੂਰੀ ਹਿੱਸਾ ਬਣੇ ਹੋਏ ਹਨ। ਮੁੱਖ ਮੰਤਰੀ ਨੇ ਕਿਹਾ, ਤੁਸੀਂ ਕਿਸੇ ਤੋਂ ਘੱਟ ਨਹੀਂ ਹੋ। ਤੁਹਾਡੀ ਹਿੰਮਤ, ਤੁਹਾਡੀ ਪ੍ਰਤਿਭਾ ਅਤੇ ਤੁਹਾਡੀ ਸਫਲਤਾ ਨਵੇਂ ਭਾਰਤ ਦੀ ਤਾਕਤ ਹਨ। ਸਰਕਾਰ ਅਤੇ ਸਮਾਜ ਤੁਹਾਡੇ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ। ਮੈਂ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ ਕਿ ਤੁਹਾਨੂੰ ਹਰ ਜ਼ਰੂਰੀ ਸਹਾਇਤਾ ਮਿਲੇਗੀ।

## ਮੋਦੀ ਸਰਕਾਰ ਨੇ ਅਰਾਵਲੀ ਪਹਾੜੀਆਂ ਲਈ 'ਮੌਤ ਦਾ ਵਾਰੰਟ' ਵਰਗਾ ਚੁੱਕਿਆ ਕਦਮ: ਸੋਨੀਆ ਗਾਂਧੀ

ਕੌਮੀ ਪਤ੍ਰਿਕਾ

ਨਵੀਂ ਦਿੱਲੀ 3 ਦਸੰਬਰ। ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਨੇ ਬੁੱਧਵਾਰ ਨੂੰ ਦੋਸ਼ ਲਗਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਅਰਾਵਲੀ ਪਹਾੜੀਆਂ ਲਈ ਮੌਤ ਦਾ ਵਾਰੰਟ ਵਰਗਾ ਕਦਮ ਚੁੱਕਿਆ ਹੈ। ਉਨ੍ਹਾਂ ਨੇ ਅਖ਼ਬਾਰ ਦੇ ਇਕ ਨੋਟ ਵਿਚ ਉਸ ਗੱਲ ਦਾ ਜ਼ਿਕਰ ਕਰਦੇ ਕਿਹਾ ਕਿ ਅਰਾਵਲੀ ਰੇਂਜ ਦੇ 100 ਮੀਟਰ ਤੋਂ ਘੱਟ ਉਚਾਈ ਵਾਲੇ ਕਿਸੇ ਵੀ ਖੇਤਰ ਵਿੱਚ ਮਾਈਨਿੰਗ ਦੀ ਛੋਟ ਦਿੱਤੀ ਗਈ ਹੈ। ਸੋਨੀਆ ਗਾਂਧੀ ਨੇ ਕਿਹਾ, ਗੁਜਰਾਤ ਤੋਂ ਲੈ ਕੇ ਰਾਜਸਥਾਨ ਅਤੇ ਹਰਿਆਣਾ ਤੱਕ ਫੈਲੀ ਅਰਾਵਲੀ ਪਹਾੜੀ ਲੜੀ ਨੇ ਭਾਰਤੀ ਭੂਗੋਲ ਅਤੇ ਇਤਿਹਾਸ ਵਿੱਚ ਲੰਬੇ ਸਮੇਂ ਤੋਂ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਮੋਦੀ ਸਰਕਾਰ ਨੇ ਹੁਣ ਇਨ੍ਹਾਂ ਪਹਾੜੀਆਂ ਲਈ ਮੌਤ ਦੇ ਵਾਰੰਟ 'ਤੇ ਦਸਤਖਤ ਕਰ ਦਿੱਤੇ ਹਨ, ਜੋ ਪਹਿਲਾਂ ਹੀ ਗੈਰ-ਕਾਨੂੰਨੀ ਮਾਈਨਿੰਗ ਨਾਲ ਤਬਾਹ ਹੋ ਚੁੱਕੀਆਂ ਹਨ। ਉਨ੍ਹਾਂ ਕਿਹਾ, ਸਰਕਾਰ ਨੇ ਐਲਾਨ ਕੀਤਾ ਹੈ ਕਿ 100 ਮੀਟਰ ਤੋਂ ਘੱਟ ਉਚਾਈ ਵਾਲੀ ਕੋਈ ਵੀ ਪਹਾੜੀ ਮਾਈਨਿੰਗ ਵਿਰੁੱਧ ਸਖ਼ਤ ਪਾਬੰਦੀਆਂ ਦੇ ਅਧੀਨ ਨਹੀਂ ਹੈ। ਇਹ ਫੈਸਲਾ ਗੈਰ-ਕਾਨੂੰਨੀ ਮਾਈਨਰਾਂ ਅਤੇ ਮਾਫੀਆ ਨੂੰ ਸਰਕਾਰ ਦੁਆਰਾ ਨਿਰਧਾਰਤ ਉਚਾਈ ਸੀਮਾ ਤੋਂ ਹੇਠਾਂ ਆਉਣ ਵਾਲੇ 90 ਪ੍ਰਤੀਸ਼ਤ ਰੇਂਜ ਨੂੰ ਸਾਫ਼ ਕਰਨ ਲਈ ਇੱਕ ਖੁੱਲ੍ਹਾ ਸੱਦਾ ਹੈ। ਕਾਂਗਰਸ ਦੇ ਸਾਬਕਾ ਪ੍ਰਧਾਨ ਨੇ ਦੋਸ਼ ਲਗਾਇਆ ਕਿ ਸਰਕਾਰੀ ਨੀਤੀ ਨਿਰਮਾਣ ਵਿੱਚ ਵਾਤਾਵਰਣ ਪ੍ਰਤੀ ਡੂੰਘੀ ਅਤੇ ਨਿਰੰਤਰ ਅਣਦੇਖੀ ਕੀਤੀ ਜਾ ਰਹੀ ਹੈ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੂੰ ਯੋਜਨਾਬੱਧ ਢੰਗ ਨਾਲ ਕਮਜ਼ੋਰ ਕਰ ਦਿੱਤਾ ਗਿਆ ਹੈ ਪਰ ਹੁਣ ਇਸਨੂੰ ਇਸਦੀ ਮਾਣਮੱਤੇ ਸਥਿਤੀ ਵਿੱਚ ਬਹਾਲ ਕੀਤਾ ਜਾਣਾ ਚਾਹੀਦਾ ਹੈ ਅਤੇ ਸਰਕਾਰੀ ਨੀਤੀ ਅਤੇ ਦਬਾਅ ਤੋਂ ਸੁਤੰਤਰ ਤੌਰ 'ਤੇ ਕੰਮ ਕਰਨ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ। ਸੋਨੀਆ ਗਾਂਧੀ ਨੇ ਕਿਹਾ, ਸਾਨੂੰ ਵਾਤਾਵਰਣ ਸੰਬੰਧੀ ਮੁੱਦਿਆਂ 'ਤੇ ਵਧੇਰੇ ਅੰਤਰ-ਸਰਕਾਰੀ ਤਾਲਮੇਲ ਦੀ ਲੋੜ ਹੈ। ਐਨਸੀਆਰ ਵਿੱਚ ਹਵਾ ਪ੍ਰਦੂਸ਼ਣ ਸੰਕਟ ਲਈ ਭੂਮੀਗਤ ਪਾਣੀ ਦੇ ਯੂਰੇਨੀਅਮ ਪ੍ਰਦੂਸ਼ਣ ਦੇ ਮੁੱਦੇ ਵਾਂਗ ਇਕ ਸਮੁੱਚੀ ਸਰਕਾਰੀ ਦ੍ਰਿਸ਼ਟੀਕੋਣ ਦੇ ਨਾਲ ਇੱਕ ਖੇਤਰੀ ਦ੍ਰਿਸ਼ਟੀਕੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜਦੋਂ ਵਾਤਾਵਰਣ ਸੰਬੰਧੀ ਮੁੱਦਿਆਂ ਦੀ ਗੱਲ ਆਉਂਦੀ ਹੈ ਤਾਂ ਮੋਦੀ ਸਰਕਾਰ ਨੂੰ ਸਹਿਯੋਗੀ ਸੰਘਵਾਦ ਦੀ ਭਾਵਨਾ ਦਾ ਪ੍ਰਦਰਸ਼ਨ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਭਾਰਤ ਦੀਆਂ ਵਾਤਾਵਰਣ ਨੀਤੀਆਂ ਨੂੰ ਕਾਨੂੰਨ ਦੇ ਸ਼ਾਸਨ ਪ੍ਰਤੀ ਸਤਿਕਾਰ, ਸਥਾਨਕ ਭਾਈਚਾਰਿਆਂ ਦੇ ਖ਼?ਲਾਫ ਨਹੀਂ ਸਗੋਂ ਉਨ੍ਹਾਂ ਨਾਲ ਕੰਮ ਕਰਨ ਦੀ ਵਚਨਬੱਧਤਾ ਅਤੇ ਵਾਤਾਵਰਣ ਅਤੇ ਮਨੁੱਖੀ ਵਿਕਾਸ ਵਿਚਕਾਰ ਅਟੁੱਟ ਸਬੰਧ ਦੀ ਸਮਝ ਦੁਆਰਾ ਸੇਧਿਤ ਹੋਣਾ ਚਾਹੀਦਾ ਹੈ। ਕਾਂਗਰਸ ਨੇਤਾ ਨੇ ਕਿਹਾ, ਸਿਰਫ਼ ਇਸ ਤਰ੍ਹਾਂ ਦੇ ਦ੍ਰਿਸ਼ਟੀਕੋਣ ਨਾਲ ਹੀ ਅਸੀਂ ਇੱਕ ਸਿਹਤਮੰਦ ਅਤੇ ਸੁਰੱਖਿਅਤ ਭਾਰਤ ਦਾ ਨਿਰਮਾਣ ਕਰ ਸਕਦੇ ਹਾਂ।



## ਡਾਕਟਰਾਂ 'ਤੇ ਅਪਰਾਧਿਕ ਮੁਕੱਦਮੇ ਲਈ ਕਾਨੂੰਨੀ ਢਾਂਚੇ ਦੀ ਲੋੜ ! ਸੁਪਰੀਮ ਕੋਰਟ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 3 ਦਸੰਬਰ। ਸੁਪਰੀਮ ਕੋਰਟ ਨੇ ਮੈਡੀਕਲ ਲਾਪਰਵਾਹੀ ਦੇ ਮਾਮਲਿਆਂ ਵਿੱਚ ਡਾਕਟਰਾਂ 'ਤੇ ਅਪਰਾਧਿਕ ਮੁਕੱਦਮਾ ਚਲਾਉਣ ਲਈ ਕਾਨੂੰਨੀ ਨਿਯਮਾਂ ਜਾਂ ਕਾਰਜਕਾਰੀ ਨਿਰਦੇਸ਼ਾਂ ਦੀ ਮੰਗ ਕਰਨ ਵਾਲੀ ਇੱਕ ਜਨਹਿੱਤ ਪਟੀਸ਼ਨ 'ਤੇ ਨੋਟਿਸ ਜਾਰੀ ਕੀਤਾ ਹੈ। ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦੇ ਸਰਵਉੱਚ ਅਦਾਲਤ ਦੇ ਬੈਂਚ ਨੇ (3 ਦਸੰਬਰ 2025) ਨੂੰ ਇਸ ਮਾਮਲੇ 'ਤੇ ਕਾਰਵਾਈ ਕੀਤੀ ਅਤੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕੀਤਾ। ਅਦਾਲਤ ਨੇ ਕਿਹਾ ਕਿ ਨੋਟਿਸ ਦਾ ਜਵਾਬ ਚਾਰ ਹਫ਼ਤਿਆਂ ਦੇ ਅੰਦਰ ਦਿੱਤਾ ਜਾਵੇ। ਇਹ ਪਟੀਸ਼ਨ 'ਸਮੀਕਸ਼ਾ ਫਾਉਂਡੇਸ਼ਨ' ਦੁਆਰਾ ਦਾਇਰ ਕੀਤੀ ਗਈ ਹੈ। ਪਟੀਸ਼ਨ ਵਿੱਚ ਦਲੀਲ ਦਿੱਤੀ ਗਈ ਹੈ ਕਿ ਭਾਵੇਂ ਸੁਪਰੀਮ ਕੋਰਟ ਨੇ ਆਪਣੇ ਇਤਿਹਾਸਕ ਜੈਕਬ ਮੈਥਿਊ ਫੈਸਲੇ ਜੋ ਕਿ 5 ਅਗਸਤ 2005 ਨੂੰ ਦਿੱਤਾ ਗਿਆ ਸੀ, ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਅਜਿਹੇ ਮਾਮਲਿਆਂ ਲਈ ਕਾਨੂੰਨੀ ਨਿਯਮ/ਨਿਰਦੇਸ਼ ਜਾਰੀ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਸੀ, ਪਰ ਦੋ ਦਹਾਕੇ ਬੀਤ ਜਾਣ ਤੋਂ ਬਾਅਦ ਵੀ ਇਹ ਨਿਯਮ ਬਣਾ ਕੇ ਸੂਚਿਤ ਨਹੀਂ ਕੀਤੇ ਗਏ। ਪਟੀਸ਼ਨ ਨੇ ਇਸ ਦੇਰੀ ਨੂੰ ਨਿਰਾਸ਼ਾਜਨਕ ਦੱਸਿਆ ਹੈ। ਪਟੀਸ਼ਨ ਵਿੱਚ ਮੌਜੂਦਾ ਜਾਂਚ ਪ੍ਰਣਾਲੀ 'ਤੇ ਵੀ ਸਵਾਲ ਚੁੱਕੇ ਗਏ ਹਨ, ਜਿੱਥੇ ਮੈਡੀਕਲ ਲਾਪਰਵਾਹੀ ਦੇ ਦੋਸ਼ਾਂ ਦਾ ਮੁਲਾਂਕਣ ਡਾਕਟਰਾਂ ਦੇ ਦਬਦਬੇ ਵਾਲੀਆਂ ਕਮੇਟੀਆਂ ਦੁਆਰਾ ਕੀਤਾ ਜਾਂਦਾ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਇਸ ਪ੍ਰਣਾਲੀ ਕਾਰਨ ਡਾਕਟਰਾਂ ਦੁਆਰਾ ਡਾਕਟਰਾਂ ਦਾ ਨਿਰਣਾ ਕੀਤਾ ਜਾਂਦਾ ਹੈ, ਜੋ ਸਪੱਸ਼ਟ ਤੌਰ 'ਤੇ ਉਨ੍ਹਾਂ ਦੇ ਭਾਈਚਾਰੇ ਦਾ ਪੱਖ ਪੂਰਦਾ ਹੈ, ਜਿਸ ਨਾਲ ਪੀੜਤਾਂ ਨੂੰ ਇਨਸਾਫ਼ ਮਿਲਣ ਦੀ ਉਮੀਦ ਬਹੁਤ ਘੱਟ ਰਹਿ ਜਾਂਦੀ ਹੈ। 73ਵੀਂ ਸੰਸਦੀ ਸਥਾਈ ਕਮੇਟੀ ਦੀ 2013 ਦੀ ਰਿਪੋਰਟ 'ਤੇ ਵੀ ਭਰੋਸਾ ਕੀਤਾ ਗਿਆ, ਜਿਸ ਵਿੱਚ ਦਰਜ ਕੀਤਾ ਗਿਆ ਸੀ ਕਿ ਲਾਪਰਵਾਹੀ ਦੇ ਮਾਮਲਿਆਂ ਦੀ ਜਾਂਚ ਕਰਨ ਵਾਲੇ ਮੈਡੀਕਲ ਪੇਸ਼ੇਵਰ ਆਪਣੇ ਸਹਿਕਰਮੀਆਂ ਪ੍ਰਤੀ ਬਹੁਤ ਨਰਮ ਹੁੰਦੇ ਹਨ। ਪਟੀਸ਼ਨ ਅਨੁਸਾਰ, ਇਸ ਕਾਰਨ ਅਪਰਾਧਿਕ ਮੁਕੱਦਮਿਆਂ ਦੀ ਦਰ ਲਗਭਗ ਨਾ-ਮਾਤਰ ਰਹੀ ਹੈ। NCRB ਡੇਟਾ ਅਨੁਸਾਰ, ਛੇ ਸਾਲਾਂ ਵਿੱਚ ਮੈਡੀਕਲ ਲਾਪਰਵਾਹੀ ਕਾਰਨ ਮੌਤ ਦੇ ਸਿਰਫ਼ 1,019 ਕੇਸ ਦਰਜ ਕੀਤੇ ਗਏ ਹਨ, ਜਿਸ ਨੂੰ ਦੇਸ਼ ਦੀ ਆਬਾਦੀ (1.4 ਬਿਲੀਅਨ) ਦੇ ਮੁਕਾਬਲੇ ਹੈਰਾਨੀਜਨਕ ਅਤੇ ਅਵਿਸ਼ਵਾਸ਼ਯੋਗ ਮੰਨਿਆ ਗਿਆ ਹੈ। PIL ਵਿੱਚ ਮੰਗ ਕੀਤੀ ਗਈ ਹੈ ਕਿ ਸੁਪਰੀਮ ਕੋਰਟ ਸਮੇਂ-ਸੀਮਾ ਨਿਰਧਾਰਤ ਕਰੇ ਤਾਂ ਜੋ ਜੈਕਬ ਮੈਥਿਊ ਫੈਸਲੇ ਅਨੁਸਾਰ ਲਾਜ਼ਮੀ ਨਿਯਮਾਂ ਨੂੰ ਤੁਰੰਤ ਬਣਾਇਆ ਜਾਵੇ। ਇਸ ਤੋਂ ਇਲਾਵਾ, ਮੰਗ ਕੀਤੀ ਗਈ ਹੈ ਕਿ ਜਾਂਚ ਲਈ ਸਿਰਫ਼ ਡਾਕਟਰਾਂ ਵਾਲੀਆਂ ਕਮੇਟੀਆਂ ਦੀ ਬਜਾਏ, ਬਹੁ-ਹਿੱਸੇਦਾਰ ਜਾਂਚ ਪੈਨਲ ਸਥਾਪਿਤ ਕੀਤੇ ਜਾਣ। ਇਨ੍ਹਾਂ ਪੈਨਲਾਂ ਵਿੱਚ ਸੇਵਾਮੁਕਤ ਜੱਜ, ਸਿਵਲ ਸੁਸਾਇਟੀ ਦੇ ਮੈਂਬਰ, ਮਰੀਜ਼ਾਂ ਦੇ ਨੁਮਾਇੰਦੇ, NHRC ਨਾਮਜ਼ਦ ਵਿਅਕਤੀ, ਅਤੇ ਸੁਤੰਤਰ ਮਾਹਰ ਸ਼ਾਮਲ ਹੋਣੇ ਚਾਹੀਦੇ ਹਨ।



## ਕੈਪਟਨ ਦੇ ਬਿਆਨ ਨੇ ਕੱਢ ਦਿੱਤੀ ਭਾਜਪਾ ਦੀ ਸਿਆਸੀ ਫੂਕ !

ਲੁਧਿਆਣਾ 3 ਦਸੰਬਰ। ਪੰਜਾਬ ਵਿਚ ਭਾਜਪਾ ਦੀ ਲੀਡਰਸ਼ਿਪ ਪਿਛਲੇ ਸਮੇਂ ਤੋਂ ਇਕੱਲਿਆਂ ਚੋਣਾਂ ਲੜ ਕੇ ਵੇਖ ਚੁੱਕੀ ਹੈ। ਸਿਰਫ ਵਿਧਾਨ ਸਭਾ ਵਿਚ 2 ਵਿਧਾਇਕ ਬਣੇ ਬਾਕੀ ਜ਼ਮਾਨਤਾਂ ਜ਼ਬਤ ਵਾਲੇ ਹਾਲਾਤ ਰਹੇ ਪਰ ਭਾਜਪਾ ਅਜੇ ਵੀ ਆਪਣੇ ਪੁਰਾਣੇ ਬਿਆਨਾਂ 'ਤੇ ਕਿ ਅਸੀਂ ਇਕੱਲੇ ਚੋਣ ਲੜਾਂਗੇ ਤੇ ਹੁਣ ਸੰਮਤੀ ਤੇ ਜ਼ਿਲਾ ਪ੍ਰੀਸ਼ਦ ਜੋ ਪੇਂਡੂ ਹਲਕੇ 'ਚ ਹੋਈਆਂ ਹਨ, ਉਹ ਲੜ ਰਹੇ ਹਾਂ। ਉਧਰ ਭਾਜਪਾ 'ਚ ਬੈਠੇ ਤੇ 2 ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ ਕੈਪਟਨ ਅਮਰਿੰਦਰ ਸਿੰਘ ਨੇ ਆਪਣਾ ਬਿਆਨ ਦਾਗ ਕੇ ਭਾਜਪਾ ਦੇ ਆਗੂਆਂ ਦੀ ਇਕੱਲੇ ਚੋਣ ਲੜਨ ਦੇ ਬਿਆਨ ਦੀ ਫੂਕ ਕੱਢ ਦਿੱਤੀ ਹੈ ਤੇ ਕਿਹਾ ਕਿ ਅਕਾਲੀ ਦਲ ਦੇ ਗੱਠਜੋੜ ਤੋਂ ਬਿਨਾਂ ਭਾਜਪਾ ਸਰਕਾਰ 2035 'ਚ ਆਵੇਗੀ। ਲੱਗਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਸਾਰੀ ਗਰਾਊਂਡ ਰਿਪੋਰਟ ਲੈ ਕੇ ਅਤੇ ਬੀ. ਜੇ. ਪੀ. ਦੇ ਹਾਲਾਤਾਂ ਨੂੰ ਦੇਖ ਕੇ ਤਾਂ ਇੰਨਾ ਵੱਡਾ ਬਿਆਨ ਦਿੱਤਾ ਹੈ। ਕੈਪਟਨ ਦੇ ਉਕਤ ਬਿਆਨ ਨਾਲ ਭਾਜਪਾ ਵਿਚ ਬੈਠੇ ਕਈ ਨੇਤਾਵਾਂ ਨੂੰ ਸਿਆਸੀ ਮਿਰਚਾਂ ਲੱਗੀਆਂ ਹਨ ਤੇ ਉਨ੍ਹਾਂ ਨੇ ਮੀਡੀਆ ਦੇ ਇਕ ਹਿੱਸੇ ਵਿਚ ਕਿਹਾ ਹੈ ਕਿ ਭਾਜਪਾ ਇਕੱਲਿਆਂ ਚੋਣ ਲੜੇਗੀ, ਸਮਝੌਤਾ ਨਹੀਂ ਕਰੇਗੀ। ਜਦੋਂਕਿ ਦੂਜੇ ਪਾਸੇ ਅਕਾਲੀ ਦਲ ਦੇ ਨੇਤਾ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਤਾਂ ਇਹ ਆਖ ਦਿੱਤਾ ਹੈ ਕਿ ਭਾਜਪਾ ਤਾਂ ਆਏ ਦਿਨ ਚੰਡੀਗੜ੍ਹ ਤੇ ਹੋਰਨਾਂ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਉਲਝਾ ਰਹੀ ਹੈ ਤੇ ਪੰਜਾਬ ਨਾਲ ਵਿਤਕਰਾ ਕਰ ਰਹੀ ਹੈ। ਸਾਡੇ ਨਾਲ ਸਮਝੌਤਾ ਕਿਵੇਂ ਹੋ ਸਕਦਾ ਹੈ। ਬਾਕੀ ਹੁਣ ਦੇਖਣਾ ਹੋਵੇਗਾ ਕਿ ਭਾਜਪਾ ਕੈਪਟਨ ਦੇ ਬਿਆਨ 'ਤੇ ਅਮਲ ਕਰਦੀ ਹੈ ਜਾਂ ਆਪਣੀ ਲੀਡਰਬਸ਼ਿਪ ਦੀ ਮੰਨਦੀ ਹੈ ਜਾਂ ਆਪਣੀ ਮੰਨਵਾਉਂਦੀ ਹੈ।



## 'ਸੰਚਾਰ ਸਾਥੀ' ਇੱਕ 'ਜਾਸੂਸੀ ਐਪ', ਦੇਸ਼ ਨੂੰ ਤਾਨਾਸ਼ਾਹੀ 'ਚ ਬਦਲਣ ਦੀ ਕੋਸ਼ਿਸ਼: ਪ੍ਰਿਯੰਕਾ ਗਾਂਧੀ

ਨਵੀਂ ਦਿੱਲੀ 3 ਦਸੰਬਰ। ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਨਵੇਂ ਮੋਬਾਈਲ ਹੈਂਡਸੈੱਟਾਂ ਵਿੱਚ ਸੰਚਾਰ ਸਾਥੀ ਐਪ ਦੀ ਪਹਿਲਾਂ ਤੋਂ ਮੌਜੂਦ ਹੋਣ ਸਬੰਧੀ ਦੂਰਸੰਚਾਰ ਵਿਭਾਗ ਦੇ ਨਿਰਦੇਸ਼ ਨੂੰ ਲੈ ਕੇ ਦੋਸ਼ ਲਗਾਇਆ ਕਿ ਇਹ ਇਕ ਜਾਸੂਸੀ ਐਪ ਹੈ। ਇਸ ਨਾਲ ਸਰਕਾਰ ਦੇਸ਼ ਨੂੰ ਤਾਨਾਸ਼ਾਹੀ ਵਿੱਚ ਬਦਲਣ ਦੀ ਕੋਸ਼ਿਸ਼ ਕਰ ਰਹੀ ਹੈ। ਦੂਰਸੰਚਾਰ ਵਿਭਾਗ ਨੇ ਮੋਬਾਈਲ ਹੈਂਡਸੈੱਟ ਨਿਰਮਾਤਾਵਾਂ ਅਤੇ ਆਯਾਤਕਾਂ ਨੂੰ ਇਹ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ ਹਨ ਕਿ ਸਾਰੇ ਨਵੇਂ ਮੋਬਾਈਲ ਡਿਵਾਈਸਾਂ ਵਿੱਚ ਧੋਖਾਧੜੀ ਰਿਪੋਰਟਿੰਗ ਐਪ ਸੰਚਾਰ ਸਾਥੀ ਪਹਿਲਾਂ ਤੋਂ ਸਥਾਪਿਤ ਹੋਣੀ ਚਾਹੀਦੀ ਹੈ। ਪ੍ਰਿਯੰਕਾ ਗਾਂਧੀ ਨੇ ਸੰਸਦ ਕੰਪਲੈਕਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ, ਸੰਚਾਰ ਸਾਥੀ ਇੱਕ ਜਾਸੂਸੀ ਐਪ ਹੈ ਅਤੇ ਸਪੱਸ਼ਟ ਤੌਰ 'ਤੇ ਇਹ ਹਾਸੋਹੀਣਾ ਹੈ। ਨਾਗਰਿਕਾਂ ਨੂੰ ਨਿੱਜਤਾ ਦਾ ਅਧਿਕਾਰ ਹੈ। ਹਰ ਕਿਸੇ ਨੂੰ ਨਿੱਜਤਾ ਦਾ ਇਹ ਅਧਿਕਾਰ ਹੋਣਾ ਚਾਹੀਦਾ ਹੈ ਕਿ ਉਹ ਸਰਕਾਰ ਦੀ ਨਜ਼ਰ ਤੋਂ ਬਿਨਾਂ ਪਰਿਵਾਰ ਅਤੇ ਦੋਸਤਾਂ ਨੂੰ ਸੁਨੇਹੇ ਭੇਜ ਸਕੇ। ਉਨ੍ਹਾਂ ਦਾਅਵਾ ਕੀਤਾ, ਇਹ ਸਿਰਫ਼ ਟੈਲੀਫ਼ੋਨ 'ਤੇ ਜਾਸੂਸੀ ਕਰਨਾ ਨਹੀਂ ਹੈ। ਉਹ (ਸਰਕਾਰ) ਇਸ ਦੇਸ਼ ਨੂੰ ਹਰ ਰੂਪ ਵਿੱਚ ਤਾਨਾਸ਼ਾਹੀ ਵਿੱਚ ਬਦਲ ਰਹੇ ਹਨ। ਸੰਸਦ ਨਹੀਂ ਚੱਲ ਰਹੀ ਹੈ, ਕਿਉਂਕਿ ਸਰਕਾਰ ਕਿਸੇ ਵੀ ਚੀਜ਼ 'ਤੇ ਚਰਚਾ ਕਰਨ ਤੋਂ ਇਨਕਾਰ ਕਰਦੀ ਹੈ। ਵਿਰੋਧੀ ਧਿਰ ਨੂੰ ਦੋਸ਼ੀ ਠਹਿਰਾਉਣਾ ਆਸਾਨ ਹੈ ਪਰ ਉਹ ਕਿਸੇ ਵੀ ਚੀਜ਼ 'ਤੇ ਚਰਚਾ ਨਹੀਂ ਹੋਣ ਦੇ ਰਹੇ ਅਤੇ ਇਹ ਲੋਕਤੰਤਰ ਨਹੀਂ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਇੱਕ ਸਿਹਤਮੰਦ ਲੋਕਤੰਤਰ ਵਿੱਚ ਚਰਚਾ ਹੋਣੀ ਜ਼ਰੂਰੀ ਹੈ ਅਤੇ ਹਰ ਕਿਸੇ ਦੇ ਵੱਖੋ-ਵੱਖਰੇ ਵਿਚਾਰ ਹੁੰਦੇ ਹਨ, ਜਿਨ੍ਹਾਂ ਨੂੰ ਸਰਕਾਰਾਂ ਸੁਣਦੀਆਂ ਹਨ। ਲੋਕ ਸਭਾ ਮੈਂਬਰ ਪ੍ਰਿਯੰਕਾ ਗਾਂਧੀ ਨੇ ਕਿਹਾ, ਧੋਖਾਧੜੀ ਦੀ ਰਿਪੋਰਟ ਕਰਨ ਅਤੇ ਇਹ ਦੇਖਣਾ ਕਿ ਭਾਰਤ ਦਾ ਹਰ ਨਾਗਰਿਕ ਆਪਣੇ ਫ਼ੋਨ 'ਤੇ ਕੀ ਕਰ ਰਿਹਾ ਹੈ... ਇਕ ਬਹੁਤ ਬਾਰੀਕ ਰੇਖਾ ਹੁੰਦਗੀ ਹੈ।

## ਮੁੱਖ ਮੰਤਰੀ ਮਾਨ ਦਾ ਮਾਸਟਰਸਟਰੋਕ: ਨਸ਼ਿਆਂ ਵਿਰੁੱਧ ਜੰਗ ਲਈ ਪੰਜਾਬ 'ਚ ਤਾਇਨਾਤ ਹੋਣਗੇ CE ਯੋਧੇ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਚੰਡੀਗੜ੍ਹ 3 ਦਸੰਬਰ। ਮੁੱਖ ਮੰਤਰੀ ਭਗਵੰਤ ਮਾਨ ਨੇ ਨਸ਼ਿਆਂ ਦੀ ਮਹਾਮਾਰੀ ਨਾਲ ਜੂਝ ਰਹੇ ਪੰਜਾਬ ਲਈ ਇਕ ਗੇਮ-ਚੇਂਜਿੰਗ ਰਣਨੀਤੀ ਦਾ ਐਲਾਨ ਕੀਤਾ ਹੈ। ਸਰਕਾਰ ਹੁਣ ਨਸ਼ਿਆਂ ਵਿਰੁੱਧ ਜੰਗ ਨੂੰ ਪੁਲਸ ਥਾਣਿਆਂ ਅਤੇ ਅਦਾਲਤਾਂ ਤੱਕ ਸੀਮਤ ਨਹੀਂ ਰੱਖੇਗੀ, ਸਗੋਂ ਹਰ ਪਿੰਡ ਅਤੇ ਮੁਹੱਲੇ ਵਿੱਚ ਨਸ਼ਾ ਛੁਡਾਊ ਲਈ ਸਿਖਲਾਈ ਪ੍ਰਾਪਤ ਯੋਧਿਆਂ ਨੂੰ ਤਾਇਨਾਤ ਕਰੇਗੀ। ਦੇਸ਼ ਦੀ ਪਹਿਲੀ 'ਮਾਨਸਿਕ ਸਿਹਤ ਫੈਲੋਸ਼ਿਪ ਵਿੱਚ ਲੀਡਰਸ਼ਿਪ' ਰਾਹੀਂ, ਪੰਜਾਬ 35 ਨੌਜਵਾਨ ਪੇਸ਼ੇਵਰ ਤਿਆਰ ਕਰੇਗਾ ਜੋ ਨਸ਼ੇ ਦੀ ਲਤ ਤੋਂ ਪੀੜਤ ਲੋਕਾਂ ਨੂੰ ਬਚਾਉਣ ਅਤੇ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਕੰਮ ਕਰਨਗੇ। ਟਾਟਾ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਜ਼ ਮੁੰਬਈ ਦੇ ਸਹਿਯੋਗ ਨਾਲ ਵਿਕਸਤ ਕੀਤੀ ਗਈ ਇਹ ਯੋਜਨਾ ਯੁੱਧ ਨਸ਼ਾ ਵਿਰੋਧੀ ਮੁਹਿੰਮ ਵਿਚ ਸਭ ਤੋਂ ਸ਼ਕਤੀਸ਼ਾਲੀ ਹਥਿਆਰ ਸਾਬਤ ਹੋਵੇਗੀ। ਇਹ ਸਿਰਫ਼ ਇੱਕ ਸਿਖਲਾਈ ਪ੍ਰੋਗਰਾਮ ਨਹੀਂ ਹੈ, ਸਗੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਵੱਲ ਇੱਕ ਇਨਕਲਾਬੀ ਕਦਮ ਹੈ। ਨਸ਼ਿਆਂ ਵਿਰੁੱਧ ਲੜਾਈ ਸਿਰਫ਼ ਸਪਲਾਈ ਨੂੰ ਰੋਕ ਕੇ ਨਹੀਂ ਜਿੱਤੀ ਜਾ ਸਕਦੀ, ਸਗੋਂ ਮੰਗ ਨੂੰ ਖਤਮ ਕਰਕੇ ਵੀ ਜਿੱਤੀ ਜਾ ਸਕਦੀ ਹੈ। ਇਸ ਲਈ ਹਰ ਪਿੰਡ ਅਤੇ ਸ਼ਹਿਰ ਵਿੱਚ ਅਜਿਹੇ ਲੋਕਾਂ ਦੀ ਲੋੜ ਹੈ ਜੋ ਨਸ਼ੇ ਦੀ ਲਤ ਤੋਂ ਪੀੜਤ ਨੌਜਵਾਨਾਂ ਦੀ ਪਛਾਣ ਕਰ ਸਕਣ, ਉਨ੍ਹਾਂ ਨੂੰ ਸਲਾਹ ਦੇ ਸਕਣ ਅਤੇ ਮੁੜ ਵਸੇਬੇ ਵੱਲ ਉਨ੍ਹਾਂ ਦਾ ਮਾਰਗਦਰਸ਼ਨ ਕਰ ਸਕਣ। ਯੁੱਧ ਨਾਸ਼ੇ ਵਿਰੋਧੀ ਅਭਿਆਨ ਅਧੀਨ ਸ਼ੁਰੂ ਕੀਤੀ ਗਈ ਇਹ ਦੋ ਸਾਲਾਂ ਦੀ ਫੈਲੋਸ਼ਿਪ ਇਸ ਦਿਸ਼ਾ ਵਿੱਚ ਇੱਕ ਠੋਸ ਕਦਮ ਹੈ। ਡਾ. ਬੀ.ਆਰ. ਅੰਬੇਡਕਰ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼, ਮੋਹਾਲੀ ਦੁਆਰਾ ਚਲਾਏ ਜਾ ਰਹੇ ਇਸ ਪ੍ਰੋਗਰਾਮ ਲਈ ਚੁਣੇ ਗਏ 35 ਫੈਲੋ ਨਸ਼ੇ ਦੀ ਰੋਕਥਾਮ, ਇਲਾਜ ਅਤੇ ਪੁਨਰਵਾਸ ਦੇ ਹਰ ਪਹਿਲੂ ਵਿੱਚ ਵਿਹਾਰਕ ਸਿਖਲਾਈ ਪ੍ਰਾਪਤ ਕਰਨਗੇ। ਉਹ ਸਿਰਫ਼ ਕਿਤਾਬੀ ਗਿਆਨ ਹੀ ਨਹੀਂ ਸਗੋਂ ਵਿਹਾਰਕ ਅਨੁਭਵ ਸਿੱਖਣਗੇ। ਇਸ ਫੈਲੋਸ਼ਿਪ ਦਾ ਵਿਲੱਖਣ ਪਹਿਲੂ ਨਸ਼ੇ ਦੀ ਸਮੱਸਿਆ ਨੂੰ ਇਸਦੀ ਜੜ੍ਹ ਤੋਂ ਨਜਿੱਠਣ ਦਾ ਯਤਨ ਹੈ। ਚੁਣੇ ਗਏ ਫੈਲੋ ਬੱਚਿਆਂ ਨੂੰ ਨਸ਼ਿਆਂ ਦੇ ਖ਼ਤਰਿਆਂ ਬਾਰੇ ਸਿੱਖਿਅਤ ਕਰਨ, ਕਾਲਜਾਂ ਵਿਚ ਨੌਜਵਾਨਾਂ ਵਿੱਚ ਜਾਗਰੂਕਤਾ ਪੈਦਾ ਕਰਨ ਅਤੇ ਆਂਗਣਵਾੜੀ ਕੇਂਦਰਾਂ ਵਿੱਚ ਔਰਤਾਂ ਨੂੰ ਪਰਿਵਾਰਾਂ ਦੇ ਅੰਦਰ ਨਸ਼ੇ ਦੀ ਲਤ ਦੀ ਪਛਾਣ ਕਰਨ ਅਤੇ ਰੋਕਣ ਬਾਰੇ ਸਿੱਖਿਅਤ ਕਰਨ ਲਈ ਸਕੂਲਾਂ ਦਾ ਦੌਰਾ ਕਰਨਗੇ। ਟੀਆਈਐਸਐਸ ਮੁੰਬਈ ਦੀ ਮੁਹਾਰਤ ਅਤੇ ਪੰਜਾਬ ਸਰਕਾਰ ਦੀ ਜ਼ਮੀਨੀ ਪੱਧਰ 'ਤੇ ਪਹੁੰਚ ਦਾ ਇਹ ਸੁਮੇਲ ਨਸ਼ਾ ਛੁਡਾਊ ਦੇ ਖੇਤਰ ਵਿੱਚ ਇੱਕ ਨਵਾਂ ਪ੍ਰਯੋਗ ਹੈ। ਡੀਆਈਟੀਐਸਯੂ (ਡਿਸਟ੍ਰਿਕਟ ਟਾਸਕ ਫੋਰਸ ਆਨ ਸਬਸਟੈਂਸ ਯੂਜ਼) ਵਰਗੀਆਂ ਵਿਸ਼ੇਸ਼ ਇਕਾਈਆਂ ਨਾਲ ਕੰਮ ਕਰਦੇ ਹੋਏ, ਇਹ ਫੈਲੋ ਹਰੇਕ ਜ਼ਿਲ੍ਹੇ ਵਿੱਚ ਨਸ਼ੇ ਦੀ ਸਮੱਸਿਆ ਦਾ ਨਕਸ਼ਾ ਬਣਾਉਣਗੇ ਅਤੇ ਉਸ ਅਨੁਸਾਰ ਹੱਲ ਲੱਭਣਗੇ। ਇਹ ਇੱਕ ਰਣਨੀਤੀ ਹੈ ਜੋ ਸਮੱਸਿਆ ਨੂੰ ਲੁਕਾਉਣ ਦੀ ਬਜਾਏ, ਸਿੱਧੇ ਤੌਰ 'ਤੇ ਸਾਹਮਣਾ ਕਰਦੀ ਹੈ। ਪੰਜਾਬ ਸਰਕਾਰ ਨੇ ਇਸ ਫੈਲੋਸ਼ਿਪ ਲਈ ਬਹੁਤ ਸਪੱਸ਼ਟ ਯੋਗਤਾ ਮਾਪਦੰਡ ਨਿਰਧਾਰਤ ਕੀਤੇ ਹਨ। ਮਨੋਵਿਗਿਆਨ ਜਾਂ ਸਮਾਜਿਕ ਕਾਰਜ ਵਿੱਚ ਮਾਸਟਰ ਡਿਗਰੀ, ਨਸ਼ਾ ਛੁਡਾਊ ਜਾਂ ਮਾਨਸਿਕ ਸਿਹਤ ਦੇ ਖੇਤਰ ਵਿੱਚ ਦੋ ਸਾਲਾਂ ਦੇ ਤਜਰਬੇ ਦੇ ਨਾਲ, ਜ਼ਰੂਰੀ ਹੈ। 32 ਸਾਲ ਤੱਕ ਦੀ ਉਮਰ ਸੀਮਾ ਇਹ ਯਕੀਨੀ ਬਣਾਉਂਦੀ ਹੈ ਕਿ ਊਰਜਾਵਾਨ ਅਤੇ ਸਮਰਪਿਤ ਨੌਜਵਾਨ ਇਸ ਮਿਸ਼ਨ ਦਾ ਹਿੱਸਾ ਬਣ ਸਕਦੇ ਹਨ। ਪਰ ਸਭ ਤੋਂ ਮਹੱਤਵਪੂਰਨ ਲੋੜ ਸਮਾਜ ਸੇਵਾ ਪ੍ਰਤੀ ਡੂੰਘੀ ਵਚਨਬੱਧਤਾ ਹੈ। ਸਰਕਾਰ ਅਜਿਹੇ ਲੋਕ ਚਾਹੁੰਦੀ ਹੈ ਜੋ ਨਸ਼ੇ ਦੀ ਲਤ ਵਿਰੁੱਧ ਲੜਾਈ ਨੂੰ ਆਪਣਾ ਨਿੱਜੀ ਮਿਸ਼ਨ ਬਣਾ ਸਕਣ।



# ਪੰਜਾਬ ਸ਼ਰਮਸਾਰ ! ਫਿਰ ਤੋਂ ਜਲੰਧਰ ਵਿਖੇ ਰੂਹ ਕੰਬਾਊ ਘਟਨਾ, 4 ਵਿਅਕਤੀਆਂ ਵੱਲੋਂ ਮਾਂ-ਧੀ ਨਾਲ ਗੈਂਗਰੇਪ

**ਕੌਮੀ ਪਤ੍ਰਿਕਾ**

ਲੋਹੀਆਂ 3 ਦਸੰਬਰ। ਜਲੰਧਰ ਵਿਚ ਬੀਤੇ ਦਿਨੀਂ 13 ਸਾਲਾ ਕੁੜੀ ਦਾ ਜਬਰ-ਜ਼ਿਨਾਹ ਕਰਨ ਮਗਰੋਂ ਗਲਾ ਘੁੱਟ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਘਟਨਾ ਨੇ ਪੂਰੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ ਹੈ। ਅਜੇ ਇਹ ਮਾਮਲਾ ਠੰਡਾ ਨਹੀਂ ਹੋਇਆ ਕਿ ਅਜਿਹੀ ਹੀ ਰੂਹ ਕੰਬਾਊ ਘਟਨਾ ਜਲੰਧਰ ਜ਼ਿਲ੍ਹੇ ਵਿਚ ਫਿਰ ਵਾਪਰ ਗਈ। ਲੋਹੀਆਂ ਵਿਖੇ ਇਕ ਪਿੰਡ ਦੇ ਖੇਤਾਂ 'ਤੇ ਲੱਗੀ ਮੋਟਰ 'ਤੇ ਰਹਿੰਦੀ ਮਾਂ ਅਤੇ ਧੀ ਨਾਲ ਗੈਂਗਰੇਪ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਗੈਂਗਰੇਪ ਬੀਤੇ ਐਤਵਾਰ ਦੀ ਰਾਤ ਨੂੰ ਹੋਇਆ ਅਤੇ ਸਾਰੇ ਦੋਸ਼ੀ ਘਟਨਾ ਨੂੰ ਅੰਜਾਮ ਦੇ ਕੇ ਭੱਜਣ 'ਚ ਸਫ਼ਲ ਰਹੇ ਜਦਕਿ ਸੂਤਰਾਂ ਅਨੁਸਾਰ 4 ਵਿਅਕਤੀਆਂ ਵੱਲੋਂ ਇਹ ਘਿਨੌਣਾ ਕਾਰਾ ਕੀਤਾ ਗਿਆ ਜਦਕਿ ਭਾਰੀ ਪੁਲਸ ਪੁਲਸ ਡੀ. ਐੱਸ. ਪੀ. ਓਂਕਾਰ ਬਰਾੜ ਦੀ ਅਗਵਾਈ 'ਚ ਉਸ ਦਿਨ ਤੋਂ ਹੀ ਡੇਰਾ ਲਗਾ ਕੇ ਬੈਠਾ ਹੈ ਤਾਂ ਕਿ ਦੋਸ਼ੀਆਂ ਨੂੰ ਕਾਬੂ ਕੀਤਾ ਜਾ ਸਕੇ। ਭਾਵੇਂ ਕਿ ਅੱਜ ਡੀ. ਐੱਸ. ਪੀ. ਬਰਾੜ ਅਤੇ ਥਾਣਾ ਮੁਖੀ ਲੋਹੀਆਂ ਨੇ ਇਸ ਗੱਲ ਨੂੰ ਮੰਨਿਆ ਕਿ ਪਿੰਡ ਕੰਗ ਕਲਾਂ ਵਿਖੇ ਗੈਂਗਰੇਪ ਹੋਇਆ ਹੈ ਅਤੇ ਇਸ ਸਬੰਧੀ ਐੱਫ. ਆਈ. ਆਰ. ਵੀ ਦਰਜ ਕਰ ਲਈ ਗਈ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਬੀਤੇ ਐਤਵਾਰ ਦੀ ਅੱਧੀ ਰਾਤ ਨੂੰ 4 ਵਿਅਕਤੀ ਇਕ ਚਾਰ ਪਹੀਆ ਵਾਹਨ 'ਤੇ ਮੋਟਰ 'ਤੇ ਪੁੱਜੇ ਅਤੇ ਉਨ੍ਹਾਂ ਨੇ ਮਾਂ-ਧੀ ਨੂੰ ਇਕ ਕਮਰੇ 'ਚ ਬੰਦ ਕਰ ਦਿੱਤਾ ਜਦਕਿ ਧੀ ਦੇ ਪਤੀ ਅਤੇ ਮਾਂ ਦੇ 2 ਪੁੱਤਰਾਂ ਨੂੰ ਦੂਜੇ ਕਮਰੇ 'ਚ ਬੰਦ ਕਰ ਦਿੱਤਾ ਗਿਆ, ਜਿਸ ਤੋਂ ਬਾਅਦ ਉਕਤ ਚਾਰਾਂ ਨੇ ਮਾਂ-ਧੀ ਨਾਲ ਗੈਂਗਰੇਪ ਕੀਤਾ ਅਤੇ ਉਥੋਂ ਨਿਕਲਣ 'ਚ ਕਾਮਯਾਬ ਰਹੇ। ਭਾਰੀ ਡਰ ਨਾਲ ਇਨ੍ਹਾਂ ਸਾਰੇ ਪ੍ਰਵਾਸੀ ਮਜ਼ਦੂਰਾਂ ਨੇ ਕਿਸੇ ਤਰ੍ਹਾਂ ਰਾਤ ਕੱਟੀ ਅਤੇ ਸਵੇਰੇ ਤੜਕਸਾਰ ਜ਼ਮੀਨ ਦੇ ਮਾਲਕ ਅਤੇ ਸਾਬਕਾ ਸਰਪੰਚ ਗੱਟੀ ਰਾਏਪੁਰ ਨੂੰ ਉਨ੍ਹਾਂ ਨਾਲ ਹੋਈ ਗੈਂਗਰੇਪ ਦੀ ਘਟਨਾ ਬਾਰੇ ਜਾਣਕਾਰੀ ਦਿੱਤੀ, ਜਿਸ ਦੇ ਬਾਅਦ ਸੁਖਵਿੰਦਰ ਸਿੰਘ ਨੇ ਲੋਹੀਆਂ ਪੁਲਸ ਨੂੰ ਇਸ ਮਾਮਲੇ ਦੀ ਜਾਣਕਾਰੀ ਦਿੱਤੀ। ਜਿਸ ਦੇ ਬਾਅਦ ਭਾਰੀ ਪੁਲਸ ਫੋਰਸ ਨਾਲ ਮੌਕੇ 'ਤੇ ਪੁੱਜੀ ਅਤੇ ਘਟਨਾ ਵਾਲੇ ਸਥਾਨ ਨੂੰ ਘੇਰੇ 'ਚ ਲੈ ਲਿਆ, ਜਿਸ ਨਾਲ ਉੱਥੇ ਕਰਫਿਊ ਵਰਗੇ ਹਾਲਾਤ ਬਣ ਗਏ ਅਤੇ ਪੁਲਸ ਵੱਲੋਂ ਕਿਸੇ ਨੂੰ ਵੀ ਪੀੜਤ ਪਰਿਵਾਰ ਨਾਲ ਮਿਲਣ ਤੱਕ ਨਹੀਂ ਦਿੱਤਾ ਗਿਆ ਜਦਕਿ ਪੂਰਾ ਪਰਿਵਾਰ ਹੀ ਪੁਲਸ ਦੇ ਪਹਿਰੇ ਹੇਠ ਰਹਿ ਰਿਹਾ ਹੈ, ਜਿਸ ਤੋਂ ਲੱਗਦਾ ਸੀ ਕਿ ਪੁਲਸ ਵੱਲੋਂ ਇਸ ਘਟਨਾ ਨੂੰ ਛੁਪਾਉਣ ਦੇ ਪੂਰੇ ਯਤਨ ਕੀਤੇ ਗਏ ਜਦਕਿ ਡੀ. ਐੱਸ. ਪੀ. ਓਂਕਾਰ ਸਿੰਘ ਬਰਾੜ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਅਤੇ ਪੂਰੀ ਫੋਰਸ ਵੱਲੋਂ ਕੋਸ਼ਿਸ਼ ਕੀਤੀ ਜਾ ਰਹੀ ਸੀ ਕਿ ਇਹ ਜਾਣਕਾਰੀ ਨਾ ਦਿੱਤੀ ਜਾਵੇ ਕਿਉਂਕਿ ਜੇ ਮੁਲਜ਼ਮਾਂ ਨੂੰ ਕੀਤੀ ਜਾ ਰਹੀ ਜਾਂਚ ਦਾ ਪਤਾ ਲੱਗ ਗਿਆ ਤਾਂ ਉਹ ਭੱਜ ਜਾਣਗੇ। ਉਨ੍ਹਾਂ ਦਾਅਵਾ ਕੀਤਾ ਕਿ ਸਿਰਫ਼ ਜਲੰਧਰ ਪੁਲਸ ਹੀ ਨਹੀਂ ਪੂਰੀ ਪੰਜਾਬ ਦੀ ਪੁਲਸ ਇਨ੍ਹਾਂ ਮੁਲਜ਼ਮਾਂ ਨੂੰ ਲੱਭਣ 'ਚ ਲੱਗੀ ਹੋਈ ਹੈ। ਸਾਰੇ ਮੁਲਜ਼ਮ ਪੁਲਸ ਦੀ ਪਹੁੰਚ ਤੋਂ ਬਹੁਤ ਦੂਰ ਲੱਗ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਐੱਸ. ਐੱਸ. ਪੀ. ਜਲੰਧਰ ਦਿਹਾਤੀ ਹਰਵਿੰਦਰ ਸਿੰਘ ਵਿਰਕ ਵੀ ਘਟਨਾ ਵਾਲੇ ਸਥਾਨ ਦਾ ਦੌਰਾ ਕਰ ਚੁੱਕੇ ਹਨ ਪਰ ਕੁਝ ਵੀ ਪਤਾ ਨਹੀਂ ਲਗ ਸਕਿਆ ਜਦਕਿ ਇਸ ਗੈਂਗਰੇਪ ਦੀ ਘਟਨਾ ਬਾਰੇ ਪੁਲਸ ਵੱਲੋਂ ਆਮ ਲੋਕਾਂ ਨੂੰ ਜਾਣਕਾਰੀ ਨਾ ਦੇਣਾ ਸਮਝ ਤੋਂ ਪਰੇ ਹੈ। ਜ਼ਿਕਰਯੋਗ ਹੈ ਕਿ ਕੰਗ ਕਲਾਂ 'ਚ ਪੀੜਤਾਂ 'ਚ ਇਕ ਵਿਧਵਾ ਮਾਂ (35), ਉਸ ਦੇ 2 ਬੇਟੇ ਉਮਰ 11 ਤੇ 12 ਸਾਲ ਜਦਕਿ ਉਸ ਦੀ 1 ਬੇਟੀ ਉਮਰ ਤਕਰੀਬਨ 18-20 ਸਾਲ ਦੱਸੀ ਜਾ ਰਹੀ ਹੈ ਅਤੇ ਉਸ ਦਾ ਇਕ 6 ਮਹੀਨੇ ਦਾ ਬੱਚਾ ਅਤੇ ਉਸ ਦਾ ਪਤੀ ਉੱਥੇ 2 ਕਮਰਿਆਂ 'ਚ ਰਹਿ ਰਹੇ ਸਨ। ਚਾਰ ਵਿਅਕਤੀਆਂ ਨੇ ਐਤਵਾਰ ਰਾਤ ਨੂੰ ਮੋਟਰ 'ਤੇ ਪੁੱਜ ਕੇ ਹਥਿਆਰਾਂ ਦੀ ਨੋਕ 'ਤੇ ਦੋਵੇਂ ਮਾਂ ਤੇ ਧੀ ਨੂੰ ਇਕ ਕਮਰੇ 'ਚ ਅਤੇ 3 ਲੜਕਿਆਂ ਨੂੰ ਦੂਜੇ ਕਮਰੇ 'ਚ ਬੰਦ ਕਰ ਕੇ ਉਨ੍ਹਾਂ ਮਾਂ-ਧੀ ਨਾਲ ਵਾਰੀ-ਵਾਰੀ ਜਬਰ-ਜ਼ਿਨਾਹ ਕੀਤਾ। ਇਥੇ ਇਹ ਵੀ ਦੱਸਣਯੋਗ ਹੈ ਕਿ ਬੀਤੇ ਦਿਨੀਂ ਜਲੰਧਰ ਵਿਚ ਜਬਰ-ਜ਼ਿਨਾਹ ਮਗਰੋਂ ਕਤਲ ਕੀਤੀ 13 ਸਾਲਾ ਕੁੜੀ ਨਾਲ ਵਾਪਰੀ ਘਟਨਾ ਤੋਂ ਬਾਅਦ ਇਕ ਸੈਲੂਨ ਵਿਚ ਵੀ ਵਿਆਹੁਤਾ ਔਰਤ ਨਾਲ ਜਬਰ-ਜ਼ਿਨਾਹ ਹੋਣ ਦਾ ਮਾਮਲਾ ਸਾਹਮਣੇ ਆਇਆ ਸੀ। ਪੰਜਾਬ ਵਿਚ ਲਗਾਤਾਰ ਵਾਪਰ ਰਹੀਆਂ ਅਜਿਹੀਆਂ ਘਟਨਾਵਾਂ ਨੇ ਪੂਰੇ ਪੰਜਾਬ ਨੂੰ ਝੰਜੋੜ ਕੇ ਰੱਖ ਦਿੱਤਾ ਹੈ ਅਤੇ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਹਰ ਕਿਸੇ ਦੇ ਮਨ ਵਿਚ ਡਰ ਪਾਇਆ ਜਾ ਰਿਹਾ ਹੈ।

## ਸਵਰਨ ਸ਼ਤਾਬਦੀ 40 ਮਿੰਟ ਲੇਟ, ਜਨਨਾਇਕ ਤੇ ਹੀਰਾਕੁੰਡ ਨੇ ਕਰਵਾਈ 2-2 ਘੰਟੇ ਉਡੀਕ

ਜਲੰਧਰ 3 ਦਸੰਬਰ। ਬੱਸਾਂ ਦੀ ਹੜਤਾਲ ਵਿਚਕਾਰ ਟ?ਰੇਨਾਂ ਦੀ ਦੇਰੀ ਦਾ ਸਿਲਸਿਲਾ ਵੀ ਜਾਰੀ ਹੈ। ਇਸੇ ਸਿਲਸਿਲੇ ਵਿਚ ਐਤਵਾਰ ਕੈਂਟ ਅਤੇ ਸਿਟੀ ਸਟੇਸ਼ਨਾਂ ਦੀਆਂ ਵੱਖ-ਵੱਖ ਟ?ਰੇਨਾਂ ਦੇਰੀ ਦਾ ਸ਼ਿਕਾਰ ਹੋਈਆਂ। ਇਨ੍ਹਾਂ ਵਿਚ ਨਵੀਂ ਦਿੱਲੀ ਤੋਂ ਆਉਣ ਵਾਲੀ ਸਵਰਨ ਸ਼ਤਾਬਦੀ 12029 ਜਲੰਧਰ ਦੇ ਤੈਅ ਸਮੇਂ 12.06 ਤੋਂ 40 ਮਿੰਟ ਲੇਟ ਰਹਿੰਦੇ ਹੋਏ ਪੌਣੇ 1 ਵਜੇ ਸਿਟੀ ਸਟੇਸ਼ਨ 'ਤੇ ਪਹੁੰਚੀ। ਵੈਸ਼ਨੋ ਦੇਵੀ ਜਾਣ ਵਾਲੀ 12919 ਮਾਲਵਾ ਐਕਸਪ੍ਰੈੱਸ ਜਲੰਧਰ ਦੇ ਤੈਅ ਸਮੇਂ ਸਵੇਰੇ 10.30 ਤੋਂ ਸਵਾ ਘੰਟਾ ਲੇਟ ਰਹਿੰਦੇ ਹੋਏ ਪੌਣੇ 12 ਵਜੇ ਕੈਂਟ ਪਹੁੰਚੀ। ਹੀਰਾਕੁੰਡ ਐਕਸਪ੍ਰੈੱਸ 20807 ਅਤੇ 15211 ਜਨਨਾਇਕ ਐਕਸਪ੍ਰੈੱਸ ਅੰਮ੍ਰਿਤਸਰ ਜਾਂਦੇ ਸਮੇਂ 2-2 ਘੰਟੇ ਦੀ ਦੇਰੀ ਨਾਲ ਸਪਾਟ ਹੋਈ। ਸ਼ਹੀਦ ਐਕਸਪ੍ਰੈੱਸ 14673 ਲੱਗਭਗ 1 ਘੰਟਾ ਲੇਟ ਰਹਿੰਦੇ ਹੋਏ ਸ਼ਾਮ 4.10 ਵਜੇ ਕੈਂਟ ਪਹੁੰਚੀ। ਅੰਮ੍ਰਿਤਸਰ ਜਨਸੇਵਾ ਆਪਣੇ ਤੈਅ ਸਮੇਂ 3.05 ਤੋਂ ਡੇਢ ਘੰਟਾ ਲੇਟ ਰਹਿੰਦੇ ਹੋਏ 4.30 ਵਜੇ ਤੋਂ ਬਾਅਦ ਸਿਟੀ ਸਟੇਸ਼ਨ 'ਤੇ ਪਹੁੰਚੀ। ਆਗਰਾ ਤੋਂ ਹੁਸ਼ਿਆਰਪੁਰ ਜਾਣ ਵਾਲੀ 11905 ਲਗਭਗ ਅੱਧਾ ਘੰਟਾ ਦੇਰੀ ਨਾਲ ਜਲੰਧਰ ਪਹੁੰਚੀ।

# ਲਾੜੀ ਨੇ ਬਦਲਿਆ ਰਿਵਾਜ਼, ਨੱਚਦੀ ਹੋਈ ਬਰਾਤ ਲੈ ਕੇ ਪੁੱਜੀ ਲਾੜੇ ਦੇ ਘਰ

**ਕੌਮੀ ਪਤ੍ਰਿਕਾ**

ਪ੍ਰਯਾਗਰਾਜ 3 ਦਸੰਬਰ। ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਜ਼ਿਲ੍ਹੇ ਦੇ ਕੀਡਗੰਜ ਇਲਾਕੇ ਵਿੱਚ ਇੱਕ ਅਨੋਖਾ ਅਤੇ ਦਿਲ ਨੂੰ ਛੂਹ ਲੈਣ ਵਾਲਾ ਵਿਆਹ ਦੇਖਣ ਨੂੰ ਮਿਲਿਆ ਹੈ, ਜਿਸ ਦੀ ਪੂਰੇ



ਸ਼ਹਿਰ ਵਿਚ ਚਰਚਾ ਹੋ ਰਹੀ ਹੈ। ਆਮ ਤੌਰ 'ਤੇ ਲਾੜਾ ਆਪਣੇ ਵਿਆਹ ਦੀ ਬਾਰਾਤ ਲੈ ਕੇ ਖ਼ੁਸ਼ੀ-ਖ਼ੁਸ਼ੀ ਲਾੜੀ ਦੇ ਘਰ ਪਹੁੰਚਦਾ ਹੈ ਪਰ ਇਸ ਵਾਰ ਦ੍ਰਿਸ਼ ਬਿਲਕੁਲ ਵੱਖਰਾ ਸੀ। ਇਸ ਵਿਆਹ ਵਿੱਚ ਲਾੜੀ ਤਨੂ ਆਪਣੇ ਪੂਰੇ ਪਰਿਵਾਰ ਨਾਲ ਮਿਲ ਕੇ ਵਿਆਹ ਦੀ ਬਾਰਾਤ ਲੈ ਕੇ ਨੱਚਦੀ ਹੋਈ ਲਾੜੇ ਦੇ ਘਰ ਪਹੁੰਚੀ, ਜਿਸ ਨੂੰ ਦੇਖ ਹਰ ਕੋਈ ਹੈਰਾਨ ਰਹਿ ਗਿਆ। ਦੱਸ ਦੇਈਏ ਕਿ ਕਿਡਗੰਜ ਦੇ ਰਹਿਣ ਵਾਲੇ ਰਾਜੇਸ਼ ਜੈਸਵਾਲ ਦੀਆਂ ਪੰਜ ਧੀਆਂ ਹਨ ਅਤੇ ਕੋਈ ਪੁੱਤਰ ਨਹੀਂ ਹੈ। ਉਸਨੇ ਹਮੇਸ਼ਾ ਆਪਣੀਆਂ ਧੀਆਂ ਨੂੰ ਪੁੱਤਰਾਂ ਵਾਂਗ ਪਾਲਿਆ ਅਤੇ ਇਸੇ ਲਈ ਉਹ ਚਾਹੁੰਦਾ ਸੀ ਕਿ ਉਸਦੀ ਧੀ ਦਾ ਵਿਆਹ ਪੁੱਤਰਾਂ ਵਾਂਗ ਸ਼ਾਨਦਾਰ ਹੋਵੇ। ਇਸ ਸੁਫ਼ਨੇ ਨੂੰ ਪੂਰਾ ਕਰਨ ਲਈ ਉਸਨੇ ਇੱਕ ਵਿਆਹ ਦਾ ਕਾਰਡ ਵੀ ਛਾਪਿਆ, ਜਿਸ ਵਿੱਚ ਸਾਫ਼-ਸਾਫ਼ ਲਿਖਿਆ ਸੀ, ਸਾਡੀ ਧੀ ਦੇ ਵਿਆਹ ਦੀ ਬਾਰਾਤ ਨਿਕਲੇਗੀ।÷ ਵਿਆਹ ਵਾਲੇ ਦਿਨ ਬਾਰਾਤ ਲੈ ਕੇ ਜਾਣ ਲਈ ਲਾੜੀ ਦੇ ਪਰਿਵਾਰ ਨੇ ਬੈਂਡ-ਵਾਜੇ ਅਤੇ ਸੰਗੀਤ ਦਾ ਪੂਰਾ ਇੰਤਜ਼ਾਮ ਕੀਤਾ ਹੋਇਆ ਸੀ। ਵਿਆਹ ਦੀ ਨਿਕਲ ਰਹੀ ਬਾਰਾਤ ਵਿਚ ਡੀਜੇ 'ਤੇ ਉੱਚੀ ਸੰਗੀਤ ਲੱਗਾ ਹੋਇਆ ਸੀ, ਜਿਸ 'ਤੇ ਨੱਚਦੀ ਹੋਈ ਲਾੜੀ ਅਤੇ ਉਸ ਦਾ ਪਰਿਵਾਰ ਅੱਗੇ ਵੱਧ ਰਿਹਾ ਸੀ। ਇਸ ਦੌਰਾਨ ਲਾੜੀ ਫੁੱਲਾਂ ਨਾਲ ਸਜਾਈ ਗਈ ਸੁੰਦਰ ਬੱਘੀ ਵਿਚ ਬੈਠੀ ਹੋਈ ਸੀ। ਲਾੜੀ ਤਨੂ ਇਸ ਦੌਰਾਨ ਬੱਘੀ 'ਤੇ ਬੈਠ 2 ਕਿਲੋਮੀਟਰ ਤੱਕ ਨੱਚਦੀ ਹੋਈ ਲਾੜੇ ਦੇ ਘਰ ਪਹੁੰਚੀ। ਲੋਕ ਸੜਕ ਦੇ ਕਿਨਾਰੇ ਖੜ੍ਹੇ ਹੋ ਕੇ ਇਸ ਅਨੋਖੀ ਬਾਰਾਤ ਨੂੰ ਹੈਰਾਨ ਹੋ ਕੇ ਦੇਖ ਰਹੇ ਸਨ। ਕੁਝ ਲੋਕਾਂ ਨੇ ਆਪਣੀਆਂ ਬਾਲਕੋਨੀਆਂ ਤੋਂ ਇਸ ਦੀਆਂ ਵੀਡੀਓਜ਼ ਵੀ ਬਣਾਈਆਂ, ਜਦੋਂ ਕਿ ਕੁਝ ਨੇ ਸੜਕ 'ਤੇ ਉੱਚੀ-ਉੱਚੀ ਤਾੜੀਆਂ ਵਜਾਈਆਂ। ਸੋਸ਼ਲ ਮੀਡੀਆ 'ਤੇ ਇਸ ਬਾਰਾਤ ਦਾ ਵੀਡੀਓ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਵੀਡੀਓ ਵਿੱਚ ਸਾਫ਼ ਦਿਖਾਈ ਦੇ ਰਿਹਾ ਹੈ ਕਿ ਲਾੜੀ ਤਨੂ ਬਾਰਾਤ ਵਿਚ ਖੁਸ਼ੀ ਨਾਲ ਨੱਚ ਰਹੀ ਹੈ। ਲੋਕਾਂ ਨੇ ਇਸ ਪਹਿਲਕਦਮੀ ਦੀ ਬਹੁਤ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਇਹ ਸਮਾਜ ਨੂੰ ਇੱਕ ਸਕਾਰਾਤਮਕ ਸੰਦੇਸ਼ ਦਿੰਦਾ ਹੈ ਕਿ ਧੀਆਂ ਕਿਸੇ ਵੀ ਤਰ੍ਹਾਂ ਪੁੱਤਰਾਂ ਤੋਂ ਘੱਟ ਨਹੀਂ ਹਨ। ਇਹ ਵਿਆਹ ਨਾ ਸਿਰਫ਼ ਵਿਲੱਖਣ ਸੀ ਸਗੋਂ ਸਮਾਜ ਵਿੱਚ ਧੀਆਂ ਵਿਚਕਾਰ ਸਮਾਨਤਾ ਦੀ ਇੱਕ ਸੁੰਦਰ ਉਦਾਹਰਣ ਵੀ ਬਣ ਗਿਆ।

## ਹੁਣ ਸਮੂਹਿਕ ਵਿਆਹ 'ਚ ਫੇਰਿਆਂ ਤੋਂ ਪਹਿਲਾਂ ਲੱਗੇਗੀ ਲਾੜਾ-ਲਾੜੀ ਦੀ ਬਾਇਓਮੀਟ੍ਰਿਕ ਹਾਜ਼ਰੀ

ਅਮਰੋਹਾ 3 ਦਸੰਬਰ। ਉੱਤਰ ਪ੍ਰਦੇਸ਼ ਸਰਕਾਰ ਦੀ ਮੁੱਖ ਮੰਤਰੀ ਸਮੂਹਿਕ ਵਿਆਹ ਯੋਜਨਾ ਦੀ ਪਾਰਦਰਸ਼ਤਾ ਨੂੰ ਵਧਾਉਣ ਲਈ ਅਮਰੋਹਾ ਜ਼ਿਲ੍ਹੇ ਵਿੱਚ ਵੱਡਾ ਕਦਮ ਚੁੱਕਿਆ ਗਿਆ ਹੈ। ਹਾਲ ਹੀ ਵਿੱਚ ਸਾਹਮਣੇ ਆਈਆਂ ਫਰਜ਼ੀਵਾੜੇ ਦੀਆਂ ਸ਼ਿਕਾਇਤਾਂ ਤੋਂ ਬਾਅਦ, ਸਮਾਜ ਕਲਿਆਣ ਵਿਭਾਗ ਨੇ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ ਜਿਸ ਤਹਿਤ ਹੁਣ ਬਾਇਓਮੀਟ੍ਰਿਕ ਹਾਜ਼ਰੀ ਅਤੇ 4$ ਦੀ ਮੌਜੂਦਗੀ ਜ਼ਰੂਰੀ ਕਰਾਰ ਦੇ ਦਿੱਤੀ ਗਈ ਹੈ। ਬਾਇਓਮੀਟ੍ਰਿਕ ਵੈਰੀਫਿਕੇਸ਼ਨ: ਵਿਆਹ ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ, ਲਾੜਾ ਅਤੇ ਲਾੜੀ (ਵਰ-ਵਧੂ) ਦੋਵਾਂ ਦੀ ਬਾਇਓਮੀਟ੍ਰਿਕ ਹਾਜ਼ਰੀ ਲਾਜ਼ਮੀ ਹੋਵੇਗੀ। ਇਸ ਤਕਨੀਕ ਰਾਹੀਂ ਹਰ ਜੋੜੇ ਦੀ ਪਛਾਣ ਦੀ ਪੁਸ਼ਟੀ ਕੀਤੀ ਜਾਵੇਗੀ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਅਨਿਯਮਤਤਾ ਜਾਂ ਧੋਖਾਧੜੀ ਦੀ ਸੰਭਾਵਨਾ ਖਤਮ ਕੀਤੀ ਜਾ ਸਕੇ। ਜ਼ਿਲ੍ਹਾ ਮੈਜਿਸਟ?ਰੇਟ ਦੀ ਹਾਜ਼ਰੀ: ਨਵੇਂ ਨਿਯਮਾਂ ਅਨੁਸਾਰ, ਹੁਣ ਹਰੇਕ ਸਮੂਹਿਕ ਵਿਆਹ ਪ੍ਰੋਗਰਾਮ ਵਿੱਚ ਜ਼ਿਲ੍ਹਾ ਮੈਜਿਸਟ?ਰੇਟ ਦੀ ਮੌਜੂਦਗੀ ਵੀ ਜ਼ਰੂਰੀ ਹੋਵੇਗੀ। ਇਸ ਦਾ ਉਦੇਸ਼ ਯੋਜਨਾ ਵਿੱਚ ਪਾਰਦਰਸ਼ਤਾ ਲਿਆਉਣਾ ਹੈ। ਸਮਾਜ ਕਲਿਆਣ



ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਯੋਜਨਾ ਦਾ ਲਾਭ ਸਿਰਫ਼ ਪਾਤਰ ਲੋਕਾਂ ਤੱਕ ਪਹੁੰਚੇ, ਇਸ ਲਈ ਤਕਨੀਕ ਦੀ ਵਰਤੋਂ ਕੀਤੀ ਜਾ ਰਹੀ ਹੈ। ਮਾਪਦੰਡ: ਵਿਆਹ ਵਾਲੀ ਥਾਂ 'ਤੇ ਦਿੱਤੀ ਜਾਣ ਵਾਲੀ ਉਪਹਾਰ ਸਮੱਗਰੀ, ਜਲਪਾਨ, ਅਤੇ ਭੋਜਨ ਦੇ ਮਾਪਦੰਡ ਤੈਅ ਕੀਤੇ ਜਾਣਗੇ ਅਤੇ ਉਨ੍ਹਾਂ ਦੀ ਸਖਤੀ ਨਾਲ ਪਾਲਣਾ ਕਰਵਾਈ ਜਾਵੇਗੀ। ਸਖ਼ਤ ਕਾਰਵਾਈ: ਜੇ ਕਿਸੇ ਵੀ ਪੱਧਰ 'ਤੇ ਫਰਜ਼ੀਵਾੜਾ ਜਾਂ ਅਨਿਯਮਤਤਾ ਫੜੀ ਜਾਂਦੀ ਹੈ, ਤਾਂ ਸਬੰਧਤ ਵਿਅਕਤੀ ਖਿਲਾਫ ਰਿਪੋਰਟ ਦਰਜ ਕਰਵਾਉਣ ਦੀ ਕਾਰਵਾਈ ਕੀਤੀ ਜਾਵੇਗੀ। ਅਮਰੋਹਾ ਜ਼ਿਲ੍ਹੇ ਵਿੱਚ ਇਸ ਸਾਲ ਸਮੂਹਿਕ ਵਿਆਹ ਯੋਜਨਾ ਦਾ ਲਾਭ ਲੈਣ ਲਈ 850 ਤੋਂ ਵੱਧ ਲੜਕੀਆਂ ਨੇ ਅਰਜ਼ੀ ਦਿੱਤੀ ਹੈ। ਸਮਾਜ ਕਲਿਆਣ ਵਿਭਾਗ ਹਰ ਅਰਜ਼ੀ ਦੀ ਡੂੰਘਾਈ ਨਾਲ ਜਾਂਚ ਕਰ ਰਿਹਾ ਹੈ। ਸੁਧਰੀ ਪ੍ਰਕਿਰਿਆ: ਪਹਿਲਾਂ ਪੰਚਾਇਤ ਅਤੇ ਨਗਰ ਪਾਲਿਕਾ ਪੱਧਰ 'ਤੇ ਜਾਂਚ ਹੋਵੇਗੀ, ਜਿਸ ਤੋਂ ਬਾਅਦ ਜ਼ਿਲ੍ਹਾ ਪੱਧਰ ਦੇ ਅਧਿਕਾਰੀ ਵੀ ਤਸਦੀਕ ਪ੍ਰਕਿਰਿਆ ਵਿੱਚ ਸ਼ਾਮਲ ਹੋਣਗੇ। ਲਾਭ ਵਧਾਇਆ: ਸਰਕਾਰ ਵੱਲੋਂ ਗਰੀਬ ਪਰਿਵਾਰਾਂ ਦੀਆਂ ਧੀਆਂ ਦੇ ਵਿਆਹ ਦਾ ਸਾਰਾ ਖਰਚ ਚੁੱਕਿਆ ਜਾਂਦਾ ਹੈ। ਇਸ ਵਾਰ ਵਿਆਹ ਸਮਾਗਮ 'ਤੇ ਖਰਚ ਕੀਤੀ ਜਾਣ ਵਾਲੀ ਰਾਸ਼ੀ ਵੀ ਵਧਾਈ ਗਈ ਹੈ। ਸੀਡੀਓ ਅਸ਼ਵਿਨੀ ਕੁਮਾਰ ਮਿਸ਼ਰਾ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਸ਼ਾਸਨ ਦੇ ਆਦੇਸ਼ਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾਵੇਗੀ ਅਤੇ ਯੋਜਨਾ ਵਿੱਚ ਕਿਸੇ ਵੀ ਤਰ੍ਹਾਂ ਦੀ ਅਨਿਯਮਤਤਾ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

### ਏਟੀਐਮ ਲੁੱਟਣ ਵਾਲੇ ਗਿਰੋਹ ਦਾ ਮੁੱਖ ਦੋਸ਼ੀ ਗ੍ਰਿਫ਼ਤਾਰ

ਅਲਵਰ 3 ਦਸੰਬਰ। ਰਾਜਸਥਾਨ ਦੇ ਅਲਵਰ ਦੇ ਸਦਰ ਥਾਣਾ ਖੇਤਰ ਦੀ ਪੁਲਸ ਨੇ 5,000 ਰੁਪਏ ਦੇ ਇਨਾਮ ਵਾਲੇ ਅੰਤਰਰਾਜੀ ਏਟੀਐਮ ਲੁੱਟਣ ਵਾਲੇ ਗਿਰੋਹ ਦੇ ਮੁਖੀ ਸ਼ਹਿਜ਼ਾਦ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਸੁਪਰਡੈਂਟ ਸੁਧੀਰ ਚੌਧਰੀ ਨੇ ਵੀਰਵਾਰ ਨੂੰ ਦੱਸਿਆ ਕਿ ਸ਼ਹਿਜ਼ਾਦ ਲਗਭਗ ਪੰਜ ਸਾਲਾਂ ਤੋਂ ਫਰਾਰ ਸੀ। ਉਨ੍ਹਾਂ ਕਿਹਾ ਕਿ 4 ਦਸੰਬਰ, 2020 ਨੂੰ ਅਣਪਛਾਤੇ ਚੋਰਾਂ ਨੇ ਤਹਿਸੀਲ ਦਫ਼ਤਰ ਅਤੇ ਬਹਾਦਰਪੁਰ ਹਸਪਤਾਲ ਦੇ ਸਾਹਮਣੇ ਸਥਿਤ ਪੀਐਨਬੀ ਬੈਂਕ ਦੇ ਏਟੀਐਮ ਵਿੱਚ ਦਾਖਲ ਹੋ ਕੇ ਚੋਰੀ ਕਰ ਲਈ। ਏਟੀਐਮ ਵਿੱਚ ਕੁੱਲ 4.5 ਲੱਖ ਰੁਪਏ ਸਨ। ਪੁਲਸ ਨੇ ਇਸ ਮਾਮਲੇ ਵਿੱਚ ਛੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

## ਨਸ਼ਾ ਤਸਕਰੀ ਖਿਲਾਫ ਖੰਨਾ ਪੁਲਸ ਦੀ ਵੱਡੀ ਕਾਰਵਾਈ, ਹੈਰੋਇਨ ਸਣੇ ਨੌਜਵਾਨ ਕਾਬੂ

ਲੁਧਿਆਣਾ 3 ਦਸੰਬਰ। ਸਦਰ ਥਾਣਾ ਇਲਾਕੇ ਵਿੱਚ ਪੁਲਸ ਨੇ ਨਸ਼ੇ ਦੀ ਸਪਲਾਈ ਕਰਨ ਵਾਲੇ ਇੱਕ ਨੌਜਵਾਨ ਨੂੰ ਗ੍ਰਿਫ਼ਤਾਰ ਕਰਨ ਵਿੱਚ ਵੱਡੀ ਕਾਮਯਾਬੀ ਹਾਸਲ ਕੀਤੀ। ਸਦਰ ਥਾਣਾ ਐਸ.ਐੱਚ.ਓ. ਸਤਨਾਮ ਸਿੰਘ ਨੇ ਦੱਸਿਆ ਕਿ ਇਹ ਕਾਰਵਾਈ ਏ.ਐਸ.ਆਈ. ਅਵਤਾਰ ਸਿੰਘ ਦੀ ਅਗਵਾਈ ਵਿੱਚ ਕੀਤੀ ਗਈ। ਏ.ਐਸ.ਆਈ. ਅਵਤਾਰ ਸਿੰਘ ਆਪਣੀ ਪੁਲਸ ਪਾਰਟੀ ਨਾਲ ਪਿੰਡ ਮੋਹਨਪੁਰ ਸਰਵਿਸ ਰੋਡ 'ਤੇ ਬਣੇ ਜਿਮ ਦੇ ਨੇੜੇ ਗਸ਼ਤ ਕਰ ਰਹੇ ਸਨ, ਜਦੋਂ ਉਨ੍ਹਾਂ ਨੂੰ ਸਰਵਿਸ ਰੋਡ 'ਤੇ ਖੜੀ ਇੱਕ ਕਾਰ ਵਿੱਚ ਬੈਠਾ ਨੌਜਵਾਨ ਸ਼ੱਕੀ ਲੱਗਾ। ਪੁਲਸ ਨੂੰ ਦੇਖ ਨੌਜਵਾਨ ਘਬਰਾ ਗਿਆ ਅਤੇ ਸੀਟ 'ਤੇ ਰੱਖਿਆ ਪੀਲੇ ਰੰਗ ਦਾ ਲਿਫ਼ਾਫਾ ਜੇਬ ਵਿੱਚ ਪਾਉਣ ਦੀ ਕੋਸ਼ਿਸ਼ ਕਰਨ ਲੱਗ ਪਿਆ। ਸ਼ੱਕ ਦੇ ਆਧਾਰ 'ਤੇ ਪੁਲਸ ਨੇ ਕਾਰ ਦੀ ਖਿੜਕੀ ਖੋਲ੍ਹਵਾ ਕੇ ਉਸ ਨੂੰ ਕਾਬੂ ਕਰ ਲਿਆ। ਪੁੱਛਗਿੱਛ ਦੌਰਾਨ ਨੌਜਵਾਨ ਦੀ ਪਛਾਣ ਬਿੰਦਰ ਸਿੰਘ ਵਾਸੀ ਪਿੰਡ ਖੁਸਰੋਪੁਰ, ਥਾਣਾ ਡੱਕਲਾ, ਜ਼ਿਲ੍ਹਾ ਪਟਿਆਲਾ ਵਜੋਂ ਹੋਈ। ਜਾਂਚ ਵਿੱਚ ਸਾਹਮਣੇ ਆਇਆ ਕਿ ਦੋਸ਼ੀ ਅੰਮ੍ਰਿਤਸਰ ਤੋਂ ਹੈਰੋਇਨ ਲਿਆ ਕੇ ਪਟਿਆਲਾ ਅਤੇ ਨੇੜਲੇ ਇਲਾਕਿਆਂ ਵਿੱਚ ਸਪਲਾਈ ਕਰਦਾ ਸੀ। ਪੁਲਸ ਨੇ ਮੌਕੇ 'ਤੇ ਹੀ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਕੇ ਐਨ.ਡੀ.ਪੀ.ਐਸ. ਐਕਟ ਤਹਿਤ ਕੇਸ ਦਰਜ ਕਰ ਲਈ ਅਤੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪਿੰਡ ਗਹਿਲ ਵਿਖੇ ਭਾਰਤਮਾਲਾ ਰੋਡ ਦਾ ਕੰਮ ਰੁਕਿਆ

**ਕੌਮੀ ਪਤ੍ਰਿਕਾ**

ਮਹਿਲ ਕਲਾਂ 3 ਦਸੰਬਰ। ਵਿਧਾਨ ਸਭਾ ਹਲਕਾ ਮਹਿਲ ਕਲਾਂ ਅਧੀਨ ਪੈਂਦੇ ਪਿੰਡ ਗਹਿਲ ਵਿਖੇ ਭਾਰਤਮਾਲਾ ਪ੍ਰੋਜੈਕਟ ਤਹਿਤ ਬਣ ਰਹੇ ਰੋਡ ਦਾ ਕੰਮ ਕਿਸਾਨਾਂ ਦੀਆਂ ਅਹਿਮ ਮੰਗਾਂ ਅਜੇ ਤਕ ਪੂਰੀਆਂ ਨਾ ਹੋਣ ਕਾਰਨ ਕਿਸਾਨਾਂ ਵੱਲੋਂ ਕਿਸਾਨ ਜਥੇਬੰਦੀਆਂ ਦੇ ਸਹਿਯੋਗ ਨਾਲ ਕੰਮ ਨੂੰ ਰੋਕਿਆ ਗਿਆ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਬਲਾਕ ਮਹਿਲ ਕਲਾਂ ਦੇ ਪ੍ਰਧਾਨ ਜੱਜ ਸਿੰਘ ਗਹਿਲ, ਇਕਾਈ ਪ੍ਰਧਾਨ ਜੋਗਿੰਦਰ ਸਿੰਘ ਗਹਿਲ, ਮੀਤ ਪ੍ਰਧਾਨ ਮਨਜੀਤ ਸਿੰਘ, ਕਮੇਟੀ ਮੈਂਬਰ ਬਲਦੇਵ ਸਿੰਘ, ਗੁਰਮੇਲ ਸਿੰਘ ਤੇ ਰਾਮ ਸਿੰਘ ਨੇ ਸਾਰੀ ਜਾਣਕਾਰੀ ਪ੍ਰੈਸ ਸਾਹਮਣੇ ਰੱਖਦਿਆਂ ਕਿਹਾ ਕਿ ਜਿੰਨਾ ਕਿਸਾਨਾਂ ਦੀਆਂ ਜ਼ਮੀਨਾਂ ਦੇ ਨਾਲ ਲੱਗਦੀਆਂ ਮੋਟਰਾਂ ਰੋਡ ਦੀ ਲਾਈਨ ਵਿਚ ਆ ਰਹੀਆਂ ਹਨ। ਉਨ੍ਹਾਂ ਮੋਟਰਾਂ ਦੀ ਸੁਰੱਖਿਅਤ ਸ਼ਿਫ਼ਟਿੰਗ ਕੀਤਿਆਂ ਬਿਨਾਂ ਰੋਡ ਦਾ ਕੰਮ ਸ਼ੁਰੂ ਨਹੀਂ ਹੋਣ ਦੇਵਾਂਗੇ। ਕਿਸਾਨ ਆਗੂਆਂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਪਾਵਰਕਾਮ ਦੇ ਐੱਸ.ਡੀ.ਓ. ਨੂੰ ਸਪਸ਼ਟ ਕਹਿਆ ਗਿਆ ਹੈ ਕਿ ਕਿਸਾਨਾਂ ਦੀਆਂ ਮੋਟਰਾਂ ਨੂੰ ਨਵੀਂ ਥਾਂ 'ਤੇ ਸ਼ਿਫ਼ਟ ਕਰਨ ਲਈ ਸਾਰਾ ਖਰਚਾ ਸਰਕਾਰ ਅਤੇ ਰੋਡ ਕੰਪਨੀ ਆਪਣੇ ਪੱਧਰ 'ਤੇ ਚੁੱਕਣ, ਕਿਉਂਕਿ ਕਿਸਾਨਾਂ ਦੀ ਰੋਡ ਲਈ ਆਪਣੀਆਂ ਮੋਟਰਾਂ ਹਿਲਾਉਣ ਦੀ ਕੋਈ ਜ਼ਿੰਮੇਵਾਰੀ ਨਹੀਂ ਬਣਦੀ। ਕਿਸਾਨਾਂ ਨੇ ਕਿਹਾ ਕਿ ਸਰਕਾਰ ਦੇ ਇਸ ਪ੍ਰੋਜੈਕਟ ਦੀ ਜ਼ਰੂਰਤ ਸਰਕਾਰ ਨੂੰ ਹੈ,



ਇਸ ਲਈ ਸਾਰੀ ਤਬਦੀਲੀ ਦਾ ਆਰਥਿਕ ਬੋਝ ਕਿਸਾਨਾਂ ਉੱਤੇ ਨਹੀਂ ਪੈਣਾ ਚਾਹੀਦਾ। ਆਗੂਆਂ ਨੇ ਇਹ ਵੀ ਜ਼ੋਰ ਦੇ ਨਾਲ ਕਿਹਾ ਕਿ ਰੋਡ ਦੀ ਬਣਤ ਕਾਰਨ ਦੋਵੇਂ ਪਾਸੇ ਕੁਦਰਤੀ ਪਾਣੀ ਦੇ ਰਸਤੇ ਬੰਦ ਹੋ ਰਹੇ ਹਨ, ਜਿਸ ਨਾਲ 23 ਕਿਸਾਨਾਂ ਦੇ ਖੇਤਾਂ ਨੂੰ ਪਾਣੀ ਲੰਘਾਉਣ ਦਾ ਪੂਰਾ ਪ੍ਰਬੰਧ ਕਰਨਾ ਲਾਜ਼ਮੀ ਹੈ। ਇਸ ਲਈ ਰੋਡ ਦੇ ਦੋਵੇਂ ਪਾਸਿਆਂ ਮਜ਼ਬੂਤ ਪੁਲੀਆਂ ਪਹਿਲ ਦੇ ਅਧਾਰ 'ਤੇ ਦੱਬੀਆਂ ਜਾਣ, ਤਾਂ ਜੋ ਕਿਸੇ ਵੀ ਕਿਸਾਨ ਦੀ ਸਿੰਚਾਈ ਪ੍ਰਭਾਵਿਤ ਨਾ ਹੋਵੇ। ਉਨ੍ਹਾਂ ਕਿਹਾ ਕਿ ਜੇ ਰੋਡ ਬਣਾਉਣ ਤੋਂ ਬਾਅਦ ਪਾਣੀ ਦਾ ਨਿਕਾਸ ਬੰਦ ਹੋਇਆ ਤਾਂ ਇਹ ਕਿਸਾਨਾਂ ਲਈ ਵਿਨਾਸ਼ਕਾਰੀ ਸਾਬਤ ਹੋਵੇਗਾ ਆਗੂਆਂ ਨੇ ਕਿਹਾ ਕਿ ਮੋਟਰਾਂ ਅਤੇ ਪਾਣੀ ਲੰਘਣ ਵਾਲੀਆਂ ਪੁਲੀਆਂ ਦੀਆਂ ਲਿਸਟਾਂ ਬਿਲਕੁਲ ਸਹੀ ਤਰ੍ਹਾਂ ਤਿਆਰ ਕਰਕੇ ਅਥਾਰਟੀ ਨੂੰ ਭੇਜੀਆਂ ਜਾ ਚੁੱਕੀਆਂ ਹਨ। ਉਨ੍ਹਾਂ ਫਿਰ ਸਪਸ਼ਟ ਕੀਤਾ ਕਿ ਸੋਨੂ ਨਾਂ ਦੇ ਕਿਸੇ ਵੀ ਵਿਅਕਤੀ ਦਾ ਨਾਂ ਲਿਸਟ ਵਿੱਚ ਨਹੀਂ ਹੈ, ਇਹ ਮਹਿਜ਼ ਗਲਤਫ਼ਹਿਮੀ ਹੈ। ਇਸ ਮੌਕੇ ਬਲਾਕ ਪ੍ਰਧਾਨ ਜੱਜ ਸਿੰਘ ਗਹਿਲ ਤੇ ਇਕਾਈ ਪ੍ਰਧਾਨ ਜੋਗਿੰਦਰ ਸਿੰਘ ਗਹਿਲ ਨੇ ਕਿਹਾ ਕਿ ਜੇਕਰ ਅਧਿਕਾਰੀ ਮੌਕੇ 'ਤੇ ਆ ਕੇ ਲਿਖਤੀ ਭਰੋਸਾ ਨਹੀਂ ਦਿੰਦੇ, ਤਾਂ ਕਿਸਾਨਾਂ ਵੱਲੋਂ ਰੋਡ ਦਾ ਕੰਮ ਕਦੇ ਵੀ ਅੱਗੇ ਨਹੀਂ ਵੱਧਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਸਿੰਚਾਈ ਤੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਸਭ ਤੋਂ ਪਹਿਲਾਂ, ਰੋਡ ਬਾਅਦ ਵਿੱਚ। ਖਬਰ ਲਿਖੇ ਜਾਣ ਤੱਕ ਜਥੇਬੰਦੀ ਦੇ ਆਗੂਆਂ ਤੇ ਅਧਿਕਾਰੀਆਂ ਵਿਚਕਾਰ ਮਸਲੇ ਨੂੰ ਸੁਲਝਾਉਣ ਲਈ ਗੱਲਬਾਤ ਚੱਲ ਰਹੀ ਸੀ।

# ਪ੍ਰਦੂਸ਼ਣ ਦਾ 'ਜ਼ਹਿਰ' ਨਵੀਂ ਪੀੜ੍ਹੀ ਨੂੰ ਕਰ ਰਿਹੈ ਬੀਮਾਰ ! ਤੇਜ਼ੀ ਨਾਲ ਵੱਧ ਰਹੇ ਸਾਹ ਤੇ ਮਾਨਸਿਕ ਤਣਾਅ ਦੇ ਮਰੀਜ਼

**ਕੌਮੀ ਪਤ੍ਰਿਕਾ**

ਬਰਨਾਲਾ 3 ਦਸੰਬਰ। ਸਮਾਜ ਸੇਵਕਾਂ ਨੇ ਪ੍ਰਦੂਸ਼ਣ ਦੀ ਗੰਭੀਰ ਹੋ ਰਹੀ ਸਮੱਸਿਆ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਸਮਾਜ ਸੇਵੀ ਸਤਪਾਲ ਮੌੜ ਤੇ ਸੁਰਿੰਦਰ ਕੁਮਾਰ ਆੜ੍ਹਤੀ ਭਦੌੜ ਨੇ ਸਾਂਝੇ ਬਿਆਨ 'ਚ ਕਿਹਾ ਕਿ ਹਵਾ, ਪਾਣੀ ਅਤੇ ਭੋਜਨ 'ਚ ਜ਼ਹਿਰੀਲੇ ਤੱਤਾਂ ਦੀ ਵਧ ਰਹੀ ਮਾਤਰਾ ਕਾਰਨ ਆਉਣ ਵਾਲੀ ਪੀੜ੍ਹੀ ਗੰਭੀਰ ਅਤੇ ਜਾਨਲੇਵਾ ਬੀਮਾਰੀਆਂ ਦਾ ਸ਼ਿਕਾਰ ਹੋ ਰਹੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇ ਸਮਾਂ ਰਹਿੰਦਿਆਂ ਇਸ ਸਮੱਸਿਆ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਭਵਿੱਖ 'ਚ ਇਸ ਦੇ ਬਹੁਤ ਭਿਆਨਕ ਨਤੀਜੇ ਦੇਖਣ ਨੂੰ ਮਿਲ ਸਕਦੇ ਹਨ। ਸਮਾਜ ਸੇਵਕਾਂ ਨੇ ਆਪਣੇ ਬਿਆਨ 'ਚ ਦੱਸਿਆ ਕਿ ਜਿਸ ਰਫਤਾਰ ਨਾਲ ਸਾਡੇ ਵਾਤਾਵਰਣ 'ਚ ਜ਼ਹਿਰੀਲੇ ਤੱਤ ਵੱਧ ਰਹੇ ਹਨ, ਉਸੇ ਅਨੁਪਾਤ 'ਚ ਬੱਚਿਆਂ ਅਤੇ ਨੌਜਵਾਨਾਂ ਦੀ ਸਿਹਤ ਵੀ ਤੇਜ਼ੀ ਨਾਲ ਵਿਗੜ ਰਹੀ ਹੈ। ਇਕ ਸਮਾਂ ਸੀ ਜਦੋਂ ਦਿਲ ਅਤੇ ਫੇਫੜਿਆਂ ਨਾਲ ਸਬੰਧਤ ਬੀਮਾਰੀਆਂ ਮੁੱਖ ਤੌਰ 'ਤੇ ਬਜ਼ੁਰਗਾਂ 'ਚ ਦੇਖੀਆਂ ਜਾਂਦੀਆਂ ਸਨ ਪਰ ਹੁਣ ਇਹੀ ਗੰਭੀਰ ਸਿਹਤ ਸਮੱਸਿਆਵਾਂ ਬੱਚਿਆਂ 'ਚ ਵੀ ਦੇਖਣ ਨੂੰ ਮਿਲ ਰਹੀਆਂ ਹਨ, ਜੋ ਕਿ ਇਕ ਬਹੁਤ ਹੀ ਚਿੰਤਾਜਨਕ ਸੰਕੇਤ ਹੈ। ਬਰਨਾਲਾ 'ਚ ਹਾਲ ਹੀ ਵਿਚ ਹਵਾ ਗੁਣਵੱਤਾ ਸੂਚਕਾਂਕ (AQI) ਦਾ ਖਤਰਨਾਕ ਪੱਧਰ 'ਤੇ ਪਹੁੰਚਣਾ ਇਸ ਗੱਲ ਦਾ ਸਬੂਤ ਹੈ ਕਿ ਸ਼ਹਿਰ ਦੀ ਹਵਾ 'ਜ਼ਹਿਰੀਲੀ' ਹੋ ਚੁੱਕੀ ਹੈ, ਜਿਸ ਦਾ ਸਭ ਤੋਂ ਬੁਰਾ ਅਸਰ ਕਮਜ਼ੋਰ ਇਮਿਊਨਿਟੀ ਵਾਲੇ ਬੱਚਿਆਂ ਅਤੇ ਬਜ਼ੁਰਗਾਂ 'ਤੇ ਪੈ ਰਿਹਾ ਹੈ। ਹਸਪਤਾਲਾਂ 'ਚ ਸਾਹ ਦੀਆਂ ਸਮੱਸਿਆਵਾਂ ਅਤੇ ਮਾਨਸਿਕ ਤਣਾਅ ਦੇ



ਮਰੀਜ਼ਾਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਸਮੱਸਿਆ ਸਿਰਫ ਹਵਾ ਤੱਕ ਸੀਮਿਤ ਨਹੀਂ ਹੈ। ਸਮਾਜ ਸੇਵਕਾਂ ਨੇ ਖੇਤੀ ਖੇਤਰ 'ਚ ਕੀਟਨਾਸ਼ਕਾਂ ਅਤੇ ਰਸਾਇਣਕ ਖਾਦਾਂ ਦੀ ਜ਼ਿਆਦਾ ਵਰਤੋਂ 'ਤੇ ਵੀ ਚਿੰਤਾ ਜਤਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਅੰਨ੍ਹੇਵਾਹ ਵਰਤੋਂ ਨੇ ਮਿੱਟੀ ਦੀ ਉਪਜਾਊ ਸ਼ਕਤੀ ਅਤੇ ਪਾਣੀ ਦੇ ਸਰੋਤਾਂ ਦੋਵਾਂ ਨੂੰ ਜ਼ਹਿਰੀਲਾ ਬਣਾ ਦਿੱਤਾ ਹੈ। ਜਦੋਂ ਅਸੀਂ ਆਪਣੀਆਂ ਫਸਲਾਂ ਵਿਚ ਬਹੁਤ ਜ਼ਿਆਦਾ ਰਸਾਇਣ ਪਾਉਂਦੇ ਹਾਂ, ਤਾਂ ਇਹ ਜ਼ਹਿਰ ਨਾ ਸਿਰਫ ਮਿੱਟੀ ਨੂੰ ਮਾਰਦਾ ਹੈ, ਸਗੋਂ ਮੀਂਹ ਜਾਂ ਸਿੰਚਾਈ ਦੇ ਪਾਣੀ ਨਾਲ ਜ਼ਮੀਨ ਹੇਠਲੇ ਪਾਣੀ ਨੂੰ ਵੀ ਦੂਸ਼ਿਤ ਕਰਦਾ ਹੈ। ਅੰਤ 'ਚ ਇਹੀ ਦੂਸ਼ਿਤ ਪਾਣੀ ਅਤੇ ਭੋਜਨ ਸਾਡੇ ਸਰੀਰ 'ਚ ਦਾਖਲ ਹੁੰਦਾ ਹੈ, ਜਿਸ ਕਾਰਨ ਅਸੀਂ ਬੀਮਾਰੀਆਂ ਦੇ ਸਾਗਰ 'ਚ ਡੁੱਬਦੇ ਜਾ ਰਹੇ ਹਾਂ। ਸਮਾਜ ਸੇਵੀ ਸਤਪਾਲ ਮੌੜ ਤੇ ਸੁਰਿੰਦਰ ਕੁਮਾਰ ਆੜ੍ਹਤੀ ਭਦੌੜ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਹੁਣ ਸਰਕਾਰ ਜਾਂ ਪ੍ਰਸ਼ਾਸਨ ਦੇ ਭਰੋਸੇ ਨਾ ਰਹਿ ਕੇ, ਆਪਣੇ ਨਿੱਜੀ ਪੱਧਰ 'ਤੇ ਕੁਦਰਤ ਦੀ ਰੱਖਿਆ ਲਈ ਅੱਗੇ ਆਉਣ। ਹਰ ਵਿਅਕਤੀ ਇਕ ਬੂਟਾ ਲਾਵੇ ਅਤੇ ਉਸ ਦੀ ਦੇਖਭਾਲ ਯਕੀਨੀ ਬਣਾਵੇ। ਪਲਾਸਟਿਕ ਦੀ ਵਰਤੋਂ ਪੂਰੀ ਤਰ੍ਹਾਂ ਘੱਟ ਕਰੇ ਜਾਂ ਬੰਦ ਕਰ ਦੇਵੇ। ਪਲਾਸਟਿਕ ਨਾ ਸਿਰਫ ਜ਼ਮੀਨ ਨੂੰ ਬੰਜਰ ਕਰਦਾ ਹੈ, ਸਗੋਂ ਜਲ ਸਰੋਤਾਂ ਨੂੰ ਵੀ ਪ੍ਰਦੂਸ਼ਿਤ ਕਰਦਾ ਹੈ। ਗੱਡੀ ਚਲਾਉਣ ਦੀ ਬਜਾਏ ਸਾਈਕਲ ਚਲਾਉਣ ਜਾਂ ਪੈਦਲ ਤੁਰਨ ਦੀ ਆਦਤ ਪਾਵੇ। ਇਸ ਨਾਲ ਪ੍ਰਦੂਸ਼ਣ ਘੱਟ ਹੋਵੇਗਾ ਅਤੇ ਵਿਅਕਤੀ ਖ਼ੁਦ ਵੀ ਸਿਹਤਮੰਦ ਰਹੇਗਾ। ਆਪਣੇ ਬਿਆਨ ਦੇ ਅੰਤ 'ਚ ਸਮਾਜ ਸੇਵਕਾਂ ਨੇ ਸਖਤ ਸ਼ਬਦਾਂ 'ਚ ਚਿਤਾਵਨੀ ਦਿੱਤੀ ਕਿ "ਜੇ ਅਸੀਂ ਅੱਜ ਕੁਦਰਤ ਦੀ ਰੱਖਿਆ ਪ੍ਰਤੀ ਗੰਭੀਰ ਨਾ ਹੋਏ, ਤਾਂ ਕੱਲ ਸਾਡੀ ਅਗਲੀ ਪੀੜ੍ਹੀ ਬੀਮਾਰੀਆਂ ਦੇ ਸਾਗਰ 'ਚ ਡੁੱਬ ਜਾਵੇਗੀ। ਹੁਣ ਸਮਾਂ ਹੈ ਜਾਗਣ ਦਾ, ਬਚਾਉਣ ਦਾ ਅਤੇ ਇਕ ਸਿਹਤਮੰਦ ਭਵਿੱਖ ਬਣਾਉਣ ਦਾ। ਉਨ੍ਹਾਂ ਉਮੀਦ ਜਤਾਈ ਕਿ ਬਰਨਾਲਾ ਦਾ ਨਾਗਰਿਕ ਭਾਈਚਾਰਾ ਇਸ ਗੰਭੀਰ ਚਿਤਾਵਨੀ ਨੂੰ ਸਮਝੇਗਾ ਅਤੇ ਵਾਤਾਵਰਣ ਨੂੰ ਬਚਾਉਣ ਲਈ ਸਰਗਰਮ ਕਦਮ ਚੁੱਕੇਗਾ। ਇਕ ਸਿਹਤਮੰਦ ਸਮਾਜ ਅਤੇ ਸਿਹਤਮੰਦ ਪੀੜ੍ਹੀ ਸਿਰਫ ਸਮੂਹਿਕ ਯਤਨਾਂ ਨਾਲ ਹੀ ਸੰਭਵ ਹੈ।

## ਹੁਣ ਸਮੂਹਿਕ ਵਿਆਹ 'ਚ ਫੇਰਿਆਂ ਤੋਂ ਪਹਿਲਾਂ ਲੱਗੇਗੀ ਲਾੜਾ-ਲਾੜੀ ਦੀ ਬਾਇਓਮੀਟ੍ਰਿਕ ਹਾਜ਼ਰੀ

ਅਮਰੋਹਾ 3 ਦਸੰਬਰ। ਉੱਤਰ ਪ੍ਰਦੇਸ਼ ਸਰਕਾਰ ਦੀ ਮੁੱਖ ਮੰਤਰੀ ਸਮੂਹਿਕ ਵਿਆਹ ਯੋਜਨਾ ਦੀ ਪਾਰਦਰਸ਼ਤਾ ਨੂੰ ਵਧਾਉਣ ਲਈ ਅਮਰੋਹਾ ਜ਼ਿਲ੍ਹੇ ਵਿੱਚ ਵੱਡਾ ਕਦਮ ਚੁੱਕਿਆ ਗਿਆ ਹੈ। ਹਾਲ ਹੀ ਵਿੱਚ ਸਾਹਮਣੇ ਆਈਆਂ ਫਰਜ਼ੀਵਾੜੇ ਦੀਆਂ ਸ਼ਿਕਾਇਤਾਂ ਤੋਂ ਬਾਅਦ, ਸਮਾਜ ਕਲਿਆਣ ਵਿਭਾਗ ਨੇ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ ਜਿਸ ਤਹਿਤ ਹੁਣ ਬਾਇਓਮੀਟ੍ਰਿਕ ਹਾਜ਼ਰੀ ਅਤੇ 4$ ਦੀ ਮੌਜੂਦਗੀ ਜ਼ਰੂਰੀ ਕਰਾਰ ਦੇ ਦਿੱਤੀ ਗਈ ਹੈ। ਬਾਇਓਮੀਟ੍ਰਿਕ ਵੈਰੀਫਿਕੇਸ਼ਨ: ਵਿਆਹ ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ, ਲਾੜਾ ਅਤੇ ਲਾੜੀ (ਵਰ-ਵਧੂ) ਦੋਵਾਂ ਦੀ ਬਾਇਓਮੀਟ੍ਰਿਕ ਹਾਜ਼ਰੀ ਲਾਜ਼ਮੀ ਹੋਵੇਗੀ। ਇਸ ਤਕਨੀਕ ਰਾਹੀਂ ਹਰ ਜੋੜੇ ਦੀ ਪਛਾਣ ਦੀ ਪੁਸ਼ਟੀ ਕੀਤੀ ਜਾਵੇਗੀ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਅਨਿਯਮਤਤਾ ਜਾਂ ਧੋਖਾਧੜੀ ਦੀ ਸੰਭਾਵਨਾ ਖਤਮ ਕੀਤੀ ਜਾ ਸਕੇ। ਜ਼ਿਲ੍ਹਾ ਮੈਜਿਸਟ?ਰੇਟ ਦੀ ਹਾਜ਼ਰੀ: ਨਵੇਂ ਨਿਯਮਾਂ ਅਨੁਸਾਰ, ਹੁਣ ਹਰੇਕ ਸਮੂਹਿਕ ਵਿਆਹ ਪ੍ਰੋਗਰਾਮ ਵਿੱਚ ਜ਼ਿਲ੍ਹਾ ਮੈਜਿਸਟ?ਰੇਟ ਦੀ ਮੌਜੂਦਗੀ ਵੀ ਜ਼ਰੂਰੀ ਹੋਵੇਗੀ। ਇਸ ਦਾ ਉਦੇਸ਼ ਯੋਜਨਾ ਵਿੱਚ ਪਾਰਦਰਸ਼ਤਾ ਲਿਆਉਣਾ ਹੈ। ਸਮਾਜ ਕਲਿਆਣ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਯੋਜਨਾ ਦਾ ਲਾਭ ਸਿਰਫ਼ ਪਾਤਰ ਲੋਕਾਂ ਤੱਕ ਪਹੁੰਚੇ, ਇਸ ਲਈ ਤਕਨੀਕ ਦੀ ਵਰਤੋਂ ਕੀਤੀ ਜਾ ਰਹੀ ਹੈ। ਮਾਪਦੰਡ: ਵਿਆਹ ਵਾਲੀ ਥਾਂ 'ਤੇ ਦਿੱਤੀ ਜਾਣ ਵਾਲੀ ਉਪਹਾਰ ਸਮੱਗਰੀ, ਜਲਪਾਨ, ਅਤੇ ਭੋਜਨ ਦੇ ਮਾਪਦੰਡ ਤੈਅ ਕੀਤੇ ਜਾਣਗੇ ਅਤੇ ਉਨ੍ਹਾਂ ਦੀ ਸਖਤੀ ਨਾਲ ਪਾਲਣਾ ਕਰਵਾਈ ਜਾਵੇਗੀ। ਸਖ਼ਤ ਕਾਰਵਾਈ: ਜੇ ਕਿਸੇ ਵੀ ਪੱਧਰ 'ਤੇ ਫਰਜ਼ੀਵਾੜਾ ਜਾਂ ਅਨਿਯਮਤਤਾ ਫੜੀ ਜਾਂਦੀ ਹੈ, ਤਾਂ ਸਬੰਧਤ ਵਿਅਕਤੀ ਖਿਲਾਫ ਰਿਪੋਰਟ ਦਰਜ ਕਰਵਾਉਣ ਦੀ ਕਾਰਵਾਈ ਕੀਤੀ ਜਾਵੇਗੀ। ਅਮਰੋਹਾ ਜ਼ਿਲ੍ਹੇ ਵਿੱਚ ਇਸ ਸਾਲ ਸਮੂਹਿਕ ਵਿਆਹ ਯੋਜਨਾ ਦਾ ਲਾਭ ਲੈਣ ਲਈ 850 ਤੋਂ ਵੱਧ ਲੜਕੀਆਂ ਨੇ ਅਰਜ਼ੀ ਦਿੱਤੀ ਹੈ। ਸਮਾਜ ਕਲਿਆਣ ਵਿਭਾਗ ਹਰ ਅਰਜ਼ੀ ਦੀ ਡੂੰਘਾਈ ਨਾਲ ਜਾਂਚ ਕਰ ਰਿਹਾ ਹੈ। ਸੁਧਰੀ ਪ੍ਰਕਿਰਿਆ: ਪਹਿਲਾਂ ਪੰਚਾਇਤ ਅਤੇ ਨਗਰ ਪਾਲਿਕਾ ਪੱਧਰ 'ਤੇ ਜਾਂਚ ਹੋਵੇਗੀ, ਜਿਸ ਤੋਂ ਬਾਅਦ ਜ਼ਿਲ੍ਹਾ ਪੱਧਰ ਦੇ ਅਧਿਕਾਰੀ ਵੀ ਤਸਦੀਕ ਪ੍ਰਕਿਰਿਆ ਵਿੱਚ ਸ਼ਾਮਲ ਹੋਣਗੇ। ਲਾਭ ਵਧਾਇਆ: ਸਰਕਾਰ ਵੱਲੋਂ ਗਰੀਬ ਪਰਿਵਾਰਾਂ ਦੀਆਂ ਧੀਆਂ ਦੇ ਵਿਆਹ ਦਾ ਸਾਰਾ ਖਰਚ ਚੁੱਕਿਆ ਜਾਂਦਾ ਹੈ।

# ਨੌਵੇਂ ਪਾਤਸ਼ਾਹ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਦੀ ਯਾਦਗਾਰ ਵਜੋਂ 'ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੰਪਲੈਕਸ' ਦਾ ਰੱਖਿਆ ਨੀਂਹ ਪੱਥਰ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ, 3 ਦਸੰਬਰ: ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਦੀ ਸਦੀਵੀ ਯਾਦਗਾਰ ਵਜੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਜ਼ਦੀਕ ਅਕਾਲੀ ਮਾਰਕੀਟ ਦੇ ਸਥਾਨ 'ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਯਾਦਗਾਰੀ ਕੰਪਲੈਕਸ ਦਾ ਅੱਜ ਅਰਦਾਸ ਮਗਰੋਂ ਨੀਂਹ ਪੱਥਰ ਰੱਖਿਆ ਗਿਆ ਮੁੱਢਲੇ ਤੌਰ ਇਥੇ ਚਾਰ ਬਲਾਕਾਂ ਦੇ ਨਿਰਮਾਣ ਦਾ ਕਾਰਜ ਸ਼ੁਰੂ ਕੀਤਾ ਗਿਆ ਹੈ, ਜਿਸ ਦੀ ਆਰੰਭਤਾ ਮੌਕੇ ਅੱਜ ਸ਼?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ। ਇਸ ਮੌਕੇ ਗੱਲਬਾਤ ਕਰਦਿਆਂ ਸ਼?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਸ਼?ਰੋਮਣੀ ਕਮੇਟੀ ਵੱਲੋਂ ਸਿੱਖ ਜਥੇਬੰਦੀਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਕੌਮੀ ਪੱਧਰ 'ਤੇ ਮਨਾਈ ਜਾ ਰਹੀ ਹੈ ਅਤੇ ਇਸ ਸ਼ਤਾਬਦੀ ਦੀ ਯਾਦਗਾਰ ਵਜੋਂ ਨੌਵੇਂ ਪਾਤਸ਼ਾਹ ਦੇ ਨਾਂ 'ਤੇ ਇਹ ਵਿਸ਼ਾਲ ਕੰਪਲੈਕਸ ਸਥਾਪਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਯਾਦਗਾਰੀ ਕੰਪਲੈਕਸ ਵਿਚ ਸੰਗਤ ਲਈ ਇਕ ਹਜ਼ਾਰ ਤੋਂ ਵੱਧ ਕਮਰੇ ਤਿਆਰ ਕਰਨ ਦੇ ਨਾਲ-ਨਾਲ ਵਿਸ਼ਾਲ ਪਾਰਕਿੰਗ, 25 ਹਾਲ ਅਤੇ ਮਾਰਕੀਟ ਬਣਾਈ ਜਾਵੇਗੀ। ਇਸ ਤੋਂ ਇਲਾਵਾ ਇਥੇ ਗੁਰੂ ਸਾਹਿਬ ਨਾਲ ਸ਼ਹੀਦ ਹੋਣ ਵਾਲੇ ਭਾਈ ਮਤੀਦਾਸ ਜੀ, ਭਾਈ ਸਤੀਦਾਸ ਜੀ ਅਤੇ ਭਾਈ ਦਿਆਲਾ ਜੀ ਦੇ ਨਾਂ 'ਤੇ ਵੱਖ-ਵੱਖ ਬਲਾਕ ਬਣਾਏ ਜਾਣਗੇ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼ਤਾਬਦੀਆਂ ਸਮੇਂ ਗੁਰਮਤਿ ਸਮਾਗਮਾਂ ਦੇ ਨਾਲ-ਨਾਲ ਸ਼?ਰੋਮਣੀ ਕਮੇਟੀ ਵੱਲੋਂ ਸਦੀਵੀ ਯਾਦਗਾਰਾਂ ਉਸਾਰਨ ਦਾ ਉੱਦਮ ਕੀਤਾ ਜਾਂਦਾ ਹੈ, ਜਿਸ ਤਹਿਤ ਪਹਿਲਾਂ ਵੀ ਖ਼ਾਲਸਾ ਸਾਜਣਾ ਦਿਵਸ ਦੀ ਤੀਜੀ ਸ਼ਤਾਬਦੀ ਮੌਕੇ ਜਿਥੇ ਗੁਰੂ ਗੋਬਿੰਦ ਸਿੰਘ ਤ੍ਰੈ-ਸ਼ਤਾਬਦੀ ਕਾਲਜ ਸ੍ਰੀ ਅੰਮ੍ਰਿਤਸਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਸ੍ਰੀ ਫ਼ਤਹਿਗੜ੍ਹ ਸਾਹਿਬ ਦਾ ਨਿਰਮਾਣ ਕੀਤਾ ਗਿਆ ਸੀ। ਇਹ ਯਾਦਗਾਰੀ ਸੰਸਥਾਵਾਂ ਵਿੱਚੋਂ ਸੈਂਕੜੇ ਵਿਦਿਆਰਥੀਆਂ ਸਿੱਖਿਆ ਲੈ ਕੇ ਆਪਣਾ ਭਵਿੱਖ ਰੌਸ਼ਨ ਕਰ ਰਹੇ ਹਨ। ਹੁਣ ਨੌਵੇਂ ਪਾਤਸ਼ਾਹ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਮੌਕੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਸੰਗਤ ਦੇ ਰਹਿਣ ਵਾਸਤੇ ਵਿਸ਼ਾਲ ਕੰਪਲੈਕਸ ਬਣਾਉਣ ਦਾ ਫੈਸਲਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਭਾਵੇਂ ਯਾਦਗਾਰਾਂ ਉਸਾਰਨੀਆਂ ਸਰਕਾਰਾਂ ਦਾ ਕਾਰਜ ਹੈ, ਪਰ ਮੌਜੂਦਾ ਸਰਕਾਰ ਕੇਵਲ ਸਿਆਸਤ ਕਰ ਰਹੀ ਹੈ ਅਤੇ ਉਸ ਦਾ ਧਿਆਨ ਅਜਿਹੇ ਉਮਦਾ ਕਾਰਜਾਂ ਵੱਲ ਨਹੀਂ ਹੈ। ਇਸ ਮੌਕੇ ਐਡਵੋਕੇਟ ਧਾਮੀ ਨੇ ਨੌਵੇਂ ਪਾਤਸ਼ਾਹ ਜੀ ਦੇ ਸ਼ਹੀਦੀ ਸ਼ਤਾਬਦੀ ਦੇ ਸਮਾਗਮਾਂ ਦੌਰਾਨ 3 ਦਸੰਬਰ ਨੂੰ ਸ੍ਰੀ ਕੀਰਤਪੁਰ ਸਾਹਿਬ ਤੋਂ ਗੁਰਦੁਆਰਾ ਸੀਸ ਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੱਕ ਸਵੇਰੇ 9 ਵਜੇ 'ਸੀਸ ਮਾਰਗ ਨਗਰ ਕੀਰਤਨ' ਵਿਚ ਸੰਗਤ ਨੂੰ ਭਰਵੀਂ ਸ਼ਮੂਲੀਅਤ ਦੀ ਅਪੀਲ ਵੀ ਕੀਤੀ। ਉਨ੍ਹਾਂ ਆਖਿਆ ਕਿ ਇਹ ਨਗਰ ਕੀਰਤਨ 25 ਨਵੰਬਰ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਤੋਂ ਆਰੰਭ ਹੋਇਆ ਸੀ, ਜੋ ਭਾਈ ਜੈਤਾ ਜੀ ਮਾਰਗ ਤੋਂ ਹੁੰਦਾ ਹੋਇਆ 3 ਦਸੰਬਰ ਨੂੰ ਸ੍ਰੀ ਕੀਰਤਪੁਰ ਸਾਹਿਬ ਵਿਖੇ ਪੜਾਅ ਕਰੇਗਾ। ਇਥੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਖਾਲਸਈ ਜਾਹੋ ਜਲਾਲ ਨਾਲ ਪੈਦਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁੱਜੇਗਾ। ਇਸ ਮੌਕੇ ਪੁੱਜੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ਼?ਰੋਮਣੀ ਕਮੇਟੀ ਸ਼ਹੀਦੀ ਸ਼ਤਾਬਦੀ ਸਮੇਂ ਨੌਵੇਂ ਪਾਤਸ਼ਾਹ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਨ ਲਈ ਅਹਿਮ ਉਪਰਾਲੇ ਕਰ ਰਹੀ ਹੈ ਅਤੇ ਇਸ ਤਹਿਤ ਗੁਰੂ ਸਾਹਿਬ ਦੇ ਨਾਂ 'ਤੇ ਸੰਗਤ ਲਈ 1000 ਕਮਰਿਆਂ ਵਾਲਾ ਕੰਪਲੈਕਸ ਤਿਆਰ ਕਰਨ ਦਾ ਫੈਸਲਾ ਸ਼ਲਾਘਾਯੋਗ ਹੈ। ਉਨ੍ਹਾਂ ਆਖਿਆ ਕਿ ਇਹ ਯਾਦਗਾਰ ਸਦਾ ਸਿੱਖ ਸੰਗਤ ਨੂੰ ਗੁਰੂ ਸਾਹਿਬ ਜੀ ਦੀ ਸ਼ਹੀਦੀ ਸ਼ਤਾਬਦੀ ਦੇ ਇਤਿਹਾਸਕ ਮੌਕੇ ਨਾਲ ਜੋੜੀ ਰੱਖੇਗੀ। ਉਨ੍ਹਾਂ ਆਖਿਆ ਕਿ ਚਾਹੀਦਾ ਤਾਂ ਇਹ ਸੀ ਕਿ ਸਰਕਾਰ ਅਜਿਹੇ ਕੰਮ ਕਰਦੀ, ਪਰ ਉਸ ਨੇ ਤਾਂ ਆਪਣੀ ਪਬਲੀਸਿਟੀ 'ਤੇ ਹੀ ਲੋਕਾਂ ਦਾ ਪੈਸਾ ਬਰਬਾਦ ਕੀਤਾ ਹੈ। ਇਸ ਤੋਂ ਪਹਿਲਾਂ ਅੱਜ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਵੀਂ ਚੁਣੀ ਗਈ ਅੰਤ੍ਰਿੰਗ ਕਮੇਟੀ ਦੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਪਹਿਲੀ ਬੈਠਕ ਹੋਈ, ਜਿਸ ਵਿਚ ਸ਼?ਰੋਮਣੀ ਕਮੇਟੀ, ਗੁਰਦੁਆਰਾ ਸਾਹਿਬਾਨ, ਟਰੱਸਟਾਂ ਅਤੇ ਵਿਦਿਅਕ ਅਦਾਰਿਆਂ ਦੇ ਮਾਮਲੇ ਵਿਚਾਰੇ ਗਏ। ਇਸ ਮੌਕੇ ਸ਼?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਮੈਂਬਰ ਸ. ਸੁਰਜੀਤ ਸਿੰਘ ਗੜ੍ਹੀ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਗੁਰਪ੍ਰੀਤ ਸਿੰਘ ਝੱਬਰ, ਸ. ਦਲਜੀਤ ਸਿੰਘ ਭਿੰਡਰ, ਬੀਬੀ ਹਰਜਿੰਦਰ ਕੌਰ, ਸ. ਬਲਦੇਵ ਸਿੰਘ ਕਾਇਮਪੁਰ, ਸ. ਮੇਜਰ ਸਿੰਘ ਢਿੱਲੋਂ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਡਾ. ਜੰਗ ਬਹਾਦਰ ਸਿੰਘ ਰਾਏ ਤੇ ਸ. ਮਿੱਠੂ ਸਿੰਘ ਕਾਹਨੇਕੇ, ਸ਼?ਰੋਮਣੀ ਕਮੇਟੀ ਦੇ ਮੈਂਬਰ ਸ. ਸੁਰਜੀਤ ਸਿੰਘ ਭਿੱਟੇਵੱਡ, ਸ. ਬਾਵਾ ਸਿੰਘ ਗੁਮਾਨਪੁਰਾ, ਸ. ਫੁੰਮਣ ਸਿੰਘ, ਸ. ਨਵਤੇਜ ਸਿੰਘ ਕਾਉਣੀ, ਭਾਈ ਅਜੈਬ ਸਿੰਘ ਅਭਿਆਸੀ, ਸ. ਗੁਰਨਾਮ ਸਿੰਘ ਜੱਸਲ, ਸ. ਅਮਰੀਕ ਸਿੰਘ ਕੋਟਸ਼ਮੀਰ, ਬਾਬਾ ਬੂਟਾ ਸਿੰਘ, ਸ. ਦਰਸ਼ਨ ਸਿੰਘ ਸ਼ੇਰਖਾਂ, ਜਥੇਦਾਰ ਕੌਰ ਸਿੰਘ, ਸ. ਪ੍ਰੀਤਮ ਸਿੰਘ ਮਲਸੀਹਾਂ, ਬੀਬੀ ਜੋਗਿੰਦਰ ਕੌਰ, ਓਐਸਡੀ ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਸ. ਸੁਖਮਿੰਦਰ ਸਿੰਘ, ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਪ੍ਰੀਤਪਾਲ ਸਿੰਘ, ਨਿੱਜੀ ਸਕੱਤਰ ਸ. ਸਾਹਬਾਜ਼ ਸਿੰਘ, ਮੀਤ ਸਕੱਤਰ ਸ. ਗੁਰਨਾਮ ਸਿੰਘ, ਸ. ਹਰਭਜਨ ਸਿੰਘ ਵਕਤਾ, ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਐਕਸੀਅਨ ਸ. ਜਤਿੰਦਰਪਾਲ ਸਿੰਘ, ਸ. ਸੁਖਜਿੰਦਰ ਸਿੰਘ, ਕਾਨੂੰਨੀ ਸਲਾਹਕਾਰ ਸ. ਅਮਨਬੀਰ ਸਿੰਘ ਸਿਆਲੀ, ਇੰਚਾਰਜ ਸ. ਅਜਾਦਦੀਪ ਸਿੰਘ, ਸ. ਮੇਜਰ ਸਿੰਘ, ਸ. ਗੁਰਮੇਜ ਸਿੰਘ, ਆਦਿ ਮੌਜੂਦ ਸਨ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਪੇਂਡੂ ਜਲ ਸਪਲਾਈ ਸਕੀਮਾਂ ਦੇ ਪੰਚਾਇਤੀਕਰਨ/ ਨਿੱਜੀਕਰਨ ਨੀਤੀ ਰੱਦ ਕਰਨ ਲਈ ਮੁੱਖ ਮੰਤਰੀ ਦੇ ਨਾਮ ਦਿੱਤਾ ਮੰਗ ਪੱਤਰ

**ਕੌਮੀ ਪਤ੍ਰਿਕਾ**
**ਮਲਾਗਰ ਖਮਾਣੋਂ**

ਫਤਿਹਗੜ੍ਹ ਸਾਹਿਬ,3, ਦਸੰਬਰ: ਪੀ ਡਬਲਿਊ ਡੀ ਜਲ ਸਪਲਾਈ ਤਾਲਮੇਲ ਸੰਘਰਸ਼ ਕਮੇਟੀ ਪੰਜਾਬ ਦੇ ਫੈਸਲੇ ਮੁਤਾਬਿਕ ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ ਯੂਨੀਅਨ ਰਜਿ ਬਰਾਂਚ ਸ੍ਰੀ ਫਤਿਹਗੜ੍ਹ ਸਾਹਿਬ ਵੱਲੋਂ ਬਰਾਂਚ ਪ੍ਰਧਾਨ ਤਰਲੋਚਨ ਸਿੰਘ ਚੁੰਨੀ ਦੀ ਪ੍ਰਧਾਨਗੀ ਹੇਠ ਹਲਕਾ ਵਿਧਾਇਕ ਸ੍ਰੀ ਫਤਿਹਗੜ੍ਹ ਸਾਹਿਬ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਦੇ ਨਾਮ ਮੰਗ ਪੱਤਰ ਦਿੱਤਾ ਗਿਆ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਜਨਰਲ ਸਕੱਤਰ ਦੀਦਾਰ ਸਿੰਘ ਢਿੱਲੋਂ ਨੇ ਦੱਸਿਆ ਕਿ ਪਿਛਲੀਆਂ ਸਰਕਾਰਾਂ ਵੱਲੋਂ ਪੇਂਡੂ ਖੇਤਰ ਦੇ ਲੋਕਾਂ ਦੀ ਬੁਨਿਆਦੀ ਪਾਣੀ ਦੀ ਸਹੂਲਤ ਦਾ ਨਿੱਜੀਕਰਨ ਕਰਨ ਲਈ ਪਹਿਲੇ ਪੜਾਅ ਵਜੋਂ ਪੰਚਾਇਤੀਕਰਨ ਦੀ ਨੀਤੀ ਨੂੰ ਲਾਗੂ ਕੀਤਾ ਗਿਆ ਸੀ ।ਜਿਸ ਨਾਲ ਸੈਂਕੜੇ ਸਕੀਮਾਂ ਜੋ ਪੰਚਾਇਤਾਂ ਅਧੀਨ ਦਿੱਤੀਆਂ ਗਈਆਂ ਸਨ ਖੰਡਰ ਦਾ ਰੂਪ ਧਾਰਨ ਕਰ ਗਈਆਂ ਹਨ ਅਤੇ ਬਹੁਤੀਆਂ ਸਕੀਮਾਂ ਖਤਮ ਹੋਣ ਦੇ ਕਿਨਾਰੇ ਪਹੁੰਚ ਗਈਆਂ ਹਨ। ਇਹਨਾਂ ਸ਼ਾਮਿਲ ਕਰਕੇ ਰੈਗੂਲਰ ਕਰਨ,



ਸਕੀਮਾਂ ਤੇ ਕਰੋੜਾਂ ਰੁਪਏ ਦੀ ਮਸ਼ੀਨਰੀ ਬਰਬਾਦ ਹੋ ਰਹੀ ਹੈ। ਇਸ ਲੋਕ ਵਿਰੋਧੀ ਨੀਤੀ ਨੂੰ ਇਸ ਸਰਕਾਰ ਵੱਲੋਂ ਵੀ ਲਾਗੂ ਕੀਤਾ ਜਾ ਰਿਹਾ ਹੈ ,ਜਿਸ ਨਾਲ ਜਿੱਥੇ ਪੇਂਡੂ ਖੇਤਰ ਦੇ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਸਹੂਲਤ ਖਤਮ ਹੋ ਜਾਵੇਗੀ, ਉੱਥੇ ਹੀ ਪੀਣ ਵਾਲੇ ਪਾਣੀ ਤੇ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਹੋ ਜਾਵੇਗਾ ।ਇਹਨਾਂ ਦੱਸਿਆ ਕਿ ਇਸ ਨੀਤੀ ਨੂੰ ਰੱਦ ਕਰਨ ,ਪੇਂਡੂ ਭੱਤਾ ਬਹਾਲ ਕਰਨ , ਇਨਲਿਸਟਮੈਂਟ, ਆਊਟਸੋਰਸਿੰਗ ਨੀਤੀ ਤਹਿਤ ਲਗਾਤਾਰ ਕੰਮ ਕਰਦੇ ਕੰਮਿਆਂ ਨੂੰ ਵਿਭਾਗ ਵਿੱਚ ਵਿਭਾਗ ਵਿੱਚ ਪ੍ਰਮੋਸ਼ਨ ਨੀਤੀ ਲਾਗੂ ਕਰਨ, ਖਾਲੀ ਹੋ ਰਹੀਆਂ ਹਜ਼ਾਰਾਂ ਪੋਸਟਾਂ ਤੇ ਪੱਕੀ ਭਰਤੀ ਕਰਨ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ, ਕੈਸ਼ ਲੈਸ ਹੈਲਥ ਸਕੀਮ ਲਾਗੂ ਕਰਨ , ਡੀ ਏ ਦੀਆਂ ਕਿਸਤਾਂ ਸਮੇਤ ਪੇ ਕਮਿਸ਼ਨ ਦੇ ਬਕਾਏ ਜਾਰੀ ਕਰਨ, ਪੇਂਡੂ ਸਕੀਮਾਂ ਲਈ ਲੁੜੀਂਦੇ ਫੰਡ ਜਾਰੀ ਕਰਨ, ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਆਦਿ ਮੰਗਾਂ ਸਬੰਧੀ ਮੰਗ ਪੱਤਰ ਦਿੱਤਾ ਗਿਆ। ਹਲਕਾ ਵਿਧਾਇਕ ਦੀ ਗੈਰ ਹਾਜ਼ਰੀ ਵਿੱਚ ਉਹਨਾਂ ਦੇ ਪੀਏ ਨੇ ਮੰਗ ਪੱਤਰ ਹਾਸਿਲ ਕੀਤਾ, ਉਹਨਾਂ ਆਗੂਆਂ ਨੂੰ ਭਰੋਸਾ ਦਿੱਤਾ ਕਿ ਮੌਜੂਦਾ ਵਿਧਾਇਕ ਰਾਹੀਂ ਮੰਗ ਪੱਤਰ ਪੰਜਾਬ ਸਰਕਾਰ ਨੂੰ ਭੇਜ ਦਿੱਤਾ ਜਾਵੇਗਾ। ਇਸ ਮੌਕੇ ਸੂਬਾ ਪ੍ਰਧਾਨ ਮਲਾਗਰ ਸਿੰਘ ਖਮਾਣੋਂ ,ਸੁਖਰਾਮ ਕਾਲੇਵਾਲ, ਬਲਜੀਤ ਸਿੰਘ ਹਿੰਦੂਪੁਰ, ਹਰਜਿੰਦਰ ਸਿੰਘ ਖਮਾਣੋਂ ,ਲਖਵੀਰ ਸਿੰਘ, ਕਰਮ ਸਿੰਘ ਚੁੰਨੀ ,ਆਦਿ ਆਗੂ ਹਾਜ਼ਰ ਸਨ

# ਨਾਬਾਲਗਾ ਨਾਲ ਜਬਰ-ਜ਼ਿਨਾਹ ਕਰਨ ਵਾਲੇ ਮੁਲਜ਼ਮ ਗ੍ਰਿਫ਼ਤਾਰ

ਬਠਿੰਡਾ 3 ਦਸੰਬਰ। ਬਠਿੰਡਾ ਇਲਾਕੇ 'ਚ ਨਾਬਾਲਗਾ ਨਾਲ ਜਬਰ-ਜ਼ਿਨਾਹ ਦੇ ਮਾਮਲੇ 'ਚ ਤੇਜ਼ੀ ਨਾਲ ਕਾਰਵਾਈ ਕਰਦਿਆਂ ਪੁਲਸ ਨੇ ਦੋ 13 ਸਾਲਾ ਨਾਬਾਲਗ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਘਟਨਾ ਤੋਂ ਬਾਅਦ ਬੱਚੀ ਨੂੰ ਇਲਾਜ ਲਈ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਸੀ, ਜਿੱਥੇ ਉਸਦਾ ਡਾਕਟਰੀ ਮੁਆਇਨਾ ਕਰਵਾਇਆ ਗਿਆ। ਇਹ ਘਟਨਾ 22 ਨਵੰਬਰ ਨੂੰ ਵਾਪਰੀ ਸੀ। ਰਿਪੋਰਟ ਅਨੁਸਾਰ ਮਾਤਾ-ਪਿਤਾ ਦੀ ਗੈਰ-ਹਾਜ਼ਰੀ 'ਚ, ਦੋਵੇਂ ਨਾਬਾਲਗ ਮੁੰਡਿਆਂ ਨੇ ਬੱਚੀ ਨੂੰ ਕੁੱਝ ਦਿਵਾਉਣ ਦਾ ਵਾਅਦਾ ਕਰ ਕੇ ਵਰਗਲਾ ਕੇ ਤਿੰਨ ਦਿਨਾਂ ਤਕ ਉਸ ਨਾਲ ਜਬਰ-ਜ਼ਿਨਾਹ ਕੀਤਾ। ਜਦੋਂ ਬੱਚੀ ਦੀ ਮਾਂ ਨੇ ਉਸ ਦੇ ਖ਼ੂਨ ਵਹਿਣ ਅਤੇ ਪੇਟ ਦਰਦ ਬਾਰੇ ਪੁੱਛਿਆ ਤਾਂ ਬੱਚੀ ਨੇ ਘਟਨਾ ਦਾ ਵੇਰਵਾ ਦਿੱਤਾ। ਪਰਿਵਾਰ ਦੀ ਸ਼ਿਕਾਇਤ ਤੋਂ ਬਾਅਦ, ਨਹਿਰ ਕਾਲੋਨੀ ਪੁਲਸ ਸਟੇਸ਼ਨ ਨੇ ਕਾਰਵਾਈ ਕੀਤੀ, ਬੱਚੀ ਨੂੰ ਹਸਪਤਾਲ ਲੈ ਗਈ ਅਤੇ ਡਾਕਟਰੀ ਜਾਂਚ ਕਰਵਾਈ। ਜਬਰ-ਜ਼ਿਨਾਹ ਦੀ ਪੁਸ਼ਟੀ ਹੋਣ 'ਤੇ ਪੁਲਸ ਨੇ ਤੁਰੰਤ ਦੋਵਾਂ ਨਾਬਾਲਗ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ। ਕੈਨਾਲ ਕਾਲੋਨੀ ਦੇ ਐੱਸ. ਐੱਚ. ਓ. ਹਰਜੀਵਨ ਸਿੰਘ ਨੇ ਕਿਹਾ ਕਿ ਪੀੜਤ ਦੀ ਸ਼ਿਕਾਇਤ ਦੇ ਆਧਾਰ 'ਤੇ ਦੋਵੇਂ ਨਾਬਾਲਗ ਮੁੰਡਿਆਂ ਖ਼ਿਲਾਫ਼ ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ (ਪੋਕਸੋ) ਐਕਟ ਸਮੇਤ ਸਬੰਧਿਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਇਸ ਦੌਰਾਨ ਪੀੜਤ ਪਰਿਵਾਰ ਨੇ ਇਨਸਾਫ ਦੀ ਮੰਗ ਕਰਦੇ ਹੋਏ ਕਿਹਾ ਹੈ ਕਿ ਸਮਾਜ ਵਿਚ ਡਰ ਪੈਦਾ ਕਰਨ ਲਈ ਅਜਿਹੇ ਮਾਮਲਿਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣੀ ਚਾਹੀਦੀ ਹੈ।

## ਮੁੱਖ ਮੰਤਰੀ ਰੇਖਾ ਗੁਪਤਾ ਦਾ ਸਖ਼ਤ ਹੁਕਮ: ਚਲਾਨ ਜਾਰੀ ਕਰੋ, ਐਫਆਈਆਰ ਦਰਜ ਕਰੋ

Contd........................Front page

ਸੜਕ ਰੱਖ-ਰਖਾਅ ਵਿਭਾਗਾਂ ਨੂੰ ਸਖ਼ਤ ਨਿਰਦੇਸ਼ ਜਾਰੀ ਕੀਤੇ ਗਏ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਵੀ ਸੜਕ ਟੁੱਟੀ ਨਾ ਰਹੇ। ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਪ੍ਰਦੂਸ਼ਣ ਸੰਬੰਧੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਕੁਝ ਵਿਭਾਗਾਂ ਦੀ ਲਾਪਰਵਾਹੀ 'ਤੇ ਡੂੰਘੀ ਨਾਰਾਜ਼ਗੀ ਪ੍ਰਗਟ ਕੀਤੀ। ਉਨ੍ਹਾਂ ਨੇ ਡੀਪੀਸੀਸੀ ਅਧਿਕਾਰੀਆਂ ਨੂੰ ਪ੍ਰਦੂਸ਼ਣ ਨੂੰ ਹੱਲ ਕਰਨ ਅਤੇ ਸਫਾਈ ਨੂੰ ਅਣਗੌਲਿਆ ਕਰਨ ਵਿੱਚ ਲਾਪਰਵਾਹੀ ਵਰਤਣ ਵਾਲੇ ਸਰਕਾਰੀ ਵਿਭਾਗਾਂ ਵਿਰੁੱਧ ਚਲਾਨ ਜਾਰੀ ਕਰਨ ਦੇ ਵੀ ਹੁਕਮ ਦਿੱਤੇ। ਉਨ੍ਹਾਂ ਅਧਿਕਾਰੀਆਂ ਨੂੰ ਬਿਨਾਂ ਇਜਾਜ਼ਤ ਸੜਕਾਂ ਕੱਟਣ ਅਤੇ ਉਨ੍ਹਾਂ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿਣ ਵਾਲੇ ਸਰਕਾਰੀ ਅਦਾਰਿਆਂ ਵਿਰੁੱਧ ਐਫਆਈਆਰ ਦਰਜ ਕਰਨ ਦੇ ਵੀ ਹੁਕਮ ਦਿੱਤੇ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਅਜਿਹੀ ਲਾਪਰਵਾਹੀ ਲਈ ਵਿਭਾਗ ਮੁਖੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸੇ ਵੀ ਏਜੰਸੀ, ਸਰਕਾਰੀ ਅਤੇ ਨਿੱਜੀ, ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਾਨੂੰ ਪ੍ਰਦੂਸ਼ਣ ਵਿਰੁੱਧ ਜੰਗੀ ਪੱਧਰ 'ਤੇ ਕੰਮ ਕਰਨਾ ਚਾਹੀਦਾ ਹੈ, ਅਤੇ ਇਸ ਯਤਨ ਵਿੱਚ ਸਰਕਾਰ, ਵੱਖ-ਵੱਖ ਵਿਭਾਗਾਂ ਅਤੇ ਆਮ ਜਨਤਾ ਨੂੰ ਵੀ ਹਿੱਸਾ ਲੈਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਲੋਕ ਨਿਰਮਾਣ ਵਿਭਾਗ (ਪੀਡਬਲਯੂਡੀ) ਨੂੰ ਆਪਣੇ ਅਧਿਕਾਰ ਖੇਤਰ ਅਧੀਨ 1,400 ਕਿਲੋਮੀਟਰ ਸੜਕਾਂ 'ਤੇ ਸਾਰੇ ਟੋਇਆਂ ਦੀ ਪਛਾਣ ਕਰਨ ਅਤੇ ਰਿਕਾਰਡ ਸਮੇਂ ਵਿੱਚ ਉਨ੍ਹਾਂ ਦੀ ਮੁਰੰਮਤ ਕਰਨ ਦੇ ਹੁਕਮ ਦਿੱਤੇ ਹਨ। ਪਹਿਲਾਂ ਅਤੇ ਬਾਅਦ ਦੀਆਂ ਫੋਟੋਆਂ ਸਮੇਤ ਸਾਰਾ ਡੇਟਾ ਇੱਕ ਐਪ ਰਾਹੀਂ ਅਪਲੋਡ ਕੀਤਾ ਜਾਣਾ ਚਾਹੀਦਾ ਹੈ। ਮੀਟਿੰਗ ਵਿੱਚ, ਮੁੱਖ ਮੰਤਰੀ ਨੇ ਡੀਡੀਏ ਨੂੰ ਆਪਣੀਆਂ ਜ਼ਮੀਨਾਂ 'ਤੇ ਸਖ਼ਤ ਸਫਾਈ ਬਣਾਈ ਰੱਖਣ, ਆਪਣੀਆਂ ਖਾਲੀ ਜ਼ਮੀਨਾਂ ਤੋਂ ਤੁਰੰਤ ਕੂੜਾ ਹਟਾਉਣ ਅਤੇ ਸੁਚਾਰੂ ਸਫਾਈ ਕਾਰਜਾਂ ਨੂੰ ਯਕੀਨੀ ਬਣਾਉਣ ਲਈ ਆਪਣੇ ਬਾਜ਼ਾਰਾਂ ਨੂੰ ਤੁਰੰਤ ਐਮਸੀਡੀ ਨੂੰ ਤਬਦੀਲ ਕਰਨ ਦੇ ਆਦੇਸ਼ ਜਾਰੀ ਕੀਤੇ। ਦਿੱਲੀ ਮੈਟਰੋ ਨੂੰ ਸਖ਼ਤ ਤੌਰ 'ਤੇ ਨਿਰਦੇਸ਼ ਦਿੱਤੇ ਗਏ ਸਨ ਕਿ ਉਹ ਆਪਣੀਆਂ ਉੱਚੀਆਂ ਲਾਈਨਾਂ ਦੇ ਹੇਠਾਂ ਸੜਕਾਂ ਦੀ ਤੁਰੰਤ ਮੁਰੰਮਤ ਕਰੇ ਅਤੇ ਪ੍ਰਭਾਵਸ਼ਾਲੀ ਧੂੜ ਕੰਟਰੋਲ ਉਪਾਅ ਲਾਗੂ ਕਰੇ। ਮੁੱਖ ਮੰਤਰੀ ਰੇਖਾ ਗੁਪਤਾ ਨੇ ਸਪੱਸ਼ਟ ਕੀਤਾ ਕਿ ਹੋਰ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਦਿੱਲੀ ਦੀਆਂ ਸੜਕਾਂ ਨੂੰ ਸਾਫ਼, ਹਰਿਆਲੀ ਅਤੇ ਧੂੜ ਮੁਕਤ ਬਣਾਉਣਾ ਪ੍ਰਦੂਸ਼ਣ ਵਿਰੁੱਧ ਸਾਡੀ ਸਭ ਤੋਂ ਵੱਡੀ ਲੜਾਈ ਹੈ। ਵਾਤਾਵਰਣ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ÷311 ਗ੍ਰੀਨ ਐਪ÷ ਨੂੰ ਗ੍ਰੀਨ ਵਾਰ ਰੂਮ ਰਾਹੀਂ ਟੋਇਆਂ, ਬੂਟੇ ਖੇਤਰਾਂ ਅਤੇ ਧੂੜ ਦੇ ਹੌਟਸਪੌਟਾਂ ਦੀ ਨਿਗਰਾਨੀ ਕਰਨ ਲਈ ਇੱਕ ਨੋਡਲ ਪਲੇਟਫਾਰਮ ਵਜੋਂ ਹੋਰ ਮਜ਼ਬੂਤ ??ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਅਗਲੇ ਛੇ ਮਹੀਨਿਆਂ ਲਈ ਇੱਕ ਵਿਆਪਕ ਕਾਰਜ ਯੋਜਨਾ ਤਿਆਰ ਕੀਤੀ ਜਾ ਰਹੀ ਹੈ, ਜਿਸ ਵਿੱਚ ਧੂੜ-ਪ੍ਰਭਾਵਿਤ ÷ਗੂੜੇ ਖੇਤਰਾਂ÷ ਦੀ ਪਛਾਣ ਕੀਤੀ ਜਾ ਰਹੀ ਹੈ ਅਤੇ ਉੱਥੇ ਧੂੜ-ਮੁਕਤ ਅਤੇ ਹਰੇ ਉਪਾਅ ਲਾਗੂ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਦਿੱਲੀ ਵਿੱਚ BS-IV ਤੋਂ ਘੱਟ ਵਾਹਨਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਦੀ ਪਹਿਲਕਦਮੀ ਤੋਂ ਬਾਅਦ, ਆਖਰੀ-ਮੀਲ ਸੰਪਰਕ ਨੂੰ ਬਿਹਤਰ ਬਣਾਉਣ ਲਈ ਈ-ਆਟੋ ਨੂੰ ਤਰਜੀਹ ਦਿੱਤੀ ਜਾਵੇਗੀ ਤਾਂ ਜੋ ਵੱਧ ਤੋਂ ਵੱਧ ਲੋਕ ਮੈਟਰੋ ਦੀ ਵਰਤੋਂ ਕਰ ਸਕਣ। ਵਾਤਾਵਰਣ ਮੰਤਰੀ ਦੇ ਅਨੁਸਾਰ, ਧੁੰਦ ਸਪਰੇਅ ਸਿਸਟਮ ਤਕਨਾਲੋਜੀ ਰਾਹੀਂ ਧੂੜ ਘਟਾਉਣ ਦੇ ਸਕਾਰਾਤਮਕ ਨਤੀਜੇ ਸਾਹਮਣੇ ਆਏ ਹਨ ਅਤੇ ਹੁਣ ਇਸਨੂੰ ਦਿੱਲੀ ਭਰ ਵਿੱਚ ਵਿਆਪਕ ਤੌਰ 'ਤੇ ਲਾਗੂ ਕੀਤਾ ਜਾਵੇਗਾ। ਐਮਸੀਡੀ ਨੂੰ ਆਪਣੀਆਂ 8,000 ਕਿਲੋਮੀਟਰ ਸੜਕਾਂ ਨੂੰ ਟੋਏ-ਮੁਕਤ ਅਤੇ ਧੂੜ-ਮੁਕਤ ਬਣਾਉਣ ਦਾ ਵੀ ਆਦੇਸ਼ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪ੍ਰਦੂਸ਼ਣ ਕੰਟਰੋਲ ਲਈ ਆਧੁਨਿਕ ਤਕਨਾਲੋਜੀ ਦੀ ਵਰਤੋਂ ਕੀਤੀ ਜਾ ਰਹੀ ਹੈ। ਅਗਲੇ 45 ਦਿਨਾਂ ਵਿੱਚ 1,000 ਵੈਕਿਊਮ-ਅਧਾਰਤ ਕੂੜਾ ਚੁੱਕਣ ਵਾਲੇ ਅਤੇ 100 ਮਕੈਨੀਕਲ ਰੋਡ ਸਵੀਪਰ (ਐਮਆਰਐਸ) ਤਾਇਨਾਤ ਕੀਤੇ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਟੀਚਾ ਅਗਲੇ ਕੁਝ ਮਹੀਨਿਆਂ ਦੇ ਅੰਦਰ ਦਿੱਲੀ ਦੀਆਂ ਜ਼ਿਆਦਾਤਰ ਡੰਪ ਸਾਈਟਾਂ ਨੂੰ ਪੂਰੀ ਤਰ੍ਹਾਂ ਸਾਫ਼ ਕਰਨਾ ਹੈ। ਇਸ ਤੋਂ ਇਲਾਵਾ, ਸਾਰੀਆਂ ਉਸਾਰੀ ਥਾਵਾਂ ਨੂੰ 48 ਘੰਟਿਆਂ ਦੇ ਅੰਦਰ ਵਾੜ ਲਗਾਉਣ ਅਤੇ ਪ੍ਰਦੂਸ਼ਣ ਕੰਟਰੋਲ ਨਿਯਮਾਂ ਦੀ ਪਾਲਣਾ ਕਰਨ ਦਾ ਆਦੇਸ਼ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਦਿੱਲੀ ਨੂੰ ਸਾਫ਼ ਅਤੇ ਪ੍ਰਦੂਸ਼ਣ ਮੁਕਤ ਰੱਖਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ, ਭਾਵੇਂ ਉਹ ਕੋਈ ਵੀ ਏਜੰਸੀ ਜਾਂ ਉਦਯੋਗ ਹੋਵੇ।


**NAME CHANGE**

I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**

I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**

It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**

It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**

It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**

It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DIN-DAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**

It is for general information that I, NIDHI AGGARWAL YADAV D/o VIRENDER KUMAR AGGARW-AL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POON-AM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**

I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**

I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**

I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**

I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I, SANJAY KUMAR CHOUDHARY S/o LATE SH. LAXMAN CHAUD-HARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.


**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.


**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.


**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.


**NAME CHANGE**

I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**

It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**

Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.


**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.


**NAME CHANGE**

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**

I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.


**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.


**NAME CHANGE**

I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose


**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.


**PUBLIC NOTICE**

My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

**PUBLIC NOTICE**

I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**

I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**

I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**

I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**

I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**

I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**

I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**

I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**

I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**

I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**

I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.


**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.


**NAME CHANGE**

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**

I, ANITA W/o NO- 2806617A HAV TANGADKAR SUBHASH SITARAM R/o VPO-GHAR-GAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**

MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

# ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਦੇ ਛੇ ਕੈਡਿਟਾਂ ਨੇ ਐਨ.ਡੀ.ਏ. ਤੋਂ ਗ੍ਰੈਜੂਏਸ਼ਨ ਕੀਤੀ ਮੁਕੰਮਲ; ਅਮਨ ਅਰੋੜਾ ਨੇ ਕੈਡਿਟਾਂ ਨੂੰ ਦਿੱਤੀ ਵਧਾਈ



**ਚੰਡੀਗੜ੍ਹ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ, ਐਸ.ਏ.ਐਸ. ਨਗਰ (ਮੋਹਾਲੀ) ਦੇ ਛੇ ਕੈਡਿਟਾਂ ਨੇ ਨੈਸ਼ਨਲ ਡਿਫੈਂਸ ਅਕੈਡਮੀ (ਐਨ.ਡੀ.ਏ.) ਖੜਕਵਾਸਲਾ, ਪੁਣੇ ਤੋਂ ਗ੍ਰੈਜੂਏਸ਼ਨ ਮੁਕੰਮਲ ਕੀਤੀ ਹੈ। ਚੀਫ਼ ਆਫ਼ ਨੇਵਲ ਸਟਾਫ ਐਡਮਿਰਲ ਦਿਨੇਸ਼ ਕੇ. ਤ੍ਰਿਪਾਠੀ, ਪੀ.ਵੀ.ਐਸ.ਐਮ. ਏ.ਵੀ.ਐਸ.ਐਮ. ਐਨ.ਐਮ. ਨੇ ਪਾਸਿੰਗ ਆਊਟ ਪਰੇਡ ਦਾ ਨਿਰੀਖਣ ਕੀਤਾ, ਜੋ ਕਿ ਭਾਰਤੀ ਹਥਿਆਰਬੰਦ ਸੈਨਾਵਾਂ ਵਿੱਚ ਆਪਣੇ ਕਰੀਅਰ ਦੀ ਸ਼ੁਰੂਆਤ ਕਰਨ ਵਾਲੇ ਨੌਜਵਾਨ ਅਫ਼ਸਰਾਂ ਲਈ ਇੱਕ ਮਾਣਮੱਤਾ ਪਲ ਸੀ।

ਤਿੰਨ ਸਾਲਾਂ ਦੀ ਸਖ਼ਤ ਸਿਖਲਾਈ ਤੋਂ ਬਾਅਦ ਛੇ ਕੈਡਿਟਾਂ - ਗੁਰਕਰਨ ਸਿੰਘ (ਮੁਹਾਲੀ), ਹਰਮਨਵੀਰ ਸਿੰਘ (ਸ੍ਰੀ ਮੁਕਤਸਰ ਸਾਹਿਬ), ਅਰਜੁਨ ਸਿੰਘ ਤੂਰ (ਲੁਧਿਆਣਾ), ਰਿਦਮ ਮਹਾਜਨ (ਪਠਾਨਕੋਟ), ਅਕਸ਼ਾਂਸ਼ ਅਗਰਵਾਲ (ਸ੍ਰੀ ਫਤਿਹਗੜ੍ਹ ਸਾਹਿਬ) ਅਤੇ ਗੁਰਜੋਤ ਸਿੰਘ (ਸੰਗਰੂਰ) ਹੁਣ ਸਰਵਿਸ ਟ੍ਰੇਨਿੰਗ ਅਕੈਡਮੀਆਂ ਵਿੱਚ ਜਾਣਗੇ, ਜਿੱਥੋਂ ਇੱਕ ਸਾਲ ਦੇ ਵਿੱਚ ਉਨ੍ਹਾਂ ਦੇ ਕਮਿਸ਼ਨ ਅਫ਼ਸਰ ਬਣਨ ਦਾ ਰਾਹ ਪੱਧਰਾ ਹੋਵੇਗਾ। ਜ਼ਿਕਰਯੋਗ ਹੈ ਕਿ ਇਨ੍ਹਾਂ ਕੈਡਿਟਾਂ ਨੇ ਕੋਵਿਡ-19 ਮਹਾਂਮਾਰੀ ਦੌਰਾਨ ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਵਿਖੇ ਸਿਖਲਾਈ ਪ੍ਰਾਪਤ ਕੀਤੀ ਸੀ।

ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਨੇ ਕੈਡਿਟਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਹੋਰ ਮਿਹਨਤ ਕਰਨ ਅਤੇ ਸੂਬੇ ਦਾ ਮਾਣ ਵਧਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਦੇ ਸ਼ਲਾਘਾਯੋਗ ਨਤੀਜਿਆਂ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਇਨ੍ਹਾਂ ਨੌਜਵਾਨ ਅਫ਼ਸਰਾਂ ਦੇ ਭਵਿੱਖ ਨੂੰ ਨਵਾਂ ਰੂਪ ਦੇਣ ਵਿੱਚ ਸੰਸਥਾ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਇਸ ਸੰਸਥਾ ਦੇ ਡਾਇਰੈਕਟਰ ਮੇਜਰ ਜਨਰਲ ਅਜੈ ਐਚ. ਚੌਹਾਨ, ਵੀ.ਐਸ.ਐਮ. (ਸੇਵਾਮੁਕਤ) ਨੇ ਕੈਡਿਟਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ 15 ਕੈਡਿਟ ਦਸੰਬਰ 2025 ਵਿੱਚ ਸ਼ੁਰੂ ਹੋਣ ਵਾਲੇ ਕੋਰਸਾਂ ਲਈ ਐਨ.ਡੀ.ਏ. ਅਤੇ ਹੋਰ ਸਿਖਲਾਈ ਅਕੈਡਮੀਆਂ ਵਿੱਚ ਸ਼ਾਮਲ ਹੋਣ ਲਈ ਕਾਲ-ਅੱਪ ਲੈਟਰਾਂ ਦੀ ਉਡੀਕ ਕਰ ਰਹੇ ਹਨ ਅਤੇ 47 ਕੈਡਿਟ ਜਲਦੀ ਆਪਣਾ ਸਰਵਿਸ ਸਿਲੈਕਸ਼ਨ ਬੋਰਡ (ਐਸਐਸਬੀ) ਇੰਟਰਵਿਊ ਦੇਣਗੇ। ਉਨ੍ਹਾਂ ਕਿਹਾ ਕਿ ਕੈਡਿਟਾਂ ਦੀਆਂ ਪ੍ਰਾਪਤੀਆਂ ਸੰਸਥਾ ਅਤੇ ਪੰਜਾਬ ਦਾ ਮਾਣ ਵਧਾਉਂਦੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਸੰਸਥਾ ਵਿਖੇ ਨਵੇਂ ਕੋਰਸ ਵਿੱਚ ਦਾਖਲੇ ਲਈ 15 ਦਸੰਬਰ, 2025 ਤੱਕ ਅਪਲਾਈ ਕੀਤਾ ਜਾ ਸਕਦਾ ਹੈ।

## ਗੁਰਦੁਆਰਾ ਸ੍ਰੀ ਗੁਰੂ ਕ੍ਰਿਪਾ ਸਾਹਿਬ ਵਿਚ ਹੋਏ ਸਮਾਗਮਾਂ ਵਿਚ ਭਾਜਪਾ ਆਗੂਆਂ ਨੇ ਕੀਤੀ ਸ਼ਿਰਕਤ



**ਖਰੜ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਦੁਆਰਾ ਗੁਰੂ ਕ੍ਰਿਪਾ ਸਾਹਿਬ, ਸੈਕਟਰ-127 ਖਰੜ ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਸੰਗਤਾਂ ਵੱਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸਮਾਗਮ ਦੌਰਾਨ ਪਹਿਲਾਂ ਸਵੇਰੇ ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਪਾਏ ਗਏ ਅਰਦਾਸ ਉਪਰੰਤ ਰਾਗੀ ਜਥਿਆਂ ਵਲੋਂ ਕੀਰਤਨ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤੀ। ਭਾਜਪਾ ਮੰਡਲ ਖਰੜ ਦੇ ਪ੍ਰਧਾਨ ਰਾਕੇਸ਼ ਗੁਪਤਾ ਬੰਟੀ ਨੇ ਦੱਸਿਆ ਕਿ ਇਸ ਸਮਾਗਮ ਵਿਚ ਭਾਜਪਾ ਪੰਜਾਬ ਦੇ ਖਜਾਨਚੀ ਸੁਖਵਿੰਦਰ ਗੋਲਡੀ, ਰਣਜੀਤ ਸਿੰਘ ਗਿੱਲ ਭਾਜਪਾ ਆਗੂ,ਨਰਿੰਦਰ ਸਿੰਘ ਰਾਣਾ, ਪਰਵੇਸ਼ ਭਾਰਤੀ,ਦਵਿੰਦਰ ਗੁਪਤਾ, ਪ੍ਰੀਤੀ ਰਾਣਾ, ਆਸ਼ੂ ਪੁਰੀ, ਸਵੀਟੀ, ਵਿਨਾਇਕ, ਰਾਜੀਵ ਸ਼ਰਮਾ, ਰੋਹਿਤ ਸੇਠੀ ਸਾਰੇ ਆਗੂਆਂ ਨੇ ਸੰਗਤ ਨਾਲ ਮਿਲ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸ਼ਹਾਦਤ ਧਰਮ ਦੀ ਰੱਖਿਆ ਅਤੇ ਮਨੁੱਖੀ ਅਧਿਕਾਰਾਂ ਦੀ ਮਿਸਾਲ ਹੈ ਅਤੇ ਸਾਨੂੰ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਚੱਲਦੇ ਹੋਏ ਸਮਾਜ ਵਿੱਚ ਸਾਂਝ, ਸਹਿਣਸ਼ੀਲਤਾ ਅਤੇ ਸੱਚਾਈ ਦਾ ਸੁਨੇਹਾ ਦੇਣਾ ਚਾਹੀਦਾ ਹੈ।

# ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਸੀਸ ਸਸਕਾਰ ਦਿਵਸ ਮੌਕੇ ਗੁ: ਸੀਸ ਗੰਜ ਸਾਹਿਬ ਵਿਖੇ ਹੋਏ ਨਤਮਸਤਕ



**ਸ੍ਰੀ ਅਨੰਦਪੁਰ ਸਾਹਿਬ 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਅੱਜ ਗੁਰਦੁਆਰਾ ਸੀਸ ਗੰਜ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਮੱਥਾ ਟੇਕ ਕੇ ਨੌਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸ਼ਾਨੀ ਸ਼ਹਾਦਤ ਨੂੰ ਨਮਨ ਕੀਤਾ। ਕੈਬਨਿਟ ਮੰਤਰੀ ਨੇ ਸੀਸ ਸਸਕਾਰ ਦਿਵਸ ਦੇ ਪਾਵਨ ਮੌਕੇ ਵਿਸ਼ਾਲ ਸੀਸ ਮਾਰਗ ਨਗਰ ਕੀਰਤਨ ਵਿੱਚ ਹਾਜ਼ਰੀ ਭਰੀ ਅਤੇ ਸੰਗਤਾਂ ਨਾਲ ਮਿਲ ਕੇ ਸ਼ਰਧਾ ਭਾਵਨਾ ਨਾਲ ਸ਼ਮੂਲੀਅਤ ਕੀਤੀ।

ਕੈਬਨਿਟ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਮਨੁੱਖਤਾ ਲਈ ਉਹ ਅਦੁੱਤੀ ਸ਼ਹਾਦਤ ਹੈ, ਜਿਸਦੀ ਉਦਾਹਰਣ ਸਮੁੱਚੇ ਸੰਸਾਰ ਵਿੱਚ ਨਹੀਂ ਮਿਲਦੀ। ਹਿੰਦ ਦੀ ਚਾਦਰ ਦੇ ਸਨਮਾਨ ਨਾਲ ਨਵਾਜ਼ੇ ਗੁਰੂ ਸਾਹਿਬ ਨੇ ਧਰਮ, ਇਨਸਾਫ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਆਪਣਾ ਸੀਸ ਨਿਛਾਵਰ ਕਰ ਦਿੱਤਾ। ਕੈਬਨਿਟ ਮੰਤਰੀ ਨੇ ਕਿਹਾ ਕਿ ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਵੀ ਸਿੱਖ ਇਤਿਹਾਸ ਦਾ ਉਹ ਸੁਨਿਹਰਾ ਅਧਿਆਇ ਹੈ, ਜੋ ਸੰਸਾਰ ਨੂੰ ਸੱਚਾਈ ਅਤੇ ਧਰਮ ਨਿਭਾਉਣ ਦਾ ਸੰਦੇਸ਼ ਦਿੰਦਾ ਹੈ।

ਸੀਸ ਸਸਕਾਰ ਦਿਵਸ ਦੇ ਸੰਬੰਧ ਵਿੱਚ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿਹਾ ਕਿ ਅੱਜ ਤੋਂ ਲਗਭਗ 350 ਸਾਲ ਪਹਿਲਾਂ, ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਸੀਸ ਦਾ ਸਸਕਾਰ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਹੋਇਆ ਸੀ। ਇਹ ਉਹ ਥਾਂ ਹੈ ਜਿੱਥੇ ਤੋਂ ਸਿੱਖ ਕੌਮ ਨੇ ਸ਼ਹਾਦਤ ਅਤੇ ਆਤਮ ਬਲਿਦਾਨ ਦੀਆਂ ਪ੍ਰੰਪਰਾਵਾਂ ਨੂੰ ਚੜ੍ਹਦੀ ਕਲਾ ਨਾਲ ਅੱਗੇ ਵਧਾਇਆ।

ਕੈਬਨਿਟ ਮੰਤਰੀ ਨੇ ਭਾਈ ਜੈਤਾ ਜੀ ਦੀ ਮਹਾਨ ਭੂਮਿਕਾ ਨੂੰ ਯਾਦ ਕਰਦਿਆਂ ਕਿਹਾ ਕਿ ਉਹ ਦਿੱਲੀ ਤੋਂ ਗੁਰੂ ਸਾਹਿਬ ਦਾ ਪਾਵਨ ਸੀਸ ਕੀਰਤਪੁਰ ਸਾਹਿਬ ਲੈ ਕੇ ਪਹੁੰਚੇ। ਉੱਥੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਪਰਿਵਾਰ ਅਤੇ ਸੰਗਤਾਂ ਸਮੇਤ ਗੁਰੂ ਸਾਹਿਬ ਦੇ ਪਾਵਨ ਸੀਸ ਨੂੰ ਸੋਹਣੇ ਬਿਬਾਨ ਵਿੱਚ ਸਜਾ ਕੇ ਸ੍ਰੀ ਅਨੰਦਪੁਰ ਸਾਹਿਬ ਲੈ ਕੇ ਆਏ, ਜਿੱਥੇ ਪਾਵਨ ਸੀਸ ਦਾ ਸਸਕਾਰ ਕੀਤਾ ਗਿਆ। ਨਗਰ ਕੀਰਤਨ ਦੌਰਾਨ ਹਜ਼ਾਰਾਂ ਸੰਗਤਾਂ ਨੇ ਭਗਤੀ-ਭਾਵਨਾ ਨਾਲ ਗੁਰੂ ਸਾਹਿਬ ਦੇ ਉਪਦੇਸ਼ਾਂ ਨੂੰ ਸਿਮਰਿਆ ਅਤੇ ਸਮੂਹ ਸਮਾਜ ਵਿੱਚ ਸ਼ਾਂਤੀ, ਭਾਈਚਾਰੇ ਅਤੇ ਸੱਚ ਦੀ ਜਿੱਤ ਦਾ ਸੰਦੇਸ਼ ਪ੍ਰਸਾਰਤ ਕੀਤਾ।

# ਘਾਨਾ ਦੇ ਹਾਈ ਕਮਿਸ਼ਨਰ ਐਚ.ਈ. ਪ੍ਰੋ: ਕਵਾਸੀ ਓਬਿਰੀ-ਡਾਂਸੋ ਨੂੰ ਹਰਪ੍ਰੀਤ ਸੰਧੂ ਦੁਆਰਾ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੁਸਤਕ ਭੇਟ

**ਨਵੀਂ ਦਿੱਲੀ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਘਾਨਾ ਨਾਲ ਸੱਭਿਆਚਾਰਕ ਅਤੇ ਧਾਰਮਿਕ ਵਿਰਾਸਤੀ ਸਬੰਧਾਂ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਇੱਕ ਮਿਸਾਲੀ ਕਦਮ ਵਿੱਚ ਪੰਜਾਬ ਦੇ ਰਾਜ ਸੂਚਨਾ ਕਮਿਸ਼ਨਰ, ਹਰਪ੍ਰੀਤ ਸੰਧੂ ਨੇ ਭਾਰਤ ਵਿੱਚ ਘਾਨਾ ਦੇ ਨਵ-ਨਿਯੁਕਤ ਹਾਈ ਕਮਿਸ਼ਨਰ ਐਚ.ਈ. ਪ੍ਰੋ. ਕਵਾਸੀ ਓਬਰੀ-ਡਾਂਸੋ ਨਾਲ ਘਾਨਾ ਹਾਈ ਕਮਿਸ਼ਨ, ਨਵੀਂ ਦਿੱਲੀ ਵਿਖੇ ਇੱਕ ਮੀਟਿੰਗ ਕੀਤੀ ਅਤੇ ਉਨ੍ਹਾਂ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੁਸਤਕ, ਨੌਵੇਂ ਸਿੱਖ ਗੁਰੂ ਨਾਲ ਸਬੰਧਿਤ ਇਤਿਹਾਸਕ ਅਸਥਾਨਾਂ ਨੂੰ ਦਰਸਾਉਂਦੀ ਪਾਵਨ ਵਿਜ਼ੂਅਲ ਸਾਹਿਤ ਦਾ ਸੈੱਟ, ਪੰਜਾਬੀ ਵਰਣਮਾਲਾ ਨਾਲ ਸਜਾਈ ਇੱਕ ਰਵਾਇਤੀ ਸ਼ਾਲ ਅਤੇ ਪੰਜਾਬ ਦੇ ਅਮੀਰ ਸੱਭਿਆਚਾਰ ਨੂੰ ਦਰਸਾਉਂਦੀ ਵਿਰਾਸਤੀ ਤਲਵਾਰ ਭੇਟ ਕੀਤੀ, ਜੋ ਘਾਨਾ ਅਤੇ ਪੰਜਾਬ ਦਰਮਿਆਨ ਆਲਮੀ ਪੱਧਰ 'ਤੇ ਸੱਭਿਆਚਾਰਕ ਸਬੰਧਾਂ ਨੂੰ ਉਤਸ਼ਾਹਿਤ ਕਰਨ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਹੈ।



ਭਾਰਤ ਵਿੱਚ ਘਾਨਾ ਦੇ ਹਾਈ ਕਮਿਸ਼ਨਰ ਐਚ.ਈ. ਪ੍ਰੋ. ਕਵਾਸੀ ਓਬਰੀ-ਡਾਂਸੋ ਨੇ ਪੰਜਾਬ ਦੇ ਰਾਜ ਸੂਚਨਾ ਕਮਿਸ਼ਨਰ ਹਰਪ੍ਰੀਤ ਸੰਧੂ ਵੱਲੋਂ ਘਾਨਾ ਹਾਈ ਕਮਿਸ਼ਨ ਲਈ ਨੌਵੇਂ ਸਿੱਖ ਗੁਰੂ ਦੀ ਲਾਸਾਨੀ ਸ਼ਹਾਦਤ ਨਾਲ ਸਬੰਧਤ ਡੂੰਘੇ ਇਤਿਹਾਸਕ ਅਤੇ ਅਧਿਆਤਮਿਕ ਮਹੱਤਵ ਨੂੰ ਉਜਾਗਰ ਕਰਨ ਦੇ ਇਸ ਵਿਲੱਖਣ ਕਦਮ ਦੀ ਸ਼ਲਾਘਾ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਇਹ ਪਹਿਲ ਨੌਵੇਂ ਸਿੱਖ ਗੁਰੂ ਦੁਆਰਾ ਦਿੱਤੇ ਵਿਸ਼ਵਵਿਆਪੀ ਭਾਈਚਾਰੇ, ਮਨੁੱਖਤਾ ਅਤੇ ਸ਼ਾਂਤੀ ਦੇ ਸੰਦੇਸ਼ ਦਾ ਪਾਸਾਰ ਕਰਦੀ ਹੈ। ਭਾਰਤ ਵਿੱਚ ਘਾਨਾ ਦੇ ਹਾਈ ਕਮਿਸ਼ਨਰ ਐਚ.ਈ. ਪ੍ਰੋ. ਕਵਾਸੀ ਓਬਰੀ-ਡਾਂਸੋ ਨੇ ਪੰਜਾਬ ਦੇ ਸਟੇਟ ਸੂਚਨਾ ਕਮਿਸ਼ਨਰ ਹਰਪ੍ਰੀਤ ਸੰਧੂ ਵੱਲੋਂ ਪੰਜਾਬ ਦੀ ਧਾਰਮਿਕ ਵਿਰਾਸਤ ਨੂੰ ਉਜਾਗਰ ਕਰਨ ਵਾਲੇ ਇਸ ਨੇਕ ਕਾਰਜ ਲਈ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ, ਜਿਸ ਦਾ ਉਦੇਸ਼ ਵੱਖ ਵੱਖ ਭਾਈਚਾਰਿਆਂ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀਆਂ ਸਿੱਖਿਆਵਾਂ ਅਤੇ ਲਾਸਾਨੀ ਸ਼ਹਾਦਤ ਦੇ ਸਥਾਈ ਮਹੱਤਵ ਬਾਰੇ ਜਾਗਰੂਕ ਕਰਨਾ ਹੈ। ਰਾਜ ਸੂਚਨਾ ਕਮਿਸ਼ਨਰ, ਪੰਜਾਬ ਹਰਪ੍ਰੀਤ ਸੰਧੂ ਨੇ ਕਿਹਾ ਕਿ ਭਾਰਤ ਵਿੱਚ ਘਾਨਾ ਦੇ ਹਾਈ ਕਮਿਸ਼ਨਰ, ਐਚ.ਈ. ਪ੍ਰੋ. ਕਵਾਸੀ ਓਬੀਰੀ-ਡਾਂਸੋ ਨਾਲ ਉਨ੍ਹਾਂ ਦੀ ਗੱਲਬਾਤ ਸੱਭਿਆਚਾਰਕ ਸਾਂਝ ਅਤੇ ਪੰਜਾਬ ਤੇ ਘਾਨਾ ਦਰਮਿਆਨ ਕੂਟਨੀਤਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੀ ਦਿਸ਼ਾ ਵੱਲ ਅਹਿਮ ਕਦਮ ਹੈ।

# ਸੰਗਰੂਰ ਦੇ ਪੱਤਰਕਾਰਾਂ ਨਾਲ ਪੁਲਸ ਵੱਲੋਂ ਕੀਤੀ ਗਈ ਬਦਸਲੂਕੀ ਪ੍ਰੈਸ ਦੀ ਅਜ਼ਾਦੀ 'ਤੇ ਹਮਲਾ : ਪ੍ਰਧਾਨ ਸ਼ਹਾਬੂਦੀਨ

**ਮਲੇਰਕੋਟਲਾ, 3 ਦਸੰਬਰ**
**-ਰਾਜੇਸ਼ ਸ਼ਰਮਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਲੇਰਕੋਟਲਾ ਜ਼ਿਲਾ ਪ੍ਰੈਸ ਕਲੱਬ ਦੀ ਇੱਕ ਅਹਿਮ ਮੀਟਿੰਗ ਅੱਜ ਇਥੇ ਜ਼ਿਲਾ ਪ੍ਰੈਸ ਕਲੱਬ ਦੇ ਪ੍ਰਧਾਨ ਸ਼ਹਾਬੂਦੀਨ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ 'ਚ ਇੱਕ ਮਤੇ ਰਾਹੀਂ ਲੰਘੇ ਦਿਨੀ ਸੰਗਰੂਰ ਸ਼ਹਿਰ 'ਚ ਧਰਨਾਂ ਪ੍ਰਦਰਸ਼ਨ ਦੀ ਕਵਰੇਜ਼ ਕਰ ਰਹੇ ਪੱਤਰਕਾਰਾਂ ਦੀ ਪੁਲਸ ਵੱਲੋਂ ਸ਼ਰੇਆਮ ਕੁੱਟਮਾਰ ਕਰਨ ਦੀ ਸਖਤ ਸ਼ਬਦਾਂ 'ਚ ਨਿੰਦਾ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰੈਸ ਕਲੱਬ ਦੇ ਜ਼ਿਲਾ ਪ੍ਰਧਾਨ ਪੱਤਰਕਾਰ ਸ਼ਹਾਬੂਦੀਨ ਨੇ ਪੁਲਸ ਵੱਲੋਂ ਸੰਗਰੂਰ ਦੇ ਪੱਤਰਕਾਰਾਂ ਨਾਲ ਕੀਤੀ ਗਈ ਕਥਿਤ ਗੁੰਡਾਗਰਦੀ ਨੂੰ ਲੋਕਤੰਤਰ ਦੇ ਚੌਥੇ ਥੰਮ ਪ੍ਰੈਸ ਦੀ ਅਜ਼ਾਦੀ 'ਤੇ ਹਮਲਾ ਕਰਾਰ ਦਿੰਦਿਆਂ ਕਿਹਾ ਕਿ ਪੰਜਾਬ ਭਰ ਅੰਦਰ ਪੁਲਸ ਦਾ ਪੱਤਰਕਾਰਾਂ ਪ੍ਰਤੀ ਗੁੰਡਾਤੰਤਰ ਵੱਧਦਾ ਜਾ ਰਿਹਾ ਹੈ ਆਏ ਦਿਨ ਪੁਲਸ ਪੱਤਰਕਾਰਾਂ ਨਾਲ ਬਦਸਲੂਕੀਆਂ ਕਰਦੇ ਹੋਏ ਪੱਤਰਕਾਰਾਂ 'ਤੇ ਝੂਠੇ ਪਰਚੇ ਦਰਜ ਕਰਕੇ ਪ੍ਰੈਸ ਦੀ ਅਵਾਜ਼ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ।ਜਿਸਨੂੰ ਪੰਜਾਬ ਦਾ ਪੱਤਰਕਾਰ ਭਾਈਚਾਰਾ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗਾ।ਪ੍ਰਧਾਨ ਸ਼ਹਾਬੂਦੀਨ ਨੇ ਦੱਸਿਆ ਕਿ ਲੰਘੀ ਕੱਲ ਸੰਗਰੂਰ ਵਿਖੇ ਪੰਜਾਬ ਰੋਡਵੇਜ਼ ਮੁਲਾਜ਼ਮਾਂ ਵੱਲੋਂ ਕੀਤੇ ਜਾ ਰਹੇ ਧਰਨਾਂ ਪ੍ਰਦਰਸ਼ਨ ਦੀ ਸ਼ਾਂਤਮਈ ਢੰਗ ਨਾਲ ਕਵਰੇਜ਼ ਕਰ ਰਹੇ ਪੱਤਰਕਾਰਾਂ ਨਾਲ ਪੁਲਸ ਨੇ ਬਦਸਲੂਕੀ ਕਰਦਿਆਂ ਇੱਕ ਪੱਤਰਕਾਰ ਕਿਰਤੀ ਦੀ ਕੁੱਟਮਾਰ ਕੀਤੀ ਅਤੇ ਉਸਦਾ ਮੋਬਾਇਲ ਫੋਨ ਵੀ ਪੁਲਸ ਨੇ ਤੋੜ ਦਿੱਤਾ।ਮੁੱਖ ਮੰਤਰੀ ਪੰਜਾਬ ਦੇ ਆਪਣੇ ਜ਼ਿਲੇ ਅੰਦਰ ਪੁਲਸ ਦਾ ਪੱਤਰਕਾਰਾਂ ਪ੍ਰਤੀ ਇਹ ਮਾੜਾ ਰਵੱਈਆ ਬਹੁਤ ਹੀ ਨਿੰਦਣਯੋਗ ਹੈ।ਪੱਤਰਕਾਰਾਂ ਨਾਲ ਬਦਸਲੂਕੀ ਕਰਨ ਵਾਲੇ ਪੁਲਸ ਅਫਸਰਾਂ ਖਿਲਾਫ ਸਖਤ ਕਾਰਵਾਈ ਦੀ ਮੰਗ ਕਰਦੇ ਹੋਏ ਪ੍ਰਧਾਨ ਸ਼ਹਾਬੂਦੀਨ ਨੇ ਕਿਹਾ ਕਿ ਸੰਗਰੂਰ ਦੇ ਪੱਤਰਕਾਰਾਂ ਵੱਲੋਂ ਇਸ ਮਾਮਲੇ ਨੂੰ ਲੈ ਕੇ ਕੀਤੇ ਜਾਣ ਵਾਲੇ ਹਰ ਤਰ੍ਹਾਂ ਦੇ ਸੰਘਰਸ਼ 'ਚ ਮਾਲੇਰਕੋਟਲਾ ਜ਼ਿਲੇ ਦਾ ਸਮੁੱਚਾ ਪੱਤਰਕਾਰ ਭਾਈਚਾਰਾ ਡੱਟ ਕੇ ਸਾਥ ਦਿੰਦੇ ਹੋਏ ਵਧ-ਚੜ੍ਹ ਕੇ ਸ਼ਮੂਲੀਅਤ ਕਰੇਗਾ।ਉਨ੍ਹਾਂ ਕਿਹਾ ਕਿ ਜੇਕਰ ਅੱਜ ਪੁਲਸ ਦੀ ਇਸ ਗੁੰਡਾਗਰਦੀ ਦੇ ਖਿਲਾਫ ਅਵਾਜ਼ ਬੁਲੰਦ ਨਾ ਕੀਤੀ ਗਈ ਤਾਂ ਪੁਲਸ ਦਾ ਇਹ ਗੁੰਡਾਤੰਤਰ ਵੱਧਦਾ ਜਾਵੇਗਾ। ਇਸ ਮੌਕੇ ਜ਼ਿਲਾ ਪ੍ਰੈਸ ਕਲੱਬ ਦੇ ਪ੍ਰਧਾਨ ਸ਼ਹਾਬੂਦੀਨ, ਸੀਨੀਅਰ ਪੱਤਰਕਾਰ ਹੁਸ਼ਿਆਰ ਸਿੰਘ ਰਾਣੂ, ਮੁਨਸ਼ੀ ਫਾਰੂਕ ਅਹਿਮਦ, ਮੁਕੰਦ ਸਿੰਘ ਚੀਮਾ, ਸ਼ਾਹਿਦ ਜ਼ੁਬੈਰੀ, ਦਲਜਿੰਦਰ ਸਿੰਘ ਕਲਸੀ, ਸਰਾਜਦੀਨ ਦਿਓਲ, ਭੁਪੇਸ਼ ਜੈਨ, ਸੁਮੰਤ ਤਲਵਾਨੀ, ਮੁਹੰਮਦ ਅਸਲਮ ਨਾਜ਼, ਸੁਖਜੀਤ ਸਿੰਘ ਖੇੜਾ ਅਹਿਮਦਗੜ੍ਹ, ਯਾਸੀਨ ਅਲੀ, ਸੁਖਵਿੰਦਰ ਸਿੰਘ ਅਟਵਾਲ ਅਮਰਗੜ੍ਹ, ਗੁਰਤੇਜ਼ ਸਿੰਘ, ਅਕਬਰ ਮਹਿਬੂਬ ਤੱਖਰ, ਮੁਹੰਮਦ ਸਲੀਮ, ਰੋਹਿਤ ਸ਼ਰਮਾਂ, ਰਾਜੇਸ਼ ਸ਼ਰਮਾਂ, ਬਲਵਿੰਦਰ ਸਿੰਘ ਸ਼ੇਰ ਗਿੱਲ ਅਮਰਗੜ੍ਹ, ਪ੍ਰਕਾਸ਼ ਸ਼ਰਮਾਂ ਕੁੱਪ ਕਲਾਂ, ਸਰਬਜੀਤ ਸਿੰਘ ਰਟੋਲਾ, ਤਮੰਨਾਂ ਵਰਮਾ, ਕਰਨੈਲ ਸਿੰਘ ਅਹਿਮਦਗੜ੍ਹ, ਅਸ਼ਰਫ ਅਨਸਾਰੀ, ਰਵਿੰਦਰ ਸਿੰਘ ਰੇਸਮ ਕੁੱਪ ਕਲਾਂ, ਅਜੀਤ ਸਿੰਘ ਰਾਜੜ ਅਹਿਮਦਗੜ, ਹਰੀਸ਼ ਅਬਰੋਲ ਅਮਰਗੜ੍ਹ, ਰੂਪੀ ਰਛੀਨ, ਬਲਵੀਰ ਸਿੰਘ ਕੁਠਾਲਾ, ਕੁਲਦੀਪ ਸਿੰਘ ਲਵਲੀ ਕੁੱਪ, ਦਿਲਦਾਰ ਮੁਹੰਮਦ ਅਤੇ ਇਸਮਾਇਲ ਏਸ਼ੀਆ ਸਮੇਤ ਕਈ ਹੋਰ ਪੱਤਰਕਾਰ ਹਾਜ਼ਰ ਸਨ।

# ਟਰੰਪ ਵੱਲੋਂ ਮਮਦਾਨੀ ਦਾ ਵ੍ਹਾਈਟ ਹਾਊਸ 'ਚ ਨਿੱਘਾ ਸਵਾਗਤ

**ਵਾਸ਼ਿੰਗਟਨ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਨਿਊ ਯੌਰਕ ਸਿਟੀ ਦੇ ਮੇਅਰ-ਚੁਣੇ ਗਏ ਜ਼ੋਹਰਾਨ ਮਮਦਾਨੀ ਨਾਲ ਵ੍ਹਾਈਟ ਹਾਊਸ 'ਚ ਇੱਕ ਵਿਸ਼ੇਸ਼ ਮੀਟਿੰਗ ਕੀਤੀ। **Trump** ਨੇ **Mamdani** ਦਾ ਨਿੱਘਾ ਸਵਾਗਤ ਕੀਤਾ ਅਤੇ ਵਿਸ਼ਵਾਸ ਪ੍ਰਗਟਾਇਆ ਕਿ ਉਹ ਬਹੁਤ ਵਧੀਆ ਕੰਮ ਕਰ ਸਕਦੇ ਹਨ।

**Mamdani** ਸ਼ੁੱਕਰਵਾਰ ਨੂੰ ਵ੍ਹਾਈਟ ਹਾਊਸ 'ਚ ਟਰੰਪ ਨਾਲ ਆਪਣੀ ਪਹਿਲੀ ਮੁਲਾਕਾਤ ਲਈ ਵਾਸ਼ਿੰਗਟਨ ਗਏ ਸਨ। ਲੰਮੇ ਸਮੇਂ ਦੀ ਕੌੜੀ ਬਿਆਨਬਾਜ਼ੀ ਤੋਂ ਬਾਅਦ ਦੋਵਾਂ ਨੇਤਾਵਾਂ ਨੇ ਮੀਟਿੰਗ ਦੌਰਾਨ ਇੱਕ ਆਪਸੀ ਗਰਮਜੋਸ਼ੀ ਵਾਲਾ ਸੁਰ ਅਪਨਾਇਆ। **Trump** ਨੇ ਕਿਹਾ ਕਿ ਉਨ੍ਹਾਂ ਨੇ ਇਸ ਸ਼ਾਨਦਾਰ ਮੁਲਾਕਾਤ ਦਾ ਅਨੰਦ ਮਾਣਿਆ ਹੈ। ਉਨ੍ਹਾਂ ਕਿਹਾ, "ਸਾਡੀ ਹੁਣੇ ਇੱਕ ਵਧੀਆ ਮੁਲਾਕਾਤ ਹੋਈ, ਸੱਚਮੁੱਚ ਚੰਗੀ, ਇੱਕ ਬਹੁਤ ਹੀ ਲਾਭਕਾਰੀ ਮੁਲਾਕਾਤ। ਸਾਡੇ 'ਚ ਇੱਕ ਗੱਲ ਸਾਂਝੀ ਹੈ, ਅਸੀਂ ਚਾਹੁੰਦੇ ਹਾਂ ਕਿ ਸਾਡਾ ਇਹ ਸ਼ਹਿਰ, ਜਿਸ ਨੂੰ ਅਸੀਂ ਬਹੁਤ ਵਧੀਆ ਢੰਗ ਨਾਲ ਬਣਾਉਣਾ ਪਸੰਦ ਕਰਦੇ ਹਾਂ, ਤਰੱਕੀਆਂ ਕਰੇ।"

ਜਦੋਂ ਟਰੰਪ ਤੋਂ ਪੁੱਛਿਆ ਗਿਆ ਕਿ ਕੀ ਉਹ ਮਮਦਾਨੀ ਦੇ ਪ੍ਰਸ਼ਾਸਨ ਅਧੀਨ ਨਿਊ ਯੌਰਕ ਸਿਟੀ 'ਚ ਰਹਿਣ 'ਚ ਆਰਾਮਦਾਇਕ ਮਹਿਸੂਸ ਕਰਨਗੇ ਤਾਂ ਉਨ੍ਹਾਂ ਨੇ ਜ਼ੋਰ ਦੇ ਕੇ ਜਵਾਬ ਦਿੱਤਾ, "ਹਾਂ, ਮੈਂ ਕਰਾਂਗਾ, ਖ਼ਾਸ ਕਰ ਕੇ ਇਸ ਮੀਟਿੰਗ ਤੋਂ ਬਾਅਦ। ਜਿੰਨਾ ਸੋਚਿਆ ਸੀ, ਉਹ ਉਸ ਤੋਂ ਕਿਤੇ ਜ਼ਿਆਦਾ ਗੱਲਾਂ 'ਤੇ ਸਹਿਮਤ ਹੋਏ ਹਨ।"

ਇਸ ਦੌਰਾਨ **Mamdani** ਨੇ ਵੀ **Trump** ਨਾਲ ਆਪਣੀ ਗੱਲਬਾਤ ਨੂੰ ਲਾਹੇਵੰਦ ਦੱਸਿਆ ਅਤੇ ਸਮੇਂ ਦੀ ਕਦਰ ਕੀਤੀ। ਉਨ੍ਹਾਂ ਕਿਹਾ ਕਿ ਮੀਟਿੰਗ ਇੱਕ ਸਾਂਝੀ ਪ੍ਰਸ਼ੰਸਾ ਅਤੇ ਸਹਿਯੋਗ 'ਤੇ ਕੇਂਦਰਿਤ ਸੀ। **Mamdani** ਨੇ ਕਿਹਾ ਮੀਟਿੰਗ ਦਾ ਮੁੱਖ ਕੇਂਦਰ ਨਿਊ ਯੌਰਕ ਵਾਸੀਆਂ ਲਈ ਕਿਫ਼ਾਇਤੀ ਜੀਵਨ ਪ੍ਰਦਾਨ ਕਰਨ ਦੀ ਲੋੜ 'ਤੇ ਸੀ। ਉਨ੍ਹਾਂ ਦੱਸਿਆ ਕਿ ਨਿਊ ਯੌਰਕ ਦੇ 8.5 ਮਿਲੀਅਨ ਲੋਕ, ਜੋ ਅਮਰੀਕਾ ਦੇ ਸਭ ਤੋਂ ਮਹਿੰਗੇ ਸ਼ਹਿਰ 'ਚ ਰਹਿੰਦੇ ਹਨ, ਜੀਵਨ ਬਸਰ ਕਰਨ ਲਈ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸ਼ਹਿਰ ਦਾ ਹਰ ਚੌਥਾ ਵਿਅਕਤੀ ਗ਼ਰੀਬੀ 'ਚ ਰਹਿ ਰਿਹਾ ਹੈ। ਇਸ ਮੀਟਿੰਗ 'ਚ ਕਿਰਾਏ, ਗਰੌਸਰੀ, ਉਪਯੋਗਤਾਵਾਂ, ਰਹਿਣ-ਸਹਿਣ ਦੇ ਖ਼ਰਚ ਦੇ ਸੰਕਟ ਅਤੇ ਹਾਊਸਿੰਗ ਜਿਹੇ ਮੁੱਦਿਆਂ 'ਤੇ ਚਰਚਾ ਕੀਤੀ ਗਈ।

**Trump** ਨੇ ਪੁਸ਼ਟੀ ਕੀਤੀ ਕਿ ਉਹ ਕਈ ਮੁੱਦਿਆਂ 'ਤੇ ਸਹਿਮਤ ਹਨ। ਉਨ੍ਹਾਂ ਕਿਹਾ, "ਉਹ ਕੋਈ ਅਪਰਾਧ ਨਹੀਂ ਦੇਖਣਾ ਚਾਹੁੰਦੇ। ਉਹ ਹਾਊਸਿੰਗ ਬਣਾਉਂਦੇ ਦੇਖਣਾ ਚਾਹੁੰਦੇ ਹਨ। ਉਹ ਕਿਰਾਏ ਘਟਦੇ ਦੇਖਣਾ ਚਾਹੁੰਦਾ ਹੈ, ਇਹ ਸਾਰੀਆਂ ਗੱਲਾਂ ਜਿਨ੍ਹਾਂ ਨਾਲ ਮੈਂ ਸਹਿਮਤ ਹਾਂ।" ਇਹ ਆਪਸੀ ਦੋਸਤਾਨਾ ਅਤੇ ਗਰਮਜੋਸ਼ੀ ਵਾਲਾ ਸੁਰ ਉਨ੍ਹਾਂ ਦੀ ਪੁਰਾਣੀ ਬਿਆਨਬਾਜ਼ੀ ਦੇ ਬਿਲਕੁਲ ਉਲਟ ਸੀ।

# ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਦੇ ਕੈਡਿਟ ਪਾਰਸਦੀਪ ਅਤੇ ਯੁਵਰਾਜ ਬਣੇ ਭਾਰਤੀ ਜਲ ਸੈਨਾ ਵਿੱਚ ਅਫ਼ਸਰ

## ਅਮਨ ਅਰੋੜਾ ਵੱਲੋਂ ਦੋਵੇਂ ਨੌਜਵਾਨ ਅਫਸਰਾਂ ਨੂੰ ਵਧਾਈ ਅਤੇ ਸੁਨਹਿਰੀ ਭਵਿੱਖ ਲਈ ਸ਼ੁਭਕਾਮਨਾਵਾਂ

**ਚੰਡੀਗੜ੍ਹ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ, ਐਸ.ਏ.ਐਸ. ਨਗਰ (ਮੋਹਾਲੀ) ਦੇ ਦੋ ਸਾਬਕਾ ਕੈਡਿਟਾਂ ਨੂੰ ਕੇਰਲਾ ਦੇ ਏਝੀਮਾਲਾ ਵਿਖੇ ਕਰਵਾਈ ਗਈ ਇੰਡੀਅਨ ਨੇਵਲ ਅਕੈਡਮੀ (ਆਈ.ਐਨ.ਏ.) ਦੀ ਪਾਸਿੰਗ ਆਊਟ ਪਰੇਡ (ਪੀ.ਓ.ਪੀ.) ਵਿੱਚ ਭਾਰਤੀ ਜਲ ਸੈਨਾ ਵਿੱਚ ਅਫਸਰ ਵਜੋਂ ਕਮਿਸ਼ਨ ਮਿਲਿਆ ਹੈ। ਇਸ ਪਰੇਡ ਦਾ ਨਿਰੀਖਣ ਚੀਫ਼ ਆਫ਼ ਡਿਫੈਂਸ ਸਟਾਫ ਜਨਰਲ ਅਨਿਲ ਚੌਹਾਨ, ਪੀ.ਵੀ.ਐਸ.ਐਮ., ਯੂ.ਵਾਈ.ਐਸ.ਐਮ,. ਏ.ਵੀ.ਐਸ.ਐਮ., ਐਸ.ਐਮ., ਵੀ.ਐਸ.ਐਮ. ਵੱਲੋਂ ਕੀਤਾ ਗਿਆ। ਦੋਵੇਂ ਅਫਸਰ ਪਾਰਸਦੀਪ ਸਿੰਘ ਖੋਸਾ ਅਤੇ ਯੁਵਰਾਜ ਸਿੰਘ ਤੋਮਰ ਪੜ੍ਹੇ-ਲਿਖੇ ਪਿਛੋਕੜ ਨਾਲ ਸਬੰਧਤ ਹਨ। ਫਰੀਦਕੋਟ ਜ਼ਿਲ੍ਹੇ ਦਾ ਰਹਿਣ ਵਾਲੇ ਪਾਰਸਦੀਪ ਸਿੰਘ ਖੋਸਾ ਦੀ ਮਾਤਾ ਜੀ.ਜੀ.ਐਸ. ਖਾਲਸਾ ਸਕੂਲ, ਭਲੂਰ ਦੇ ਪ੍ਰਿੰਸੀਪਲ ਹਨ ਅਤੇ ਉਸਦੇ ਪਿਤਾ ਗੁਰੂ ਨਾਨਕ ਮਿਸ਼ਨ ਗਰਲਜ਼ ਕਾਲਜ, ਬਾਘਾਪੁਰਾਣਾ ਦੇ ਡਾਇਰੈਕਟਰ ਹਨ। ਜਲੰਧਰ ਦਾ ਰਹਿਣ ਵਾਲਾ ਯੁਵਰਾਜ ਸਿੰਘ ਤੋਮਰ ਵੀ ਇੱਕ ਪੜ੍ਹੇ-ਲਿਖੇ ਪਰਿਵਾਰ ਨਾਲ ਸਬੰਧ ਰੱਖਦਾ ਹੈ। ਉਸਦੇ ਪਿਤਾ ਡਲਹੌਜ਼ੀ ਪਬਲਿਕ ਸਕੂਲ ਦੇ ਪ੍ਰਿੰਸੀਪਲ ਹਨ, ਅਤੇ ਉਸਦੀ ਮਾਤਾ ਉਸੇ ਸਕੂਲ ਵਿੱਚ ਕੋਆਰਡੀਨੇਟਰ ਅਤੇ ਮਨੋਵਿਗਿਆਨੀ ਹਨ। ਜ਼ਿਕਰਯੋਗ ਹੈ ਕਿ ਯੁਵਰਾਜ ਦਾ ਛੋਟਾ ਭਰਾ ਇਸ ਸਮੇਂ ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਵਿੱਚ ਸਿਖਲਾਈ ਲੈ ਰਿਹਾ ਹੈ। ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਨੇ ਪਾਰਸਦੀਪ ਸਿੰਘ ਖੋਸਾ ਅਤੇ ਯੁਵਰਾਜ ਸਿੰਘ ਤੋਮਰ ਨੂੰ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ ਦੀ ਸ਼ਲਾਘਾ ਕਰਦਿਆਂ ਵਧਾਈ ਦਿੱਤੀ। ਸ੍ਰੀ ਅਰੋੜਾ ਨੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕਰਦਿਆਂ ਆਸ ਪ੍ਰਗਟਾਈ ਕਿ ਉਹ ਪੂਰੀ ਤਨਦੇਹੀ ਨਾਲ ਦੇਸ਼ ਦੀ ਸੇਵਾ ਕਰਦੇ ਰਹਿਣਗੇ ਅਤੇ ਪੰਜਾਬ ਦਾ ਸਿਰ ਉੱਚਾ ਕਰਨਗੇ।



ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਦੇ ਡਾਇਰੈਕਟਰ ਮੇਜਰ ਜਨਰਲ ਅਜੈ ਐਚ. ਚੌਹਾਨ, ਵੀ.ਐਸ.ਐਮ. (ਸੇਵਾਮੁਕਤ) ਨੇ ਇਨ੍ਹਾਂ ਅਫਸਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਪ੍ਰਾਪਤੀ ਨਾਲ, ਇਸ ਸੰਸਥਾ ਦੇ ਕੁੱਲ 181 ਕੈਡਿਟ ਹਥਿਆਰਬੰਦ ਸੈਨਾਵਾਂ ਵਿੱਚ ਕਮਿਸ਼ਨਡ ਅਫ਼ਸਰ ਬਣੇ ਹਨ ਜਿਨ੍ਹਾਂ ਵਿੱਚ ਭਾਰਤੀ ਜਲ ਸੈਨਾ ਵਿੱਚ 22 ਕੈਡਿਟ ਸ਼ਾਮਲ ਹੋਏ ਹਨ। ਉਨ੍ਹਾਂ ਨੇ ਇਸ ਸਫਲਤਾ ਦਾ ਸਿਹਰਾ ਪੰਜਾਬ ਦੇ ਲੋਕਾਂ ਦੀ ਬਹਾਦਰੀ ਨੂੰ ਦਿੱਤਾ, ਜਿਸ ਨਾਲ ਇਹ ਸੂਬੇ ਲਈ ਇੱਕ ਮਾਣ ਵਾਲਾ ਪਲ ਬਣ ਗਿਆ। ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਵਿਖੇ 16ਵੇਂ ਕੋਰਸ ਲਈ ਦਾਖਲਾ ਪ੍ਰੀਖਿਆ 4 ਜਨਵਰੀ ਨੂੰ

ਮੇਜਰ ਜਨਰਲ ਅਜੈ ਐਚ. ਚੌਹਾਨ ਨੇ ਦੱਸਿਆ ਕਿ ਇੰਸਟੀਚਿਊਟ ਵਿਖੇ 16ਵੇਂ ਕੋਰਸ ਲਈ ਦਾਖਲਾ ਪ੍ਰਕਿਰਿਆ ਅਧੀਨ ਹੈ। ਇਸ ਇੰਸਟੀਚਿਊਟ ਰਾਹੀਂ ਐਨ.ਡੀ.ਏ. ਵਿੱਚ ਸ਼ਾਮਲ ਹੋਣ ਦੇ ਚਾਹਵਾਨ 10ਵੀਂ ਜਮਾਤ ਦੇ ਵਿਦਿਆਰਥੀ 15 ਦਸੰਬਰ, 2025 ਤੱਕ ✲ttps://recruitment-portal.in ਉਤੇ ਆਨਲਾਈਨ ਅਪਲਾਈ ਕਰ ਸਕਦੇ ਹਨ। ਇਸ ਕੋਰਸ ਸਬੰਧੀ ਦਾਖਲਾ ਪ੍ਰੀਖਿਆ 4 ਜਨਵਰੀ, 2026 (ਐਤਵਾਰ) ਨੂੰ ਹੋਵੇਗੀ।

# ਉੱਤਰੀ ਭਾਰਤ ਵਿਚ 500 ਡਰੋਨ ਸ਼ੋਅ ਨਾਲ ਵਿਰਾਸਤ ਏ ਖਾਲਸਾ ਵਿੱਚ ਦਿਖਾਈ ਜਾ ਰਹੀ ਹੈ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸ਼ਾਨੀ ਸ਼ਹਾਦਤ: ਹਰਜੋਤ ਸਿੰਘ ਬੈਂਸ



**ਸ੍ਰੀ ਅਨੰਦਪੁਰ ਸਾਹਿਬ 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੌਵੇਂ ਸਿੱਖ ਗੁਰੂ ਸਾਹਿਬ ਅਤੇ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਵਿੱਚ ਵਿਰਾਸਤ ਏ ਖਾਲਸਾ ਵਿੱਚ ਡਰੋਨ ਸ਼ੋਅ 29 ਨਵੰਬਰ ਤੱਕ ਜਾਰੀ ਰਹੇਗਾ।

ਇਹ ਜਾਣਕਾਰੀ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਅੱਜ ਇੱਥੇ ਦਿੱਤੀ। ਇਸ ਡਰੋਨ ਪ੍ਰਦਰਸ਼ਨੀ ਨੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੀ ਲਾਸਾਨੀ ਸ਼ਹਾਦਤ ਨਾਲ ਸਬੰਧਾਂ ਪੂਰੇ ਦ੍ਰਿਸ਼ਾਂ ਨੂੰ ਸ਼ਰਧਾ ਅਤੇ ਬਾਰੀਕੀ ਨਾਲ ਦਰਸਾਉਂਦਿਆਂ ਰੌਸ਼ਨੀ ਅਤੇ ਗਤੀ ਦੇ ਵਿਲੱਖਣ ਕ੍ਰਮ ਜ਼ਰੀਏ ਇਤਿਹਾਸਕ ਬਿਰਤਾਂਤ ਨੂੰ ਪੇਸ਼ ਕੀਤਾ।

ਇਸ ਡਰੋਨ ਸ਼ੋਅ ਵਿੱਚ ਅੱਗੇ ਦਿੱਲੀ ਦੇ ਚਾਂਦਨੀ ਚੌਕ ਵਿੱਚ ਤਸੀਹੇ ਦੇ ਕੇ ਗੁਰੂ ਦੇ ਪੈਰੋਕਾਰਾਂ ਨੂੰ ਸ਼ਹੀਦ ਕਰਨ ਦੇ ਬਿਰਤਾਂਤ ਨੂੰ ਪੇਸ਼ ਕੀਤਾ ਗਿਆ। ਸ਼ੋਅ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦਾ ਗੰਭੀਰ ਚਿੱਤਰਣ ਕੀਤਾ ਗਿਆ। ਡਰੋਨਾਂ ਰਾਹੀਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਵੱਲੋਂ ਆਪਣੇ ਸਿਧਾਂਤਾਂ ਨੂੰ ਤਿਆਗਣ ਤੋਂ ਇਨਕਾਰ ਕਰਨ ਅਤੇ ਮਨੁੱਖੀ ਕਦਰਾਂ-ਕੀਮਤਾਂ ਲਈ ਉਨ੍ਹਾਂ ਦੀ ਸ਼ਹਾਦਤ ਨੂੰ ਸ਼ਰਧਾ ਅਤੇ ਗੰਭੀਰਤਾ ਨਾਲ ਪੇਸ਼ ਕੀਤਾ ਗਿਆ ਅਤੇ ਆਡੀਓ ਰਾਹੀਂ ਜਲਾਦ ਵੱਲੋਂ ਗੁਰੂ ਸਾਹਿਬ ਦੇ ਪਵਿੱਤਰ ਸੀਸ ਨੂੰ ਧੜ ਤੋਂ ਵੱਖ ਕਰਨ ਤੋਂ ਪਹਿਲਾਂ ਦੇ ਆਖਰੀ ਪਲਾਂ ਦਾ ਵਰਣਨ ਕੀਤਾ ਗਿਆ।

ਇਹ ਸ਼ੋਅ ਗੁਰੂ ਜੀ ਦੇ ਪਵਿੱਤਰ ਸੀਸ ਨੂੰ ਭਾਈ ਜੈਤਾ ਜੀ ਦੁਆਰਾ ਸਾਹਸ ਪੂਰਵਕ ਸ੍ਰੀ ਅਨੰਦਪੁਰ ਸਾਹਿਬ ਲਿਆਂਦੇ ਜਾਣ ਅਤੇ ਗੁਰੂ ਸਾਹਿਬ ਦੇ ਅੰਤਿਮ ਸੰਸਕਾਰਾਂ ਦੀ ਸ਼ਰਧਾ ਅਤੇ ਉਦਾਸੀ ਭਰੀ ਪੇਸ਼ਕਾਰੀ ਨਾਲ ਸਮਾਪਤ ਹੋਇਆ, ਜਿਸ ਨਾਲ ਵਿਰਾਸਤ-ਏ-ਖਾਲਸਾ ਵਿਖੇ ਇਕੱਠੀ ਹੋਈ ਸੰਗਤ ਵਿੱਚ ਸ਼ਰਧਾ ਅਤੇ ਸਤਿਕਾਰ ਦੀ ਡੂੰਘੀ ਭਾਵਨਾ ਪੈਦਾ ਹੋਈ।

# ਅਰਜੁਨਾ ਐਵਾਰਡੀ ਓਲੰਪਿਅਨ ਸਿਮਰਨਜੀਤ ਸਿੰਘ ਨੇ ਸੰਭਾਲਿਆ ਐਸ.ਡੀ.ਐਮ. ਪੱਟੀ ਅਤੇ ਭਿਖੀਵਿੰਡ ਦਾ ਚਾਰਜ



**ਤਰਨ ਤਾਰਨ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਰਜੁਨਾ ਐਵਾਰਡੀ (2024) ਅਤੇ ਟੋਕਿਓ ਓਲੰਪਿਕਸ ਦੇ ਕਾਂਸੀ ਤਮਗਾ ਜੇਤੂ ਸਿਮਰਨਜੀਤ ਸਿੰਘ ਨੇ ਜ਼ਿਲ੍ਹਾ ਤਰਨ ਤਾਰਨ ਦੇ ਪੱਟੀ ਅਤੇ ਭਿਖੀਵਿੰਡ ਵਿੱਚ ਸਬ-ਡਿਵਿਜ਼ਨਲ ਮੈਜਿਸਟ੍ਰੇਟ (ਐਸ.ਡੀ.ਐਮ.) ਵਜੋਂ ਚਾਰਜ ਸੰਭਾਲ ਲਿਆ ਹੈ।

ਭਾਰਤੀ ਹਾਕੀ ਟੀਮ ਦੇ ਇਸ ਮਾਹਿਰ ਫਾਰਵਰਡ ਨੇ 2018 ਏਸ਼ੀਆਈ ਖੇਡਾਂ ਵਿੱਚ ਵੀ ਕਾਂਸੀ ਦਾ ਤਮਗਾ ਜਿੱਤਿਆ ਸੀ।

ਟੋਕਿਓ ਓਲੰਪਿਕ 2020 ਵਿੱਚ ਕਾਮਯਾਬੀ ਤੋਂ ਬਾਅਦ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਪੀ.ਸੀ.ਐਸ. ਐਗਜ਼ਿਕਿਊਟਿਵ ਕਾਡਰ ਵਿੱਚ ਨਿਯੁਕਤੀ ਦਿੱਤੀ ਸੀ।

ਵਿਸ਼ਵ ਪੱਧਰ 'ਤੇ ਭਾਰਤ ਦਾ ਮਾਣ ਵਧਾਉਣ ਤੋਂ ਬਾਅਦ ਹੁਣ ਸਿਮਰਨਜੀਤ ਸਿੰਘ ਉਹੀ ਸੇਵਾ ਭਾਵਨਾ, ਸਮਰਪਣ ਅਤੇ ਅਨੁਸ਼ਾਸਨ ਨਾਲ ਪੰਜਾਬ ਦੇ ਲੋਕਾਂ ਦੀ ਸੇਵਾ ਲਈ ਤਿਆਰ ਹਨ।

ਓਲੰਪਿਅਨ ਤੋਂ ਪ੍ਰਸ਼ਾਸਕ ਬਣੇ ਸਿਮਰਨਜੀਤ ਸਿੰਘ ਨੇ ਨਵੀਂ ਜ਼ਿੰਮੇਵਾਰੀ ਸੰਭਾਲਣ ਉਪਰੰਤ ਕਿਹਾ ਕਿ ਉਹ ਆਪਣੀ ਨਿਯੁਕਤੀ ਲਈ ਬਹੁਤ ਉਤਸ਼ਾਹਿਤ ਹਨ ਅਤੇ ਪੱਟੀ ਤੇ ਭਿਖੀਵਿੰਡ ਦੇ ਲੋਕਾਂ ਦੇ ਵਿਕਾਸ ਅਤੇ ਭਲਾਈ ਲਈ ਪੂਰੇ ਮਨ ਨਾਲ ਕੰਮ ਕਰਨ ਲਈ ਵਚਨਬੱਧ ਹਨ।

# ਮੋਹਾਲੀ ਖੇਤਰ ਦੀਆਂ ਸੀਮਾਵਾਂ ਵਿੱਚ ਮਹੱਤਵਪੂਰਨ ਤਬਦੀਲੀ ਕਾਰਨ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਮੋਹਾਲੀ ਦੇ ਮੈਂਬਰਾਂ ਦੀਆਂ ਚੋਣਾਂ ਮੁਲਤਵੀ ਕਰਨ ਦਾ ਫੈਸਲਾ

**ਚੰਡੀਗੜ੍ਹ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਚੋਣ ਕਮਿਸ਼ਨ ਨੂੰ, ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਵੱਲੋਂ ਸੂਚਿਤ ਕੀਤਾ ਗਿਆ ਹੈ ਕਿ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਜਾਰੀ ਕੀਤੀ ਨੋਟੀਫਿਕੇਸ਼ਨ ਮਿਤੀ 28.11.2025 ਦੇ ਮੱਦੇਨਜ਼ਰ, ਮਿਊਂਸੀਪਲ ਕਾਰਪੋਰੇਸ਼ਨ, ਮੋਹਾਲੀ ਦੇ ਨਾਲ ਲਗਦੇ 15 ਪਿੰਡਾਂ ਨੂੰ ਹੁਣ ਮਿਊਂਸੀਪਲ ਕਾਰਪੋਰੇਸ਼ਨ, ਮੋਹਾਲੀ ਦੀਆਂ ਹੱਦਾਂ ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਵੱਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਇਸ ਨੋਟੀਫਿਕੇਸ਼ਨ ਕਾਰਨ ਪੰਚਾਇਤ ਸੰਮਤੀ, ਮੋਹਾਲੀ ਦੀਆਂ 15 ਗਰਾਮ ਪੰਚਾਇਤਾਂ ਹੁਣ ਸਬੰਧਤ ਪੰਚਾਇਤ ਸੰਮਤੀ/ਜ਼ਿਲ੍ਹਾ ਪ੍ਰੀਸ਼ਦ ਮੋਹਾਲੀ ਦੇ ਅਧਿਕਾਰ ਖੇਤਰ ਵਿੱਚੋਂ ਬਾਹਰ ਕੱਢ ਦਿੱਤੀਆਂ ਹਨ। ਕਿਉਂਕਿ ਪੰਚਾਇਤ ਸੰਮਤੀ, ਮੋਹਾਲੀ ਅਤੇ ਜ਼ਿਲ੍ਹਾ ਪ੍ਰੀਸ਼ਦ, ਮੋਹਾਲੀ ਦੀਆਂ ਹੱਦਾਂ ਵਿੱਚ ਹੁਣ ਅਹਿਮ ਤਬਦੀਲੀ ਆ ਗਈ ਹੈ ਇਸ ਲਈ, ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਵੱਲੋਂ ਇਸ ਬਲਾਕ ਦਾ ਅਤੇ ਜ਼ਿਲ੍ਹਾ ਪ੍ਰੀਸ਼ਦ ਖੇਤਰ ਹੁਣ ਦੁਬਾਰਾ ਨਵੇਂ ਸਿਰਿਓਂ ਪੁਨਰਗਠਨ ਕੀਤਾ ਜਾਣਾ ਹੈ।

ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਅਤੇ ਡਿਪਟੀ ਕਮਿਸ਼ਨਰ, ਮੋਹਾਲੀ ਦੀ ਸਿਫਾਰਿਸ਼ 'ਤੇ ਕਮਿਸ਼ਨ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਵੱਲੋਂ ਇਨ੍ਹਾਂ ਜੋਨਾਂ ਦਾ ਜਦੋਂ ਤੱਕ ਪੁਨਰਗਠਨ ਨਹੀਂ ਕੀਤਾ ਜਾਂਦਾ ਉਦੋਂ ਤੱਕ ਪੰਚਾਇਤ ਸੰਮਤੀ, ਮੋਹਾਲੀ ਅਤੇ ਜ਼ਿਲ੍ਹਾ ਪ੍ਰੀਸ਼ਦ, ਮੋਹਾਲੀ ਦੇ ਮੈਂਬਰਾਂ ਦੀ ਚੋਣ ਮੁਲਤਵੀ ਕੀਤੀ ਜਾਂਦੀ ਹੈ। ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਪੰਚਾਇਤ ਸੰਮਤੀ ਡੇਰਾਬੱਸੀ, ਪੰਚਾਇਤ ਸੰਮਤੀ, ਖਰੜ ਅਤੇ ਪੰਚਾਇਤ ਸੰਮਤੀ, ਮਾਜਰੀ ਦੇ ਮੈਂਬਰਾਂ ਦੀ ਚੋਣ ਜਾਰੀ ਸ਼ਡਿਊਲ ਮੁਤਾਬਿਕ ਹੀ ਹੋਵੇਗੀ।

# ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਬੱਸਾਂ ਦੇ ਦੂਸਰੇ ਜਥੇ ਨੂੰ ਕੀਤਾ ਰਵਾਨਾ : ਡਿਪਟੀ ਕਮਿਸ਼ਨਰ




**ਬਠਿੰਡਾ,3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿੱਚ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਨੂੰ ਲੈ ਕੇ ਜਾਣ ਵਾਲੀਆਂ ਬੱਸਾਂ ਦੇ ਦੂਜੇ ਜੱਥੇ ਨੂੰ ਬਠਿੰਡਾ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਸਮੇਤ ਪਿੰਡ ਗੰਗਾ, ਹਾਕਮ ਸਿੰਘ ਵਾਲਾ, ਮੱਲਵਾਲਾ, ਚਨਾਰਥਲ, ਵਿਰਕ ਕਲਾਂ ਵਿੱਚੋਂ ਰਵਾਨਾ ਕੀਤਾ ਗਿਆ।ਇਸ ਉਪਰੰਤ ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਦਾ ਇੱਕ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਪਵਿੱਤਰ ਸਥਾਨਾਂ ਦੀ ਯਾਤਰਾ ਦੀ ਸਹੂਲਤ ਦੇ ਕੇ ਆਪਸ ਵਿੱਚ ਸਮਾਜਿਕ ਅਤੇ ਧਾਰਮਿਕ ਸਦਭਾਵਨਾ ਨੂੰ ਮਜ਼ਬੂਤ ਕਰਨ ਲਈ ਇੱਕ ਵਿਸ਼ੇਸ਼ ਪਹਿਲਕਦਮੀ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸੂਬਾ ਸਰਕਾਰ ਨੇ ਸ਼ਰਧਾਲੂਆਂ ਦੇ ਰਹਿਣ-ਸਹਿਣ ਅਤੇ ਖਾਣ-ਪੀਣ ਦਾ ਵਿਸਤ੍ਰਿਤ ਪ੍ਰਬੰਧ ਕੀਤਾ ਹੋਇਆ ਹੈ। ਇਸ ਮੌਕੇ ਉਹਨਾਂ ਸੰਬੰਧਿਤ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਯਾਤਰਾ ਦੌਰਾਨ ਕਿਸੇ ਵੀ ਬਜ਼ੁਰਗਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਸਮੱਸਿਆ ਦਰਪੇਸ਼ ਨਾ ਆਉਣ ਦਿੱਤੀ ਜਾਵੇ।

ਇਸ ਮੌਕੇ ਜਿਥੇ ਸ਼ਰਧਾਲੂਆਂ ਵਲੋਂ ਪੰਜਾਬ ਸਰਕਾਰ ਦਾ ਵਿਸ਼ੇਸ਼ ਸਕੀਮ ਚਲਾਉਣ 'ਤੇ ਧੰਨਵਾਦ ਕੀਤਾ ਉਥੇ ਹੀ ਸਰਧਾਲੂਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।

# ਆਰ.ਜੇ.ਕ੍ਰੀਏਟਰਜ਼ ਵਖਰਾ ਸਵੈਗ ਅਤੇ ਸਿਟੀ ਗਰੁੱਪ ਐਚ.ਡੀ.ਸੀ.ਏ ਦੇ ਨਾਲ ਮਿਲ ਕੇ ਹੁਸ਼ਿਆਰਪੁਰ ਨੂੰ ਸਿਹਤਮੰਦ ਕਰਨਗੇ



**ਹੁਸ਼ਿਆਰਪੁਰ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਰ.ਜੇ ਕ੍ਰੀਏਟਰਜ਼ ਵਖਰਾ ਸਵੈਗ ਦਸੰਬਰ ਮਹੀਨੇ ਵਿੱਚ ਹੁਸ਼ਿਆਰਪੁਰ ਦੇ ਵਿਕਾਸ ਲਈ ਇੱਕ ਯੂਨੀਕ ਬਿਜ਼ਨਸ ਐਗਜ਼ਿਬਿਸ਼ਨ ਦਾ ਆਯੋਜਨ ਕਰ ਰਿਹਾ ਹੈ। ਉਹੀ ਕੰਪਨੀ ਵੱਲੋਂ ਸਿਟੀ ਗਰੁੱਪ ਆਫ਼ ਐਜੂਕੇਸ਼ਨ ਜਲੰਧਰ ਅਤੇ ਸਿਟੀ ਗਰੁੱਪ ਸਿਟੀ ਹੁਸ਼ਿਆਰਪੁਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਨਾਲ ਮਿਲ ਕੇ 30 ਨਵੰਬਰ ਨੂੰ ਹੁਸ਼ਿਆਰਪੁਰ ਵਿੱਚ 'ਖੇਡਾਂ ਅਤੇ ਯੋਗ' ਰਾਹੀਂ ਸਿਹਤਮੰਦ ਹੁਸ਼ਿਆਰਪੁਰ ਦਾ ਸੁਨੇਹਾ ਦੇਣ ਲਈ ਇੱਕ ਅਨੋਖਾ ਉਪਰਾਲਾ ਕੀਤਾ ਗਿਆ ਹੈ। ਸਵੇਰੇ 7 ਵਜੇ ਤੋਂ 9 ਵਜੇ ਤੱਕ ਵੀਕੈਂਡ ਆਫ਼ ਵੈਲਨੈੱਸ ਨਾਮ ਦਾ ਇੱਕ ਸ਼ਾਨਦਾਰ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਵਿੱਚ ਸਾਂਸਦ ਡਾ. ਰਾਜਕੁਮਾਰ, ਵਿਧਾਇਕ ਬ੍ਰਹਮ ਸ਼ੰਕਰ ਜਿੰਪਾ, ਡਾ. ਇਸ਼ਾਂਕ, ਮੇਅਰ ਸੁਰਿੰਦਰ ਕੁਮਾਰ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਜ਼ਿਲ੍ਹਾ ਪੁਲਿਸ ਮੁਖੀ ਸੰਦੀਪ ਕੁਮਾਰ ਮਲਿਕ, ਐਸ.ਪੀ. ਹੈੱਡਕੁਆਰਟਰ ਨਵਨੀਤ ਕੌਰ, ਵਧੀਕ ਡਿਪਟੀ ਕਮਿਸ਼ਨਰ ਨਿਕਾਸ਼ ਕੁਮਾਰ ਖ਼ਾਸ ਤੌਰ 'ਤੇ ਸ਼ਾਮਲ ਹੋਣਗੇ। ਇਸ ਇਵੈਂਟ ਦੀ ਤਿਆਰੀ ਵਿੱਚ ਸੰਬੰਧਿਤ ਆਰ.ਜੇ ਕ੍ਰੀਏਟਰ ਦੀ ਤਰਫ਼ੋਂ ਡਾ. ਪੰਕਜ, ਸ਼ਿਵ, ਰੇਣੂ ਕੌਰ ਅਤੇ 3" ਯੂਨੀਵਰਸਿਟੀ ਤੋਂ ਡਾਇਰੈਕਟਰ ਡਾ. ਅਨੁਰਾਗ ਸ਼ਰਮਾ, ਅਤੇ ਡਾ. ਗਗਨਦੀਪ (ਡੀਨ) ਅਤੇ ਸਟੂਡੈਂਟ ਵੈਲਫੇਅਰ ਟੀਮ ਨੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਅਤੇ ਜ਼ਿਲ੍ਹਾ ਪੁਲਿਸ ਮੁਖੀ ਸੰਦੀਪ ਕੁਮਾਰ ਮਲਿਕ ਨਾਲ ਆਯੋਜਨ ਸੰਬੰਧੀ ਵਿਸ਼ੇਸ਼ ਮੀਟਿੰਗ ਕੀਤੀ।

ਕਹਾਣੀ

# ਧਰਮਾਤਮਾ

ਰਾਮ ਸਰੂਪ ਅਣਖ਼ੀ



ਗੂੜ੍ਹੇ ਸਿਆਲ ਦੀ ਇਕ ਸਵੇਰ। ਉਹ ਸਾਰਾ ਟੱਬਰ ਚੁਲ੍ਹੇ ਮੂਹਰੇ ਬੈਠਾ ਚਾਹ ਪੀ ਰਿਹਾ ਸੀ। ਮੱਕੀ ਦੇ ਗੁੱਲਾਂ ਦਾ ਰੁੱਗ ਸੁੱਟਦੇ ਤੇ ਜਦੋਂ ਅੱਗ ਦੀ ਲਾਟ ਨਿਕਲਦੀ, ਉਹ ਪੈਰਾਂ ਦੀਆਂ ਅੱਡੀਆਂ ਪਿਛਾਂਹ ਨੂੰ ਖਿਸਕਾਉਂਦੇ। ਲੱਤਾਂ ਤੱਕ ਪਹੁੰਚੇ ਸੇਕ ਨੂੰ ਘੱਟ ਕਰਨ ਲਈ ਸੁਕੜੰਜਾਂ ਪਲੋਸਣ ਲੱਗਦੇ। ਠੱਕ-ਠੱਕ ਦੀ ਮੱਧਮ ਆਵਾਜ਼ ਸੁਣ ਕੇ ਸਭ ਦਾ ਧਿਆਨ ਵਿਹੜੇ ਵੱਲ ਹੋ ਗਿਆ। ਮਾਂ ਨੇ ਮੁੰਡੇ ਨੂੰ ਕਿਹਾ- 'ਰਾਜੂ, ਦੇਖ ਵੇ ਕੌਣ ਐ?' ਮੁੰਡਾ ਸਣੇ ਗਲਾਸ ਵਿਹੜੇ ਵਿਚ ਆਇਆ ਤੇ ਫਿਰ ਹੌਲੀ ਦੇ ਕੇ ਬੋਲਿਆ-'ਬੱਗੂ ਬੁੜ੍ਹਾ ਐ।'

ਐਨੇ ਨੂੰ ਉਹ ਦਰਵਾਜ਼ੇ ਦੀ ਦਿਹਲੀਜ਼ ਟੱਪ ਆਇਆ ਸੀ। ਵਿਹੜੇ ਵਿੱਚ ਪੈਰ ਰਖਦੇ ਹੀ ਬੋਲਿਆ- 'ਦੇਵਤਿਆ......'

ਨਰੈਣੇ ਨੇ ਮੂੰਹ ਵਿਚਲੀ ਘੁੱਟ ਸੰਘੋਂ ਥੱਲੇ ਕਰਕੇ ਬਾਕੀ ਬਚਦੀ ਚਾਹ ਦਾ ਗਲਾਸ ਚੁੱਲ੍ਹੇ ਦੇ ਓਟੇ ਕੋਲ ਰੱਖ ਦਿੱਤਾ। ਤੇ ਬੋਲਿਆ, 'ਆ ਜਾ ਬੱਗਾ ਸਿਆਂ, ਗਾਹਾਂ ਈ ਲੰਘਇਆ। ਆ ਜਾ ਸੇਕ ਲੈ।'

'ਹਾਂ ਬਈ ਠੰਢ ਤਾਂ ਅੱਜ ਕੜਾਕੇ ਕੱਢੀ ਜਾਂਦੀ ਐ।' ਬੱਗੂ ਦੀ ਸੋਟੀ-ਵਿਹੜੇ ਦੀ ਪੱਕੀ ਮਿੱਟੀ ਉੱਤੇ ਖੜਕ ਰਹੀ ਸੀ।

ਝਲਾਨੀ ਵਿੱਚੋਂ ਮੁੰਡਾ, ਮੁੰਡੇ ਦੀ ਮਾਂ ਤੇ ਕੁੜੀ ਉੱਠ ਕੇ ਵਰਾਂਡੇ ਵਿਚ ਜਾ ਬੈਠੇ। ਤੇ ਫੇਰ ਮੁੰਡੇ ਨੇ ਖੇਸੀ ਦੀ ਬੁੱਕਲ ਮਾਰੀ ਤੇ ਬਾਹਰ ਨੂੰ ਤੁਰ ਪਿਆ। ਕੁੜੀ ਨੇ ਬਹੁਕਰ ਚੁੱਕ ਲਈ। ਮਾਂ ਰਿੜਕਣੇ ਦੀ ਰੱਸੀ ਖੋਲ੍ਹਣ ਲੱਗੀ।

ਬੱਗੂ 'ਹਰੇ ਰਾਮ, ਹਰੇ ਰਾਮ' ਕਰਦਾ ਚੁੱਲ੍ਹੇ ਅੱਗੇ ਪੀੜ੍ਹੀ ਉੱਤੇ ਜਾ ਬੈਠਾ। ਹੱਥ ਸੇਕਣ ਲੱਗਿਆ। ਨਰੈਣੇ ਨੇ ਗੁੱਲਾਂ ਦਾ ਰੁੱਗ ਚੁੱਲ੍ਹੇ ਵਿਚ ਸੁੱਟ ਕੇ ਥੱਲੇ ਪਏ ਪਤੀਲੇ ਦਾ ਢੱਕਣ ਚੁੱਕਿਆ, ਵਿਚ ਚਾਹ ਹੈਗੀ ਸੀ। ਪਤੀਲਾ ਉਹਨੇ ਚੁੱਲ੍ਹੇ ਉੱਤੇ ਧਰ ਦਿੱਤਾ। ਕਹਿੰਦਾ 'ਚਾਹ ਦਿੰਨਾਂ ਤੈਨੂੰ। ਠਾਰੀ ਤਾਂ ਕੰਜਰ ਦੀ ........।'

'ਨਾ ਬਈ, ਇਹ ਗੱਲ ਨ੍ਹੀਂ। ਚਾਹ ਜਮਾਂ ਛਕ ਕੇ ਘਰੋਂ ਤੁਰਿਆ ਸੀ ਮੈਂ ਤਾਂ।'

'ਨਹੀਂ, ਤੱਤੀ ਹੋ ਲੈਣ ਦੇ । ਨਾਲੇ ਮੈਂ ਵੀ ਪੀ ਲੂੰ।'

'ਤੂੰ ਪੀ ਜੀਅ ਸਦਕੇ। ਮੈਂ ਭਲਾ ਦੇਵਤਿਆ ਥੋਡੇ ਘਰ ਦਾ ਖਾ ਕੇ ਭਾਰ ਚੜ੍ਹੌਨੈਂ ਆਵਦੇ ਸਿਰ। ਥੋਨੂੰ ਤਾਂ ਦਿੱਤਾ ਬਣਦੈ। ਰਾਮ ਰਾਮ ! ਤੂੰ ਪੀ।' ਬੱਗੂ ਮਿੱਠਾ ਬੋਲਦਾ ਸੀ।

ਚਾਹ ਉਬਲੀ ਤੋਂ ਪਤੀਲਾ ਨਰੈਣੇ ਨੇ ਥੱਲੇ ਲਾਹ ਲਿਆ। ਟੋਕਰੇ ਵਿਚੋਂ ਦੋ ਸੁੱਚੇ ਗਲਾਸ ਲੈ ਕੇ ਚਾਹ ਪਾ ਲਈ। ਨਹੀਂ ਨਹੀਂ ਕਰਦੇ ਬੱਗੂ ਨੇ ਗਿਲਾਸ ਫੜ ਲਿਆ ਤੇ ਘੁੱਟ ਭਰ ਕੇ ਕਹਿੰਦਾ -'ਚੰਗਾ ਫੇਰ, ਤੇਰੀ ਸਲਾਹ। ਇਹ ਭਾਰ ਉਤਾਰ ਦਿਆਂਗੇ ਫੇਰ ਕਦੇ।'

ਨਰੈਣਾ ਉਹਦੇ ਕੋਲ ਬੈਠਾ ਚਾਹ ਤਾਂ ਪੀ ਰਿਹਾ ਸੀ, ਪਰ ਨਿਗਾਹ ਉਹਦੀ ਉਹਦੀਆਂ ਗੱਲਾਂ ਵੱਲ ਸੀ। ਇਕ ਗੱਲ ਜਿਹੜੀ ਬੱਗੂ ਹੁਣੇ ਕਹੇਗਾ, ਉਸ ਤੋਂ ਨਰੈਣਾ ਪਹਿਲਾਂ ਹੀ ਜਾਣੀ ਜਾਣ ਸੀ। ਉਹ ਸਹਿਮਿਆ ਬੈਠਾ ਸੀ। ਇਹ ਗੱਲ ਤਾਂ ਉਹਨੂੰ ਉਦੋਂ ਹੀ ਖੜਕ ਗਈ ਸੀ, ਜਦੋਂ ਬੱਗੂ ਦੀ ਸੋਟੀ ਵਿਹੜੇ ਵਿਚ ਠੱਕ-ਠੱਕ ਕਰਕੇ ਵਜਦੀ ਆ ਰਹੀ ਸੀ। ਸੋਟੀ ਦੀ ਠੱਕ-ਠੱਕ ਜਿਵੇਂ ਨਰੈਣੇ ਦੇ ਮੱਥੇ ਵਿਚ ਕਿੱਲਾਂ ਵਾਂਗ ਠੁੱਕਦੀ ਜਾ ਰਹੀ ਹੋਵੇ।

ਨਰੈਣੇ ਕੋਲ ਜ਼ਮੀਨ ਥੋੜ੍ਹੀ ਸੀ। ਬਸ ਟੱਬਰ ਮਸਾਂ ਪਲਦਾ । ਵੱਡੀ ਕੁੜੀ ਦੇ ਵਿਆਹ ਵੇਲੇ ਲਿਆ ਵਿਆਜੂ-ਰੁਪਈਆ ਓਵੇਂ ਦਾ ਓਵੇਂ ਸਿਰ ਖੜ੍ਹਾ ਸੀ। ਪੂਰਾ ਵੀਹ ਹਜ਼ਾਰ । ਇਹ ਵੀਹ ਬੱਗੂ ਦੀ ਬਹੀ ਵਿਚ ਲਿਖਿਆ ਹੋਇਆ ਸੀ। ਤਿੰਨ ਸਾਲ ਹੋ ਚੁੱਕੇ ਸਨ। ਇਕ ਕੌਡੀ ਵੀ ਵਾਪਸ ਨਹੀਂ ਹੋ ਸਕੀ ਸੀ। ਬੱਗੂ ਹਰ ਵਰ੍ਹੇ ਨਾਮਾ ਕਰਦਾ। ਵਿਆਜ ਲੱਗ ਕੇ ਨਵੀਂ ਰਕਮ ਖੜ੍ਹੀ ਹੋ ਜਾਂਦੀ । ਵੀਹ ਹਜ਼ਾਰ ਤੋਂ ਵਧ ਕੇ ਹੁਣ ਪਤਾ ਨਹੀਂ ਕਿੰਨੀ ਰਕਮ ਬਣ ਚੁੱਕੀ ਹੋਵੇਗੀ। ਨਰੈਣੇ ਨੂੰ ਕੋਈ ਹਿਸਾਬ ਨਹੀਂ ਸੀ। ਉਹ ਤਾਂ ਬਸ ਬਹੀ ਉੱਤੇ ਗੂਠਾ ਲਾਉਣ ਜਾਣਦਾ ਸੀ।



ਲੈਣ ਵੇਲੇ ਤਾਂ ਸੋਚਿਆ ਸੀ ਕਿ ਉਹ ਕਮਾਈ ਕਰਕੇ ਦੋ ਸਾਲਾਂ ਵਿਚ ਹੀ ਵਿਆਜੂ ਪੈਸਾ ਸਾਰਾ ਉਤਾਰ ਦੇਵੇਗਾ। ਪਰ ਖੇਤੀ ਤਾਂ ਕੁਦਰਤ ਦੇ ਵੱਸ ਹੈ। ਕਦੇ ਗੜੇ ਪੈ ਗਏ, ਕਦੇ ਬਹੁਤ ਮੀਂਹ ਪੈ ਗਿਆ ਜਾਂ ਕਿਸੇ ਸਾਲ ਬਿਲਕੁਲ ਹੀ ਨਾ ਪਿਆ। ਫਸਲ ਨੂੰ ਕੋਈ ਕੀੜਾ ਲੱਗ ਗਿਆ। ਤਿੰਨ ਸਾਲ ਉਹਦੀ ਫਸਲ ਚੰਗੀ ਨਹੀਂ ਹੋਈ ਸੀ।

ਬੱਗੂ ਹਰ ਸਾਲ ਆਖਦਾ, ਹਰ ਸਾਲ, ਕੀ ਹਾੜੀ-ਸੌਣੀ। ਆਖਦਾ- 'ਚੱਲ ਵਿਆਜ ਈ ਮੋੜ। ਫੇਰ ਕੱਠਾ ਭਾਰ ਚੱਕ ਕੇ ਔਖਾ ਹੋਏਂਗਾ। ਦੇਵਤਾ ਤੇਰੀ ਮਰਜ਼ੀ ਐ।'

ਇਸ ਸਾਲ ਤਾਂ ਉਹ ਦੋ ਵਾਰ ਆਖ ਚੁੱਕਿਆ ਸੀ -'ਰਕਮ ਬਹੁਤ ਹੋ ਗੀ ਦੇਵਤਾ! ਐਤਕੀਂ ਕਣਕ ਕੱਢ ਕੇ ਸਾਰਾ ਮੋੜ ਦੇ। ਕਿਵੇਂ ਕਰ, ਤੂੰ ਜਾਣ ਤੂੰ ਜਾਣ।'

ਨਰੈਣਾ ਸੋਚਦਾ ਕਣਕ ਦੀ ਫਸਲ ਸਾਰੀ ਵੇਚ ਕੇ ਬੱਗੂ ਤਾਂ ਨਿਬੜ ਜੂ, ਪਰ ਘਰ ਕਿਵੇਂ ਚੱਲੂ? ਠੂਠਾ ਫੜਨਾ ਪਊ। ਹੋਰ ਗਰਜ਼ਾਂ ਕਿੰਨੀਆਂ ਨੇ। ਫੇਰ ਉਹ ਫਿਕਰ ਕਰਦਾ-'ਕੀ ਪਤਾ ਫਸਲ ਕਿੰਨੀ ਕੁ ਹੋਊਗੀ ਰੱਬ ਦੇ ਘਰ ਦਾ ਕੀ ਵਸਾਹ, ਕਿਹੜੀ ਆਫ਼ਤ ਆ ਡਿੱਗੇ।'

ਸਿਰ ਚੜ੍ਹੇ ਪੈਸਿਆਂ ਦਾ ਖ਼ਿਆਲ ਦਿਮਾਗ ਵਿਚ ਲਿਆ ਕੇ ਉਹਨੂੰ ਹੁਣ ਛੋਟੀ ਕੁੜੀ ਵਿਉਹ ਲੱਗਦੀ। ਉਹ ਝੁਰਦਾ, 'ਇਹ ਵੀ ਕੌੜੀ ਵੇਲ ਵਾਂਗੂੰ ਵਧੀ ਜਾਂਦੀ ਹੈ। ਨਿਤ ਗਿੱਠ ਵਾਰ ਆਊਂਦੈ। ਕਿੱਥੋਂ ਬਤਾਰੂ ਜੰਮ ਲਿਆ।'

ਚਾਹ ਪੀ ਕੇ ਬੱਗੂ ਆਪਣਾ ਜੂਠਾ ਗਲਾਸ ਆਪ ਮਾਂਜਣ ਲੱਗਿਆ। ਨਰੈਣਾ ਕਹਿ ਰਿਹਾ ਸੀ-'ਬੱਗਾ ਸਿਹਾਂ ਰਹਿਣ ਦੇ, ਆਪੇ ਮਾਂਜ ਲੂ ਗੀ ਤੇਰੀ ਪਰੋਤਣੀ।'

ਉਹ ਕਹਿੰਦਾ-'ਪਾਪ ਚੜੌਣੈਂ। ਮੇਰਾ ਜੂਠਾ ਗਲਾਸ ਪਰੋਤਣੀ ਮਾਂਜੇ, ਐਡਾ ਭਾਰ। ਤੀਰਥ ਐ ਪਰੋਤਣੀ ਤਾਂ-ਹਾਅ।'

ਸੁੱਕ-ਮਾਂਜ ਕੀਤਾ ਗਲਾਸ ਬੱਗੂ ਨੇ ਪਰ੍ਹਾਂ ਰੱਖਿਆ ਤੇ ਨਰੈਣੇ ਤੋਂ ਤੱਤੇ ਪਾਣੀ ਦੀ ਚੁਲੀ ਲੈ ਕੇ ਸੁਆਹ ਨਾਲ ਲਿਬੜੇ ਹੱਥ ਸੇਕਣ ਲੱਗਿਆ। ਨਰੈਣੇ ਨੇ ਗੁੱਲਾਂ ਦਾ ਰੁੱਗ ਹੋਰ ਸੁੱਟ ਦਿੱਤਾ। ਫੇਰ ਬੱਗੂ ਨੇ ਪੈਰ ਸੇਕੇ ਫੇਰ ਅੱਗ ਦੀ ਲਾਟ ਉੱਤੇ ਹੱਥ ਸੇਕ ਉਹ ਆਪਣੇ ਚੇਹਰੇ ਉੱਤੇ ਫੇਰਨ ਲੱਗਿਆ। ਤੇ ਫੇਰ ਨਰੈਣੇ ਵੱਲ ਗੁੱਝੀਆਂ ਅੱਖਾਂ ਨਾਲ ਝਾਕਿਆ। ਪੁੱਛਿਆ, 'ਫੇਰ ਦੇਵਤਿਆ?'

'ਫਰਮਾਅ, 'ਨਰੈਣਾ ਜਿਵੇਂ ਪਹਿਲਾਂ ਹੀ ਜਾਣਦਾ ਹੋਵੇ।

'ਐਤਕੀਂ ਫੇਰ?'

'ਬੱਗਾ ਸਿਆਂ, ਸਾਰੇ ਤਾਂ ਮੈਂ ਦੇ ਨ੍ਹੀਂ ਸਕਦਾ।'ਨਰੈਣੇ ਨੇ ਕੋਰਾ ਜਵਾਬ ਦਿੱਤਾ।

'ਤਿੰਨ ਸਾਲ ਤੋਂ ਉੱਤੇ ਤਾਂ ਕਨੂੰਨ ਵੀ ਨ੍ਹੀਂ ਕਹਿੰਦਾ, ਫੇਰ ਸੈ ਉਲਝਾਅ ਪੈਂਦੇ। ਸਾਰਾ ਮੋੜ।' ਬਗੂ ਵੀ ਕਿੱਲ ਵਾਂਗ ਠੁੱਕ ਗਿਆ ।

'ਸਾਰਿਆਂ ਦੀ ਤਾਂ ਬੇਵਾਹ ਐ।'

'ਫੇਰ ਹੋਰ ਕਰ।'

'ਹੋਰ ਕਿਕੂੰ?' ਨਰੈਣੇ ਦੀਆਂ ਅੱਖਾਂ ਵਿਚ ਅਣਮੱਚੇ ਗੁੱਲਾਂ ਦਾ ਧੂੰਆਂ ਪੈਣ ਲੱਗਿਆ। ਉਹ ਫੂਕਣੀ ਚੁੱਕ ਕੇ ਫੂਕਾਂ ਮਾਰਨ ਲੱਗਿਆ। ਅੱਗ ਮੂੰਹ ਤਾਂ ਖੋਲ੍ਹਦੀ ਪਰ ਲਾਟ ਨਾ ਨਿਕਲਦੀ।

'ਦੋ ਕਿੱਲੇ ਗਹਿਣੇ ਕਰ ਦੇ ਫੇਰ।' ਬੱਗੂ ਬਹੁਤ ਅਧੀਨ ਜਿਹਾ ਬਣ ਕੇ ਆਖ ਗਿਆ। ਨਰੈਣੇ ਰੱਥੋਂ ਫੂਕਣੀ ਭੁੰਜੇ ਡਿੱਗ ਪਈ। ਬੋਲਿਆ ਨਹੀਂ ਗਿਆ। ਬੱਗੂ ਹੀ ਫੇਰ ਬੋਲਿਆ- 'ਹੋਰ ਫੇਰ, ਦੂਜਾ ਅਲਾਜ ਤਾਂ ਇਹੀ ਐ।' ਹੁਣ ਨਰੈਣਾ ਨਾ ਤਾਂ ਚੁੱਲੇ ਵਿੱਚ ਗੁੱਲ ਸੁੱਟ ਰਿਹਾ ਸੀ ਤੇ ਨਾ ਹੀ ਸ਼ਾਇਦ ਉਹਨਾਂ ਦੋਵਾਂ ਨੂੰ ਠੰਢ ਲੱਗਦੀ ਸੀ। ਨਰੈਣੇ ਦੇ ਤਾਂ ਅੰਦਰੋਂ ਹੀ ਜਿਵੇਂ ਕੋਈ ਸੇਕ ਉੱਠ ਖੜੋਤਾ ਹੋਵੇ। ਉਹਦੇ ਮੱਥੇ ਉੱਤੇ ਸਿੱਲ੍ਹ ਆ ਗਈ।

'ਵਚਾਰ ਕਰ ਲੀਂ। ਚੌਥੇ ਪੰਜਵੇਂ ਮੈਂ ਫੇਰ ਆਊ।' ਉੱਠਣ ਲੱਗਿਆ ਬੱਗੂ ਬੋਲਿਆ।

ਨਰੈਣਾ ਭੁੱਬਲ ਉੱਤੇ ਡੱਕੇ ਨਾਲ ਲਕੀਰਾਂ ਕੱਢ ਰਿਹਾ ਸੀ। ਲਕੀਰਾਂ 'ਤੇ ਚਾਰ ਖਾਨੇ ਬਨਾਉਂਦਾ, ਫ਼ੇਰ ਢਾਹ ਦਿੰਦਾ। ਸੁਆਹ ਪਧੱਰ ਕਰਕੇ ਫ਼ੇਰ ਲਕੀਰਾਂ ਕੱਢਣ ਲਗਦਾ। ਚੁੱਲ੍ਹਾ ਠੰਢਾ ਹੋਇਆ ਪਿਆ ਸੀ।

ਨਰੈਣੇ ਦੀ ਘਰ ਵਾਲੀ ਦੁੱਧ ਰਿੜਕ ਕੇ ਝਲਾਨੀ ਵਿਚ ਆਈ ਤੇ ਉਹਨੂੰ ਇਉਂ ਬੈਠਾ ਵੇਖ ਕੇ ਫ਼ਿਕਰ ਕਰਨ ਲੱਗੀ। ਪੁੱਛਿਆ-'ਕੀ ਬੋਲਦਾ ਸੀ ਬੱਗੂ?'

'ਕੜੱਕੀ,' ਉਹਨੇ ਇਕੋ ਸ਼ਬਦ ਵਿਚ ਸਾਰੀ ਗੱਲ ਮੁਕਾਣੀ ਚਾਹੀ।

'ਫੇਰ ਵੀ?' ਔਰਤ ਨੇ ਖੋਲ੍ਹ ਕੇ ਦੱਸਣ ਲਈ ਕਿਹਾ।

'ਜਾ ਤਾਂ ਕਹਿੰਦਾ ਸਾਰਾ ਮੋੜ ਐਤਕੀਂ ਹਾੜੀ ਨੂੰ ਜਾਂ ਫੇਰ ਦੋ ਕਿੱਲੇ ਜ਼ਮੀਨ ਦੇਹ । ਪੈਸਿਆਂ ਦਾ ਅੱਧ-ਪਚੱਧ ਜਮਾਂ ਈ ਨ੍ਹੀਂ ਲੈਣਾ।'

'ਹਾਏ ਵੇ, ਤੇਰਾ ਤੁਖਮ ਨਾ ਰਹੇ।' ਔਰਤ ਨੇ ਪੱਟਾਂ ਉੱਤੇ ਹੱਥ ਮਾਰਿਆ।

'ਦੋ ਕਿਲੇ ਦੇ ਕੇ ਫੇਰ ਆਪਾਂ ਕਿੱਥੋਂ ਖਾਵਾਂਗੇ। ਪੈਸਾ ਮੋੜਿਆ ਤਾਂ ਐਨਾ ਸਾਰੀ ਕਣਕ ਦਾ ਵੱਟਿਆ ਨ੍ਹੀਂ ਜਾਣਾ । ਏਸੇ ਨੂੰ ਤਾਂ ਕਹਿੰਦੇ ਨੇ 'ਕੜੱਕੀ' ਚ ਜਾਨ'। ਨਰੈਣਾ ਚੁੱਲ੍ਹੇ ਅਗਿਓ ਉੱਠ ਖੜੋਤਾ। ਸਮਝ ਨਹੀਂ ਆ ਰਹੀ ਸੀ, ਅੱਜ ਕਿਹੜੇ ਕੰਮ ਨੂੰ ਹੱਥ ਪਾਇਆ ਜਾਵੇ।

ਉਹ ਵਿਹੜੇ ਵਿਚ ਖੜਕੇ ਬੀਹੀ ਵੱਲ ਝਾਕਣ ਲੱਗਿਆ। ਬੱਗੂ ਦੀ ਪੋਤੀ ਗੜਵੀ ਲਈ ਤੁਰੀ ਆ ਰਹੀ ਸੀ। ਆ ਕੇ ਕਹਿੰਦੀ -'ਅੰਮਾਂ, ਬਾਬੇ ਨੇ ਦੁੱਧ ਭੇਜਿਐ। ਕਹਿੰਦਾ, ਮੈਂ ਚਾਹ ਪੀ ਆਇਆਂ ਉਹਨਾਂ ਦੇ ਘਰ ਦੀ।'

ਖਾਲੀ ਗੜਵੀ ਲੈ ਕੇ ਕੁੜੀ ਮੁੜ ਗਈ। ਬੱਗੂ ਦੇ ਘਰ ਦਾ ਦੁੱਧ ਨਰੈਣੇ ਦੀ ਘਰਵਾਲੀ ਨੇ ਜੂਠ ਵਾਲੇ ਬੱਠਲ ਵਿਚ ਡੋਲ੍ਹ ਦਿੱਤਾ। ਕਹਿੰਦੀ -'ਪੱਟੀ ਮੋੜੀ ਆਲਾ, ਜਾਏ ਖਾਣਾ, ਧਰਮਾਤਮਾ ਬਣਦੈ।'

ਕਾਵਿ ਵਿਅੰਗ

## ਨਦੀ ਕਿਨਾਰੇ ਰੁੱਖੜਾ

ਸਾਡੇ ਨਾਲ ਤਾਂ ਪੱਗ ਵਟਾ ਕੇ, ਸਭ ਨੇ ਦਗਾ ਕਮਾਇਆ ਹੈ।
ਸੱਜਣ ਮਿੱਤਰ ਰਿਸ਼ਤੇਦਾਰ, ਜਿਸ ਨੂੰ ਵੀ ਅਜ਼ਮਾਇਆ ਹੈ।
ਮਗਰੋਂ ਆ ਕੇ ਉਨ੍ਹਾਂ ਨੇ ਕਦੇ ਫਿੱਟੇ ਮੂੰਹ ਵੀ ਆਖਿਆ ਨਾ,
ਮਤਲਵ ਵੇਲੇ ਜੀਹਨੇ ਜੀਹਨੇ, ਗੋਡਿਆਂ ਨੂੰ ਹੱਥ ਲਾਇਆ ਹੈ।
ਓਸ ਮਿੱਤਰ ਦੀ ਮਿੱਤਰਤਾ ਨੂੰ, ਮਿੱਤਰੋ ਕਿਸੇ ਨੇ ਕੀ ਚੱਟਣਾ,
ਜਿਹੜਾ ਮਿੱਤਰ ਮਿੱਤਰ ਦੇ ਨਾ, ਲੋੜ ਵੇਲੇ ਕੰਮ ਆਇਆ ਹੈ।
ਹੁਣ ਨਾ ਓਹਨਾਂ ਯਾਰਾਂ ਉੱਤੇ ਭੋਰਾ ਵੀ ਇਤਬਾਰ ਰਿਹਾ,
ਉੱਪਰੋਂ ਅਦਬ ਸਲਾਮਾਂ ਜੀਹਨਾਂ, ਅੰਦਰੋ ਰਗੜਾ ਲਾਇਆ ਹੈ।
ਓਸ ਯਾਰ ਦੀ ਯਾਰੀ ਨੂੰ , ਤੋੜ ਦੇਣਾ ਹੀ ਬੇਹਤਰ ਹੈ,
ਮੂੰਹ ਵਿੱਚ ਜੀਹਦੇ ਰਾਮ ਰਾਮ , ਕੱਛ 'ਚ ਛੁਰਾ ਛੁਪਾਇਆ ਹੈ।
ਜੀਹਨੇ ਵੀ ਸਰਕਾਰਾਂ ਕੋਲੋਂ, ਲੈਣਾ ਨਹੀਂ ਐਵਾਰਡ ਕੋਈ,
ਓਹਨਾਂ ਨੇ ਕਿਸੇ 'ਮੰਤਰੀ ਦਾ ਦਰ, ਕਦੇ ਵੀ ਨਹੀਂ ਖੜਕਾਇਆ ਹੈ।
ਅਰਬਾਂ ਖਰਬਾਂ ਦਾ ਤੂੰ ਮਾਲਿਕ, ਅੱਧੀ ਦੁਨੀਆ ਫੈਨ ਤੇਰੀ,
ਕਿਹੜੀ ਲੋੜ ਤੈਨੂੰ ਗੌਰਮਿੰਟ ਦਾ, ਝੋਲੀ ਚੁੱਕ ਬਣਾਇਆ ਹੈ।
ਜਦੋਂ ਦੀ ਦੁਨੀਆਂ ਬਣੀ ਹੈ ਏਥੇ, ਜੰਗਲ ਰਾਜ ਹੈ ਚੱਲ ਰਿਹੈ,
ਮੌਕਾ ਤਾੜ ਕੇ ਤਕੜੇ ਨੇ, ਝੱਟ ਕਮਜ਼ੋਰ ਨੂੰ ਢਾਹਿਆ ਹੈ।
ਭੈਣ ਭਰਾ ਦਾ ਰਿਸ਼ਤਾ ਵੀ ਹੁਣ, ਗਰਜ਼ਾਂ ਤੱਕ ਹੀ ਸੀਮਿਤ ਹੈ,
ਕੌਣ ਕਿਸੇ ਦਾ ਮਾਮਾ ਮਾਸੜ, ਫੁੱਫੜ ਚਾਚਾ ਤਾਇਆ ਹੈ।
ਮਤਲਵ ਖੋਰੀ ਦੁਨੀਆਂ ਤੋਂ ਹੁਣ, ਦਮ ਹੈ ਘੁੱਟਣ ਲੱਗ ਪਿਐ,
ਕੌਣ ਤੇਰਾ ਹਮਦਰਦੀ ਏਥੇ, ਕੌਣ ਤੇਰਾ ਹਮਸਾਇਆ ਹੈ।
ਬਹੁਤੀ ਲੰਘ ਗਈ ਥੋੜ੍ਹੀ ਰਹਿ ਗਈ,ਇਹ ਵੀ 'ਨਿੱਝਰ' ਬੀਤ ਜਾਊ,
ਨਦੀ ਕਿਨਾਰੇ ਰੁੱਖੜਾ ਹੁਣ ਤਾਂ, ਆਖਰ ਮਨ ਸਮਝਾਇਆ ਹੈ।

ਰਵਿੰਦਰ ਸਿੰਘ ਨਿੱਝਰ
98722 00125

## .ਗ਼ਜ਼ਲ

ਮਿਲ਼ੇ ਜੇ ਚਾਨਣ ਦੀ ਇੱਕੋ ਲੱਪ ਵੀ,
ਮੈਂ 'ਨੇਰਿਆਂ ਨੂੰ ਸ਼ਿੰਗਾਰ ਦੇਵਾਂ;
ਤੇ ਸਦੀਆਂ ਸਦੀਆਂ ਤੋਂ ਕਾਲ਼ੇ ਜੰਗਲ਼
ਦਾ ਪੱਤਾ ਪੱਤਾ ਨਿਖਾਰ ਦੇਵਾਂ।

ਮੈਂ ਗ੍ਰਿਹ-ਦਿਸ਼ਾਵਾਂ ਨੂੰ ਤਰਕ-ਸੰਗਤ
ਮਨਾ ਲਵਾਂਗਾ, ਪਰੰਤੂ ਪਹਿਲਾਂ;
ਕਿ ਦਕਿਆਨੂਸੀ ਦੀ ਕੂੰਜ ਅਪਣੀ,
ਤਾਂ ਦਰਿਆ ਓਹਲੇ ਉਤਾਰ ਦੇਵਾਂ।

ਕਹਾਂਗਾ ਫਿਰ ਹੀ ਮੈਂ ਤੇਰਾ-ਤੇਰਾ,
ਰੁਕਾਵਟਾਂ ਨੂੰ ਤਾਂ ਦੂਰ ਕਰ-ਲਾਂ;
ਕਿ ਅਪਣੇ-ਆਪੇ ਨੂੰ ਪਹਿਲਾਂ ਭੁੱਲਾਂ,
ਮੈਂ ਅਪਣੀ 'ਮੈਂ' ਨੂੰ ਤਾਂ ਮਾਰ ਦੇਵਾਂ।

ਕੋਈ ਰਿਵਾਇਤ ਵੀ ਪੀੜੀਆਂ ਤੋਂ,
ਨ ਨੇੜੇ ਤੇੜੇ, ਨ ਸੋਚਾਂ ਅੰਦਰ;
ਕਿ ਦੇਵੇ ਗੁਲਦਸਤਾ ਕੋਈ ਜੇਕਰ,
ਮੈਂ ਉਸਨੂੰ ਕੰਡਿਆਲ਼ਾ ਹਾਰ ਦੇਵਾਂ

ਹੈ ਮੇਰੀ ਫ਼ਿਤਰਤ 'ਚ ਭੋਲ਼ਾਪਣ ਹੀ,
ਤੇ ਜੀਣ-ਸ਼ੈਲੀ ਚ' ਸਾਦਗੀ ਹੈ;
ਹਰਿੱਕ ਬਸ਼ਰ ਹੀ ਇਹ ਤਾਕ ਰੱਖਦੈ,
ਗਊ ਹੈ ਭੋਲ਼ੀ, ਮੈਂ ਚਾਰ ਦੇਵਾਂ।

ਹਿਆਤੀ ਸਾਰੀ ਮੈਂ ਏਸੇ ਦੁਬਿਧਾ ਤੋਂ
ਖਹਿੜਾ ਅਪਣਾ ਛੁਡਾ ਨ ਪਾਇਆ;
ਕਿ ਸੱਚ ਤੋਂ ਪੱਲਾ ਬਚਾ ਕੇ ਰੱਖਾਂ,
ਜਾਂ ਜਾਨ ਸੱਚ ਤੋਂ ਮੈਂ ਵਾਰ ਦੇਵਾਂ।

ਹੈ ਮੇਰੇ ਸਾਰੇ ਹੀ ਨ਼ਕਦ ਸੌਦੇ,
ਉਹ ਭਾਵੇਂ ਯਾਰੀ ਜਾਂ ਦੁਸ਼ਮਣੀ ਹੈ;
ਕਦੀ ਵੀ ਮੈਂ ਨਾ ਉਧਾਰ ਮੰਗਾਂ,
ਨ ਮੈਂ ਕਿਸੇ ਨੂੰ ਉਧਾਰ ਦੇਵਾਂ।

ਤੂੰ ਮੇਰੀ ਕੀਤੀ ਹੈ ਬੰਦ-ਖ਼ਲਾਸੀ,
ਮੈਂ ਤੈਥੋਂ ਵਾਰੇ, ਮੈਂ ਤੈਥੋਂ ਸਦਕੇ;
ਐ ਮੇਰੇ ਕ਼ਾਤਿਲ ! ਰਤਾ ਹੋ ਨੇੜੇ,
ਆ ਤੇਰੇ ਸਿਰ 'ਤੇ ਮੈਂ ਪਿਆਰ ਦੇਵਾਂ

ਕਰਾਂ ਮੈਂ ਕ਼ਾਇਲ ਜਾਂ ਹੋਵਾਂ ਕ਼ਾਇਲ,
ਨ ਵਿਚ-ਵਿਚਾਲ਼ੇ ਮੈਂ ਸੋਚਦਾ ਹਾਂ;
ਨ ਮੇਰੀ ਫ਼ਿਤਰਤ, ਨ ਮੇਰੀ ਆਦਤ,
ਕਿ ਗੱਲਾਂ ਗੱਲਾਂ 'ਚ ਸਾਰ ਦੇਵਾਂ।

ਜੇ ਸਬਰ ਮੇਰੇ ਦੀ ਧਰਤ ਵਿੱਚੋਂ ,
ਕਦੀ ਵੀ ਜਾਪੇ ਹੈ ਫੁਟਦਾ ਲਾਵਾ ;
ਵਹਾ ਕੇ ਨੈਣਾਂ 'ਚੋਂ ਝਰਨਾ ਸ਼ੀਤਲ,
ਮੈਂ ਕ੍ਰੋਧ-ਅਗਨੀ ਨੂੰ ਠਾਰ ਦੇਵਾਂ।

ਕਮਾਲ ਹੈ ਕਿ ਕਲਾਮ ਤੇਰਾ,
ਟਸਕਦੇ ਜ਼ਖ਼ਮਾਂ ਦੀ ਬਣਦਾ ਮੱਲਮ;
ਨਜ਼ਰ ਉਤਾਰਾਂ ਮੈਂ ਤੇਰੀ 'ਸ਼ੈਦਾ',
ਆ ਤੈਥੋਂ ਮਿਰਚਾਂ ਨੂੰ ਵਾਰ ਦੇਵਾਂ।



ਅੰਮ੍ਰਿਤਪਾਲ ਸਿੰਘ ਸ਼ੈਦਾ
(ਮੋ. 98552-32575)

ਵਿਅੰਗ

## ਸਭ ਤੋਂ ਵੱਡੀ ਖ਼ਬਰ

ਕੇ.ਐਲ. ਗਰਗ

ਅੱਜਕੱਲ੍ਹ ਮੀਡੀਆ ਭਾਵ ਟੀਵੀ ਚੈਨਲਾਂ ਵਾਲੇ ਸਿਰਫ਼ ਵੱਡੀਆਂ ਖ਼ਬਰਾਂ ਹੀ ਪ੍ਰਸਾਰਿਤ ਕਰਦੇ ਹਨ। ਛੋਟੀਆਂ ਖ਼ਬਰਾਂ ਤਾਂ ਉਨ੍ਹਾਂ ਕੋਲ ਹੁਣ ਹੁੰਦੀਆਂ ਹੀ ਨਹੀਂ। ਜਿੰਨੀ ਵੱਡੀ ਤੋਂ ਵੱਡੀ ਖ਼ਬਰ ਉਹ ਲੱਭ ਕੇ ਲਿਆਉਂਦੇ ਹਨ, ਓਨਾ ਹੀ ਉਨ੍ਹਾਂ ਦਾ ਸਟੇਟਸ ਵਧਦਾ ਜਾਂਦਾ ਹੈ।

ਚੈਨਲ 'ਤੇ ਬਹੁਤ ਜ਼ਰੂਰੀ ਵਿਸ਼ੇ 'ਤੇ ਬਹਿਸ ਚੱਲ ਰਹੀ ਸੀ। ਵਿਸ਼ਾ ਸੀ 'ਬਲਾਤਕਾਰਾਂ ਦੇ ਕਾਰਨ ਤੇ ਹੱਲ'। ਭਾਗ ਲੈਣ ਵਾਲੇ ਮਹੱਤਵਪੂਰਨ ਦਲੀਲਾਂ ਤੇ ਤਰਕ ਦੇ ਰਹੇ ਸਨ। ਇੱਕ ਜਣੇ ਨੇ ਵਾਕ ਹਾਲੇ ਅੱਧਾ ਹੀ ਬੋਲਿਆ ਹੋਵੇਗਾ ਕਿ ਐਂਕਰ ਮੁਸਕਰਾ ਕੇ ਕਹਿਣ ਲੱਗੀ, ''ਮੁਆਫ਼ ਕਰਨਾ, ਮੈਂ ਤੁਹਾਡੀ ਗੱਲ ਨੂੰ ਅੱਧ-ਵਿਚਾਲੇ ਹੀ ਟੋਕ ਰਹੀ ਹਾਂ। ਇੱਕ ਵੱਡੀ ਖ਼ਬਰ ਆ ਰਹੀ ਹੈ, ਪਹਿਲਾਂ ਉਹ ਸਰੋਤਿਆਂ ਨੂੰ ਸੁਣਾ ਦੇਈਏ। ਇਸ ਮਹੱਤਵਪੂਰਨ ਵਿਸ਼ੇ 'ਤੇ ਜਲਦੀ ਆ ਕੇ ਗੱਲਬਾਤ ਕਰਦੇ ਹਾਂ।''

ਉਦੋਂ ਹੀ ਟੀਵੀ ਸਕਰੀਨ 'ਤੇ ਖ਼ਬਰ ਪ੍ਰਿੰਟ ਹੋਣੀ ਸ਼ੁਰੂ ਹੋ ਜਾਂਦੀ ਹੈ: ''ਉਦਮਪੁਰ 'ਚ ਇੱਕ ਬੱਕਰੀ ਨੇ ਛੇ ਮੇਮਣੇ ਦਿੱਤੇ ਹਨ। ਇਹ ਬੱਕਰੀ ਕੋਈ ਮਾਮੂਲੀ ਬੱਕਰੀ ਨਹੀਂ, ਇਹ ਮਹਾਤਮਾ ਜੀ ਦੀ ਬੱਕਰੀ ਦੇ ਖ਼ਾਨਦਾਨ ਵਿੱਚੋਂ ਇੱਕੀਵੀਂ ਪੀੜ੍ਹੀ 'ਚੋਂ ਹੈ। ਸਾਡੇ ਨਾਲ ਸਾਡੇ ਸੰਵਾਦਦਾਤਾ ਟੈਂ ਟੈਂ ਦਾਸ ਜੁੜ ਗਏ ਹਨ, ਉਨ੍ਹਾਂ ਤੋਂ ਇਸ ਮਹੱਤਵਪੂਰਨ ਬੱਕਰੀ ਬਾਰੇ ਜ਼ਰੂਰੀ ਜਾਣਕਾਰੀ ਲੈਂਦੇ ਹਾਂ।''

''ਟੈਂ ਟੈਂ ਦਾਸ, ਤੁਹਾਨੂੰ ਮੇਰੀ ਆਵਾਜ਼ ਸੁਣ ਰਹੀ ਹੈ?''

''ਹਾਂ, ਹਾਂ, ਮੇਨਕਾ ਜੀ, ਸੁਣ ਰਹੀ ਹੈ।''

''ਇਸ ਬੱਕਰੀ ਦੇ ਪੈਦਾ ਹੋਏ ਮੇਮਣਿਆਂ ਬਾਰੇ ਤੁਹਾਡੇ ਕੋਲ ਕੀ ਜਾਣਕਾਰੀ ਹੈ?''

ਟੈਂ ਟੈਂ ਦਾਸ ਆਪਣੇ ਕੰਨ 'ਚ ਫਸਾਏ ਮਾਈਕ ਠੀਕ ਕਰਦੇ ਹਨ ਤੇ ਬੋਲਦੇ ਹਨ:

''ਮੇਨਕਾ, ਮੈਂ ਉਸ ਬੱਕਰੀ ਦੇ ਪਰਿਵਾਰ ਕੋਲ ਹੀ ਖਲੋਤਾ ਹੋਇਆ ਹਾਂ। ਵਾਕਿਆ ਹੀ ਉਸ ਨੇ ਛੇ ਮੇਮਣੇ ਦਿੱਤੇ ਹਨ। ਮੈਂ ਖ਼ੁਦ ਗਿਣਤੀ ਕੀਤੀ ਹੈ। ਮੇਮਣੇ ਪੂਰੇ ਛੇ ਹੀ ਹਨ।''

''ਉਨ੍ਹਾਂ ਦੀ ਸਿਹਤ ਬਾਰੇ ਸਾਡੇ ਸਰੋਤਿਆਂ ਨੂੰ ਦੱਸੋ!'' ਮੇਨਕਾ ਨੇ ਕਿਹਾ।

''ਮੇਮਣੇ ਬਿਲਕੁਲ ਰਿਸ਼ਟ-ਪੁਸ਼ਟ ਹਨ। ਵਿਹੜੇ ਵਿੱਚ ਦੌੜਦੇ ਹੋਏ, ਛਲਾਂਗਾਂ ਮਾਰ ਰਹੇ ਹਨ। ਪਰਿਵਾਰ ਵਿੱਚ ਇੰਨੇ ਮੇਮਣੇ ਆ ਜਾਣ 'ਤੇ ਖ਼ੁਸ਼ੀ ਦਾ ਹੜ੍ਹ ਆਇਆ ਹੋਇਆ ਹੈ। ਪਰਿਵਾਰ ਵਾਲੇ ਵੀ ਮੇਮਣਿਆਂ ਵਾਂਗ ਛਲਾਂਗਾਂ ਮਾਰ ਰਹੇ ਹਨ।''

''ਟੈਂ ਟੈਂ ਦਾਸ, ਮੇਮਣੇ ਕਿਹੜੀ ਨਸਲ ਦੇ ਹਨ?''

''ਮੇਨਕਾ, ਮੇਮਣੇ ਮਹਾਤਮਾ ਜੀ ਦੀ ਬੱਕਰੀ ਦੀ ਨਸਲ 'ਚੋਂ ਹਨ। ਇਹ ਉਸ ਬੱਕਰੀ ਦੀ ਇੱਕੀਵੀਂ ਪੀੜ੍ਹੀ 'ਚੋਂ ਦੱਸੀਦੇ ਹਨ।''

''ਕੀ ਮਹਾਤਮਾ ਦੀ ਬੱਕਰੀ ਹਾਲੇ ਜਿਉਂਦੀ ਹੈ? ਟੈਂ ਟੈਂ ਦਾਸ ਕੀ ਮੇਰੀ ਆਵਾਜ਼ ਤੁਹਾਡੇ ਤਕ ਪਹੁੰਚ ਰਹੀ ਹੈ? ਟੈਂ ਟੈਂ ਦਾਸ... ਲੱਗਦੈ ਟੈਂ ਟੈਂ ਦਾਸ ਨਾਲ ਸਾਡਾ ਸੰਪਰਕ ਟੁੱਟ ਗਿਆ ਹੈ। ਫੇਰ ਕੋਸ਼ਿਸ਼ ਕਰਾਂਗੇ। ਦੋਬਾਰਾ ਸੰਪਰਕ ਹੋਣ 'ਤੇ ਅਸੀਂ ਆਪਣੇ ਦਰਸ਼ਕਾਂ ਨੂੰ ਬੱਕਰੀ ਤੇ ਮੇਮਣਿਆਂ ਬਾਰੇ ਹੋਰ ਅਹਿਮ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰਾਂਗੇ। ਹਾਲ ਦੀ ਘੜੀ ਅਸੀਂ ਮੁੜ ਉਸੇ ਬਹਿਸ ਵੱਲ ਆਉਂਦੇ ਹਾਂ।''

ਬਹਿਸ ਵਾਲਿਆਂ ਦੇ ਚਿਹਰੇ ਫੇਰ ਸਕਰੀਨ 'ਤੇ ਉਜਾਗਰ ਹੋਣ ਲੱਗਦੇ ਹਨ।

''ਹਾਂ, ਤਾਂ ਮੇਨਕਾ ਜੀ, ਮੈਂ ਕਹਿ ਰਿਹਾ ਸੀ, ਕੀ ਕਹਿ ਰਿਹਾ ਸੀ ਮੈਂ? ਯਾਦ ਨਹੀਂ ਆ ਰਿਹਾ। ਮੈਂ ਕਹਿ ਰਿਹਾ ਸੀ, ਕੀ ਕਹਿ ਰਿਹਾ ਸੀ, ਕੀ ਕਹਿ ਰਿਹਾ ਸੀ?'' ਬੁਲਾਰਾ ਭੰਬਲਭੂਸੇ 'ਚ ਪੈ ਜਾਂਦਾ ਹੈ।

''ਇਨ੍ਹਾਂ ਨੂੰ ਯਾਦ ਕਰ ਲੈਣ ਦਿਓ, ਆਖੋ ਤਾਂ ਮੈਂ ਆਪਣੀ ਗੱਲ ਕਹਾਂ?'' ਦੂਜਾ ਬੁਲਾਰਾ ਇਜਾਜ਼ਤ ਮੰਗਦਾ ਹੈ। ਉਹ ਬੋਲਣ ਦੀ ਹਾਲੇ ਤਿਆਰੀ ਕਰ ਰਿਹਾ ਹੁੰਦਾ ਹੈ ਕਿ ਪਹਿਲਾ ਬੁਲਾਰਾ ਉਸ ਨੂੰ ਵਿੱਚ ਟੋਕ ਕੇ ਕਹਿ ਦਿੰਦਾ ਹੈ, ''ਲਓ ਜੀ, ਮੇਰੇ ਨੁਕਤਾ ਯਾਦ ਆ ਗਿਆ, ਬੱਸ ਹੁਣ ਪਹਿਲਾਂ ਮੈਨੂੰ ਬੋਲ ਲੈਣ ਦਿਓ।''




''ਪਹਿਲਾਂ ਮੈਂ, ਪਹਿਲਾਂ ਮੈਂ...'' ਦਾ ਸ਼ੋਰ ਟੀਵੀ ਤੋਂ ਸੁਣਨ ਲੱਗਦਾ ਹੈ। ਰੌਲੇ-ਰੱਪੇ 'ਚ ਕੋਈ ਗੱਲ ਦਰਸ਼ਕਾਂ ਦੇ ਪੱਲੇ ਨਹੀਂ ਪੈਂਦੀ। ਉਨ੍ਹਾਂ ਦੇ ਸਬਰ ਦਾ ਬੰਨ੍ਹ ਟੁੱਟ ਜਾਂਦਾ ਹੈ। ਉਹ ਇਸ ਚੈਨਲ ਦੇ ਬਟਨ ਦਾ ਗਲਾ ਨੱਪ ਕੇ ਕੋਈ ਹੋਰ ਚੈਨਲ ਲਾ ਲੈਂਦੇ ਹਨ।

ਉਸ ਚੈਨਲ 'ਤੇ ਹਾਲੇ ਇਸ਼ਤਿਹਾਰ ਚੱਲ ਰਹੇ ਹਨ। ਇੱਕ ਆਦਮੀ ਉੱਚੀ-ਉੱਚੀ ਬੋਲ ਰਿਹਾ ਹੈ, ''ਮੈਂ ਫਲਾਣੀ ਬਾਈਕ ਖ਼ਰੀਦਦਾ। ਪਝੱਤਰ ਦੀ ਮਾਈਲੇਜ ਮਿਲਦੀ, ਦਸ ਸਾਲ ਦੀ ਵਾਰੰਟੀ ਮਿਲਦੀ, ਵਿਦੇਸ਼ੀ ਟੂਰ ਮਿਲਦਾ। ਫ਼ਿਲਮੀ ਸਿਤਾਰੇ ਨੂੰ ਮਿਲਣ ਦਾ ਮੌਕਾ ਮਿਲਦਾ। ਹਾਏ ਮੈਂ ਕੀ ਖ਼ਰੀਦ ਬੈਠਾ, ਹਾਏ ਮੈਂ ਹੁਣ ਕੀ ਕਰਾਂ?'' ਉਹ ਘਬਰਾਹਟ 'ਚ ਆਪਣਾ ਮੱਥਾ ਪਿੱਟਦਾ ਹੈ, ਆਪਣੇ ਵਾਲ ਪੁੱਟਣ ਤਕ ਜਾਂਦਾ ਹੈ। ਕੋਲ ਖਲ੍ਹੋਤੇ ਨਿਆਣੇ ਉਸ ਨੂੰ ਮਜ਼ਾਕ ਕਰ ਕੇ ਭੱਜ ਜਾਂਦੇ ਹਨ। ਤਦੇ ਹੀ ਇੱਕ ਸੋਹਣਾ ਜਿਹਾ ਮੋਟਰਸਾਈਕਲ ਦਿਖਾਈ ਦਿੰਦਾ ਹੈ ਤੇ ਉਹ ਹੱਸ ਕੇ ਉਸ ਦੀ ਗੱਦੀ 'ਤੇ ਹੱਥ ਫੇਰਨ ਲੱਗ ਪੈਂਦਾ ਹੈ।

ਉਸ ਤੋਂ ਬਾਅਦ ਉੱਥੇ ਹੋਰ ਵੀ ਕਈ ਤਰ੍ਹਾਂ ਦੇ ਇਸ਼ਤਿਹਾਰ ਆਉਂਦੇ ਹਨ। ਤੇਲ, ਸਾਬਣ, ਸਿੱਕਰੀ ਦੂਰ ਕਰਨ ਵਾਲਾ ਸ਼ੈਂਪੂ ਵਗੈਰਾ-ਵਗੈਰਾ। ਦਰਸ਼ਕ ਦੇ ਸਬਰ ਦਾ ਬੰਨ੍ਹ ਟੁੱਟਦਾ ਹੈ ਤਾਂ ਉਹ ਉਸ ਚੈਨਲ ਦੇ ਬਟਨ ਦਾ ਗਲ ਵੀ ਨੱਪ ਕੇ, ਕਿਸੇ ਹੋਰ ਚੈਨਲ ਵੱਲ ਵਧਦੇ ਹਨ। ਉਸ ਚੈਨਲ 'ਤੇ ਵੀ ਬਹਿਸ ਚੱਲ ਰਹੀ ਸੀ। 'ਰਾਜਨੀਤੀ ਵਿੱਚ ਅਪਰਾਧੀਕਰਨ' ਵਿਸ਼ਾ ਸੀ। ਬੁਲਾਰੇ ਇੱਕ-ਦੂਜੇ ਨੂੰ ਚੋਭਾਂ ਲਾਉਂਦੇ ਹੋਏ ਆਪਣੀ-ਆਪਣੀ ਪਾਰਟੀ ਦੀ ਪ੍ਰਸ਼ੰਸਾ ਕਰਨ ਵਿੱਚ ਜੁਟੇ ਹੋਏ ਸਨ। ਇੱਕ-ਦੂਜੇ ਦੀ ਬੇਇੱਜ਼ਤੀ ਕਰਨ ਲਈ ਪੂਰਾ ਟਿੱਲ ਲਾ ਰਹੇ ਸਨ। ਤਦੇ ਐਂਕਰ ਆਖਦਾ ਹੈ: ''ਇੱਕ ਬਹੁਤ ਵੱਡੀ ਖ਼ਬਰ ਆ ਰਹੀ ਹੈ। ਪਹਿਲਾਂ ਉਹ ਸੁਣ ਲਈਏ। ਬਹਿਸ 'ਤੇ ਫਿਰ ਵਾਪਸ ਆਉਂਦੇ ਹਾਂ। ਦੋ ਮਿੰਟ 'ਚ ਹੀ।''

ਵੱਡੀ ਖ਼ਬਰ ਮੋਟੇ ਅੱਖਰਾਂ 'ਚ ਸਕਰੀਨ 'ਤੇ ਪ੍ਰਿੰਟ ਹੋਣ ਲੱਗਦੀ ਹੈ:

''ਪ੍ਰਸਿੱਧ ਆਗੂ ਨੂੰ ਵਿਰੋਧੀ ਧਿਰ ਦੇ ਨੇਤਾ ਨੇ ਖੰਘ ਦੀ ਦਵਾਈ ਦੀ ਇੱਕ ਸ਼ੀਸ਼ੀ ਕੋਰੀਅਰ ਕਰ ਕੇ ਭੇਜੀ।''

ਖ਼ਬਰ ਛਪਣ ਤੋਂ ਬਾਅਦ ਚੈਨਲ ਵਾਲੀ ਬੀਬੀ ਬੋਲਣ ਲੱਗਦੀ ਹੈ, ''ਵਿਰੋਧੀ ਧਿਰ ਦੇ ਨੇਤਾ ਵੱਲੋਂ ਨੇਤਾ ... ਜੀ ਨੂੰ ਖੰਘ ਦੀ ਦਵਾਈ ਦੀ ਇੱਕ ਸ਼ੀਸ਼ੀ ਕੋਰੀਅਰ ਕਰ ਕੇ ਭੇਜਣ ਦਾ ਪਤਾ ਲੱਗਿਆ ਹੈ। ਅਸੀਂ ਆਪਣੇ ਸੰਵਾਦਦਾਤਾ ਅੰਧਰਾਤਾ ਮੱਲ ਤੋਂ ਇਸ ਖ਼ਬਰ ਬਾਰੇ ਪੂਰੀ ਜਾਣਕਾਰੀ ਲੈ ਕੇ ਦਰਸ਼ਕਾਂ ਨੂੰ ਦੱਸਦੇ ਹਾਂ।''

''ਅੰਧਰਾਤਾ ਮੱਲ ਮੇਰੀ ਆਵਾਜ਼ ਤੁਹਾਨੂੰ ਸੁਣ ਰਹੀ ਹੈ?''

''ਸੁਣ ਰਹੀ ਹੈ ਮਿਸ ਪਟਾਕਾ, ਸੁਣ ਰਹੀ ਹੈ।''

''ਇਹ ਖੰਘ ਦੀ ਦਵਾਈ ਦੀ ਸ਼ੀਸ਼ੀ ਵਾਲੀ ਕੀ ਗੱਲ ਹੈ? ਤੁਹਾਡੇ ਕੋਲ ਇਸ ਬਾਰੇ ਕੀ ਜਾਣਕਾਰੀ ਹੈ?''

''ਦਵਾਈ ਦੀ ਸ਼ੀਸ਼ੀ ਵਾਲੀ ਗੱਲ ਸੋਲ੍ਹਾਂ ਆਨੇ ਸਹੀ ਹੈ। ਵਿਰੋਧੀ ਧਿਰ ਦੇ ਨੇਤਾ ਨੇ ਸੱਚਮੁੱਚ ਹੀ ਸਾਡੇ ਪਿਆਰੇ ਆਗੂ ਨੂੰ ਦਵਾਈ ਭੇਜੀ ਹੈ। ਮੈਂ ਉਨ੍ਹਾਂ ਕੋਲ ਹੀ ਖਲੋਤਾ ਹਾਂ, ਸੁਣੋ ਉਹ ਇਸ ਬਾਰੇ ਕੀ ਕਹਿੰਦੇ ਹਨ...''

''ਤੁਸੀਂ ਇਹ ਕੋਰੈਕਸ ਦੀ ਸ਼ੀਸ਼ੀ ਉਨ੍ਹਾਂ ਨੂੰ ਕਿਉਂ ਭੇਜੀ?''

''ਜਦੋਂ ਦੇਖੋ ਉਹ ਖੰਘਦੇ ਹੀ ਰਹਿੰਦੇ ਹਨ, ਖੰਘਦੇ ਹੀ ਰਹਿੰਦੇ ਹਨ। ਜਿਹੜਾ ਬੰਦਾ ਆਪਣੀ ਖੰਘ ਦਾ ਇਲਾਜ ਟਾਈਮ 'ਤੇ ਨਹੀਂ ਕਰਵਾ ਸਕਦਾ ਉਹ ਦੇਸ਼ ਦੀਆਂ ਬੀਮਾਰੀਆਂ ਦਾ ਇਲਾਜ ਕਿਵੇਂ ਕਰ ਸਕਦਾ ਹੈ? ਇਸੇ ਲਈ ਅਸੀਂ ਆਪਣੇ ਭਾਈਚਾਰੇ ਦਾ ਖ਼ਿਆਲ ਕਰਦਿਆਂ ਇਹ ਸ਼ੀਸ਼ੀ ਭੇਜੀ ਹੈ ਤਾਂ ਕਿ ਉਹ ਦੇਸ਼ ਨੂੰ ਕੰਟਰੋਲ ਕਰਨ ਤੋਂ ਪਹਿਲਾਂ ਆਪਣੀ ਖੰਘ ਕੰਟਰੋਲ ਕਰਨ।''

''ਇਹ ਸ਼ੀਸ਼ੀ ਭੇਜ ਕੇ ਤੁਸੀਂ ਕਿਵੇਂ ਮਹਿਸੂਸ ਕਰਦੇ ਹੋ?''

''ਦੇਖੋ ਜੀ, ਮੁਸੀਬਤ ਵੇਲੇ ਭਰਾ ਹੀ ਭਰਾ ਦੇ ਕੰਮ ਆਉਂਦਾ ਹੈ। ਬਾਹਰੋਂ ਭਾਵੇਂ ਅਸੀਂ ਲੜਦੇ ਹੀ ਕਿਉਂ ਨਾ ਰਹੀਏ ਪਰ ਅੰਦਰੋਂ ਅਸੀਂ ਨੇਤਾ ਲੋਕ ਇੱਕ ਹੀ ਹੁੰਦੇ ਹਾਂ।'' ਵਿਰੋਧੀ ਧਿਰ ਦਾ ਨੇਤਾ ਮੀਸਣੀ ਹਾਸੀ ਹੱਸਦਾ ਹੋਇਆ ਲੋਪ ਹੋ ਜਾਂਦਾ ਹੈ।

''ਅੰਧਰਾਤਾ ਮੱਲ ਜੀ, ਅੰਧਰਾਤਾ ਮੱਲ ਜੀ,'' ਐਂਕਰ ਚੀਕਦੀ ਹੈ।

''ਸ਼ਾਇਦ ਅੰਧਰਾਤਾ ਮੱਲ ਨਾਲ ਸਾਡਾ ਸੰਪਰਕ ਟੁੱਟ ਗਿਆ ਹੈ। ਸੰਪਰਕ ਹੁੰਦਿਆਂ ਹੀ ਅਸੀਂ ਇਸ ਵੱਡੀ ਖ਼ਬਰ 'ਤੇ ਹੋਰ ਚਾਨਣਾ ਪਾਉਣ ਦੀ ਕੋਸ਼ਿਸ਼ ਕਰਾਂਗੇ।''

ਸਾਡੇ ਮੁਲਕ 'ਚ ਹੁਣ ਵੱਡੀਆਂ ਖ਼ਬਰਾਂ ਹੀ ਪੜ੍ਹੀਆਂ-ਸੁਣੀਆਂ ਜਾਂਦੀਆਂ ਹਨ। ਛੋਟੀਆਂ-ਮੋਟੀਆਂ ਖ਼ਬਰਾਂ ਲਈ ਸਾਡੇ ਚੈਨਲਾਂ ਕੋਲ ਟਾਈਮ ਹੀ ਨਹੀਂ ਹੁੰਦਾ। 'ਸਟੇਟਸ ਡਾਊਨ' ਕਰਵਾਉਣਾ ਕਿਸੇ ਚੈਨਲ ਦੇ ਹਿੱਤ 'ਚ ਨਹੀਂ ਹੈ।

## ਨਜ਼ਮ ਦੀ ਤਲਾਸ਼

ਦਰਸ਼ਨ ਬੁੱਟਰ
98728-23110





ਸਦੀਵੀ ਨਹੀਂ ਹੁੰਦੀ
ਕਿਸੇ ਵੀ ਯੁਗ ਦੀ ਕੋਈ ਵੀ ਕਵਿਤਾ
ਅਸੀਂ ਜੋ ਇਸ ਪਲ ਵਿਚ ਹਾਂ
ਹੋਰ ਹੋਵਾਂਗੇ ਅਗਲੇ ਪਲ ਵਿਚ
ਹਰਫ਼ਾਂ ਦੇ ਹੁਣ ਦੇ ਅਰਥ
ਬਦਲ ਜਾਣਗੇ ਅਗਲੇ ਹੀ ਪਲ
ਜਿੰਨੇ ਕਣ ਕਾਇਨਾਤ ਦੇ
ਓਨੀਆਂ ਦਿਸ਼ਾਵਾਂ ਮਨ ਦੀਆਂ
ਓਨੇ ਹੀ ਅਰਥ ਨਜ਼ਮਾਂ ਦੇ
ਕਿਸੇ ਇਕ ਪਲ ਨੂੰ ਘੁੱਟ ਕੇ ਨਾ ਫੜ
ਕਿਸੇ ਇਕ ਪੈੜ ਦੀ ਅਰਾਧਨਾ ਨਾ ਕਰ
ਕਿਸੇ ਇਕ ਨਜ਼ਮ ਨਾਲ ਮੋਹ ਨਾ ਪਾਲ
ਸਫਰ ਦਾ ਧਰਮ ਹੈ ਚੱਲਣਾ
ਆਵਾਜ਼ ਦਾ ਕਰਮ ਹਰਕਤ ਦੇਣੀ
ਹਰਫ਼ਾਂ ਦਾ ਧਰਮ ਰਾਹ ਖੋਲ੍ਹਣਾ
ਨਜ਼ਮਾਂ ਤਾਂ ਮਹਿਜ਼ ਪੈੜਾਂ ਹੁੰਦੀਆਂ
ਹਰ ਹਰਫ਼ ਦੀ ਵੱਖਰੀ ਤਾਸੀਰ
ਹਰ ਪੈੜ ਦਾ ਆਪਣਾ ਰੰਗ
ਤੂੰ ਸਿਰਫ ਰੰਗਾਂ ਦੀ ਤਾਸੀਰ ਪਛਾਣ
ਹਾਣ ਦੀ ਨਜ਼ਮ
ਤਲਾਸ਼ ਲਵੇਗੀ ਤੈਨੂੰ ਖੁਦ ਹੀ
ਹਰਫ਼ਾਂ ਦੇ ਜੰਗਲ 'ਚ
ਸੰਦਲ ਵੀ ਕਰੀਰ ਵੀ
ਰੂਹ ਦੀ ਅਬਾਬੀਲ
ਟਾਹਣੀਆਂ ਬਦਲਦੀ ਰਹਿੰਦੀ
ਨਜ਼ਮ ਬਦਲਦੀ ਰਹਿੰਦੀ ਜਿਲਦਾਂ ਨੂੰ
ਮੁਸ਼ਕਿਲ ਵੀ ਨਹੀਂ ਕੋਈ ਕਵਿਤਾ
ਬਸ ਤੂੰ
ਆਪਣੇ ਜ਼ਖਮਾਂ ਨੂੰ
ਹਰਾ ਰਹਿਣ ਦੇ

## ਬਦਲਾ

ਸਵਾਰੀਆਂ ਦਾ ਭਰਿਆ ਹੋਇਆ ਤਾਂਗਾ ਚੜ੍ਹਾਈ ਚੜ੍ਹ ਰਿਹਾ ਸੀ। ਘੋੜਾ ਪੂਰਾ ਜ਼ੋਰ ਲਾ ਕੇ ਤਾਂਗਾ ਖਿੱਚ ਰਿਹਾ ਸੀ। ਤਾਂਗੇ ਦੇ ਬੰਬ ਤੋਂ ਕੋਚਵਾਨ



ਹੇਠਾਂ ਉੱਤਰ ਆਇਆ ਹੈ। ਉਸ ਨੇ ਸਵਾਰੀਆਂ ਨੂੰ ਭਾਰ ਅੱਗੇ ਕਰਕੇ ਬੈਠਣ ਦਾ ਇਸ਼ਾਰਾ ਕੀਤਾ ਹੈ। ਤੇ ਘੋੜੇ ਦੇ ਛਮਕ ਮਾਰਕੇ ਬੋਲਿਆ ਹੈ, ''ਸ਼ਾਬਾਸ਼! ਮੇਰੇ ਸ਼ੇਰ ਦੇ ਸ਼ਾਬਾਸ਼...'' ਛਮਕ ਦੀ ਮਾਰ ਤੇ ਮਾਲਕ ਦੀ ਹੱਲਾਸ਼ੇਰੀ ਕਰਕੇ ਘੋੜਾ ਨੇ ਆਪਣਾ ਰਹਿੰਦਾ ਜ਼ੋਰ ਵੀ ਤਾਂਗਾ ਖਿੱਚਣ ਤੇ ਲਾ ਦਿੱਤਾ ਹੈ। ਕੋਚਵਾਨ ਤਾਂਗੇ ਦੇ ਨਾਲ ਨਾਲ ਤੁਰਨ ਲੱਗਦਾ ਹੈ।

''ਘੋੜੇ ਦੀ ਟੰਗ ਖਰਾਬ ਹੈ?'' ਇੱਕ ਸਵਾਰੀ ਨੇ ਅੱਗੇ ਨੂੰ ਝੁਕਦਿਆਂ ਘੋੜੇ ਨੂੰ ਲੰਗੜਾਉਂਦੇ ਹੋਏ ਦੇਖ ਕੇ ਪੁੱਛਿਆ।

''ਹਾਂ।''

''ਫੇਰ ਅਰਾਮ ਕਰਵਾਉਣਾ ਸੀ, ਇਸ ਨੂੰ...''

''ਡੇਢ ਮਹੀਨੇ ਮਗਰੋਂ ਅੱਜ ਹੀ ਜੋੜਿਐ...''

''ਸਵਾਰੀਆਂ ਘੱਟ ਬਠਾ ਲਿਆ ਕਰ...''

''ਕਿਵੇਂ ਬਠਾ ਲਿਆ ਕਰਾਂ, ਅੱਠ ਰੁਪੈ ਕਿਲੋ ਦੇ ਹਿਸਾਬ ਨਾਲ ਦੋ ਕਿੱਲੋ ਛੋਲੇ...ਚਾਰ ਰੁਪਈਆਂ ਦਾ ਦਸ ਕਿਲੋ ਚਾਰਾ। ਚਾਰ ਰੁਪੈ ਦੀ ਦਸ ਕਿਲੋ ਤੂੜੀ...ਪੰਜ ਰੁਪੈ ਦਾ ਮਸਾਲਾ। ਉਨੱਤੀ-ਤੀਹ ਰੁਪਏ ਘੋੜੇ ਨੂੰ ਚਾਰ ਕੇ, ਦਸ ਰੁਪਈਏ ਮੈਨੂੰ ਵੀ ਘਰ ਦਾ ਖਰਚ ਚਲਾਉਣ ਲਈ ਚਾਹੀਦੇ ਨੇ...''

ਉਹ ਤਾਂ ਠੀਕ ਹੈ, ਪਰ ਸ਼ਾਸਤਰਾਂ ਵਿਚ ਲਿਖਿਆ ਹੈ ਕਿ ਜੋ ਆਦਮੀ ਕਿਸੇ ਨੂੰ ਇਸ ਜਨਮ ਵਿਚ ਤੰਗ ਕਰਦਾ ਹੈ, ਉਸ ਦਾ ਬਦਲਾ ਉਸ ਨੂੰ ਅਗਲੇ ਜਨਮ ਵਿਚ ਦੇਣਾ ਪੈਂਦਾ ਹੈ'' ਇਕ ਸਵਾਰੀ ਬੋਲੀ।

''ਪਹਿਲਾਂ ਇਸ ਜਨਮ ਦੇ ਬਾਰੇ ਸੋਚ ਲਈਏ...ਦੂਸਰੇ ਜਨਮ ਬਾਰੇ ਦੂਸਰੇ ਜਨਮ ਵਿਚ ਦੇਖੀ ਜਾਊਗੀ...'' ਕਹਿਕੇ ਕੋਚਵਾਨ ਨੇ ਘੋੜੇ ਨੂੰ ਚਾਬੁਕ ਮਾਰ ਦਿੱਤੀ।

## ਗੁਰਮੇਲ ਮਡਾਹੜ ਦੀਆਂ ਮਿੰਨੀ ਕਹਾਣੀਆਂ



### ਰਾਜ

ਇਕ ਕੱਛੂ ਵਾਹੋਦਾਹੀ ਭੱਜਿਆ ਜਾ ਰਿਹਾ ਸੀ। ਸਾਹ ਚੜ੍ਹ ਚੁੱਕਿਆ ਸੀ। ਲੱਤਾਂ ਥਕ ਕੇ ਕੇ ਜਵਾਬ ਦੇ ਗਈਆਂ ਸਨ। ਉਹਨੂੰ ਆਪਣੀ ਹਾਰ ਅੱਖਾਂ ਸਾਹਮਣੇ ਭੂਤਨੀ ਵਾਂਗ ਨੱਚਦੀ ਵਿਖਾਈ ਦੇ ਰਹੀ ਸੀ। ਅਚਾਨਕ ਉਸਨੂੰ ਆਪਣੇ ਉੱਪਰ ਦੀ ਇਕ ਘੁੱਗੀ ਲੰਘੀ ਜਾਂਦੀ ਦਿਖਾਈ ਦਿੱਤੀ। ਉਸਨੇ ਘੁੱਗੀ ਨੂੰ ਅਵਾਜ਼ ਮਾਰ ਦਿੱਤੀ। ਕੱਛੂ ਦੀ ਅਵਾਜ਼ ਸੁਣ ਕੇ ਘੁੱਗੀ ਝਟ ਹੇਠਾਂ ਉੱਤਰ ਆਈ। ''ਕੀ ਘੁੱਗੀਏ, ਤੂੰ ਅਮਨ ਦੀ ਦੇਵੀ ਹੈਂ ਨਾ, ਦੇਖ ਖਰਗੋਸ਼ ਨੇ ਮੇਰੀ ਕਮਜੋਰੀ ਨੂੰ, ਮੇਰੀ ਧੀਮੀ ਚਾਲ ਨੂੰ ਵੰਗਾਰਿਆ ਹੈ। ਤੇ ਮੈਂ ਉਸਦੀ ਚੁਣੌਤੀ ਮਨਜ਼ੂਰ ਕਰ ਲਈ ਹੈ। ਇਸ ਲਈ ਮਿਹਰਬਾਨੀ ਕਰਕੇ ਮੇਰੀ ਮਦਦ ਕਰ। ਮੈਂ ਤੇਰਾ ਰਿਣੀ ਹੋਵਾਂਗਾ।''

''ਮੈਂ ਤੇਰੀ ਕੀ ਮਦਦ ਕਰ ਸਕਦੀ ਹਾਂ?'' ਘੁੱਗੀ ਨੇ ਕੱਛੂ ਦੀਆਂ ਕੀਤੀਆਂ ਮਿੰਨਤਾਂ ਤੇ ਪਸੀਜਦਿਆਂ ਕਿਹਾ।



''ਤੂੰ ਮੈਨੂੰ ਆਪਣੀ ਪਿੱਠ ਤੇ ਬੈਠਾ ਕੇ ਖਰਗੋਸ਼ ਤੋਂ ਅੱਗੇ ਲੈ ਚੱਲ।''

ਘੁੱਗੀ ਨੇ ਉਸਨੂੰ ਆਪਣੀ ਪਿੱਠ ਤੇ ਬੈਠਾ ਕੇ ਉੱਡਣਾ ਸ਼ੁਰੂ ਕਰ ਦਿੱਤਾ। ਕੱਛੂ ਦੇ ਭਾਰ ਨਾਲ ਤੇ ਖਰਗੋਸ਼ ਤੋਂ ਅੱਗੇ ਲੰਘਣ ਦੀ ਕੋਸ਼ਿਸ਼ ਕਰਕੇ ਘੁੱਗੀ ਦੇ ਪਰ ਥਕ ਗਏ ਸੀ। ਸਾਹ ਚੜ੍ਹ ਗਿਆ ਸੀ। ਪਰ ਉਹ ਹਵਾ ਨੂੰ ਚੀਰਦੀ ਹੋਈ ਤੇਜ਼ ਹੋਰ ਤੇਜ਼ ਉੱਡ ਰਹੀ ਸੀ। ਤੇ ਇਕ ਥਾਂ ਤੇ ਜਾ ਕੇ ਉਹ ਖਰਗੋਸ਼ ਨੂੰ ਪਿੱਛੇ ਛੱਡ ਗਈ। ਖਰਗੋਸ਼ ਦੇ ਪਿੱਛੇ ਰਹਿ ਜਾਣ ਤੇ ਕੱਛੂ ਨੂੰ ਸੁੱਖ ਦਾ ਸਾਹ ਆਇਆ। ਘੁੱਗੀ ਵੀ ਖੁਸ਼ ਸੀ ਕਿ ਉਹ ਕਿਸੇ ਕਮਜ਼ੋਰ ਜੀਵ ਦੀ ਮਦਦ ਕਰ ਰਹੀ ਹੈ।

ਪਹੁੰਚ ਸਥਾਨ ਤੇ ਪਹੁੰਚ ਕੇ ਕੱਛੂ ਨੇ ਘੁੱਗੀ ਨੂੰ ਰੁਕਣ ਲਈ ਕਿਹਾ। ਘੁੱਗੀ ਰੁਕ ਗਈ। ਪਰ ਅਚਾਨਕ ਕੱਛੂ ਨੂੰ ਕਿਸੇ ਗੱਲ ਦਾ ਖਿਆਲ ਆਇਆ ਤਾਂ ਉਸਦੀ ਖੁਸ਼ੀ ਕਫੂਰ ਬਣ ਕੇ ਉੱਡ ਗਈ। ਪਰ ਜਦ ਘੁੱਗੀ ਉਸਨੂੰ ਆਪਣੀ ਪਿੱਠ ਤੋਂ ਲਾਹ ਕੇ ਉੱਡਣ ਹੀ ਲੱਗੀ ਸੀ ਤਾਂ ਕੱਛੂ ਨੇ ਪਿੱਛੋਂ ਦਾਤੀ ਕੱਢ ਕੇ ਉਸਦੀ ਗਰਦਨ ਤੇ ਚਲਾ ਦਿੱਤੀ। ਘੁੱਗੀ ਤੜਫ਼ ਕੇ ਰਹਿ ਗਈ। ਕੋਲ ਖੜੇ ਕੱਛੂ ਨੇ ਪੂਰੇ ਜ਼ੋਰ ਦੀ ਠਹਾਕਾ ਮਾਰ ਕੇ ਕਿਹਾ– ''ਹੁਣ ਮੇਰੀ ਜਿੱਤ ਦਾ ਰਾਜ਼ ਦੱਸਣ ਵਾਲਾ ਕੋਈ ਨਹੀਂ।''

### ਅਹਿਸਾਸ

ਵਿਆਹ ਤੋਂ ਪਹਿਲਾਂ ਉਹ ਜਦ ਵੀ ਇਕ ਦੂਜੇ ਨੂੰ ਮਿਲਦੇ ਤਾਂ ਜਸਜੀਤ ਵੀਨਾ ਦੇ ਜੂੜੇ ਵਿਚ ਬੜੇ ਪਿਆਰ ਨਾਲ ਫੁੱਲ ਟੰਗਦਾ। ਜਿਸ ਨੂੰ ਉਹ ਕਿੰਨਾ-ਕਿੰਨਾ ਚਿਰ ਪਿਆਰ ਨਾਲ ਪਲੋਸਦੀ ਰਹਿੰਦੀ ਤੇ ਕਹਿੰਦੀ, ''ਜਸਜੀਤ. ਮੈਨੂੰ ਇਕ ਪੁੱਤਰ ਦੇ ਦੇ, ਬਿਲਕੁਲ ਤੇਰੇ ਵਰਗੀ ਸ਼ਕਲ ਹੋਵੇ, ਤੇਰੇ ਵਰਗੀ ਅਕਲ।''

''ਫਿਕਰ ਨਾ ਕਰ, ਤੇਰੀ ਇਹ ਖਾਹਸ਼ ਵੀ ਜਲਦੀ ਹੀ ਪੂਰੀ ਹੋ ਜਾਵੇਗੀ।'' ਜਸਜੀਤ ਉੱਤਰ ਦਿੰਦਾ।

ਫਿਰ ਉਹਨਾਂ ਦਾ ਵਿਆਹ ਹੋ ਗਿਆ। ਵਿਆਹ ਤੋਂ ਬਾਦ ਉਸ ਨੂੰ ਕਈ ਵਾਰ ਮਾਂ ਬਣਨ ਦੀ ਆਸ ਹੋਈ, ਪਰ ਕੁਝ ਸਮਾਂ ਪਾ ਕੇ ਬਿਮਾਰ ਹੋ ਜਾਂਦੀ ਰਹੀ। ਇਸ ਦੌਰਾਨ ਜਸਜੀਤ ਫੁੱਲ-ਵੁੱਲ ਟੰਗਣੇ ਸਭ ਭੁੱਲ ਗਿਆ। ਬੱਸ ਹਰ ਵਕਤ ਉਹਨੂੰ ਵੀਨਾ ਦੀ ਚਿੰਤਾ ਖਾਈ ਜਾਂਦੀ। ਬੜੀ ਨੱਠ-ਭੱਜ ਤੇ ਇਲਾਜ ਲਈ ਕਈ ਡਾਕਟਰ ਬਦਲਣ ਤੋਂ ਬਾਦ ਕਿਤੇ ਜਾ ਕੇ ਉਹ ਸਫਲ ਹੋਏ। ਉਸ ਦੇ ਘਰ ਲੜਕੇ ਨੇ ਜਨਮ ਲਿਆ। ਜਸਜੀਤ ਮਾਰੇ ਖੁਸ਼ੀ ਦੇ ਫੁੱਲਿਆ ਨਹੀਂ ਸੀ ਸਮਾਉਂਦਾ। ਉਸ ਨੇ ਬੱਚੇ ਨੂੰ ਚੁੱਕ ਕੇ ਰੱਜ ਕੇ ਪਿਆਰ ਕੀਤਾ ਤੇ ਫੇਰ ਵੀਨਾ ਨੂੰ ਮੁਬਾਰਕਬਾਦ ਦੇਣ ਤੋਂ ਬਾਦ ਉਸ ਦੇ ਬੈੱਡ ਤੇ ਪਈ ਦੇ ਹੀ ਜੂੜੇ ਵਿਚ ਜਦ ਫੁੱਲ ਟੰਗਣ ਲੱਗਾ ਤਾਂ ਉਹ ਬੋਲੀ, ''ਜਸਜੀਤ ਹੁਣ ਮੇਰੇ ਇਹ ਫੁੱਲ ਨਾ ਟੰਗਿਆ ਕਰ।''

''ਕਿਉਂ ? ਹੁਣ ਮੇਰਾ ਫੁੱਲ ਟੰਗਣਾ ਤੈਨੂੰ ਚੰਗਾ ਨਹੀਂ ਲਗਦਾ?''

''ਨਹੀਂ, ਇਹ ਗੱਲ ਨਹੀਂ।''

''ਫੇਰ?''

''ਫੁੱਲ ਤੋੜਨ ਲਈ ਨਹੀਂ, ਦੇਖਣ ਤੇ ਪਿਆਰ ਕਰਨ ਲਈ ਹੁੰਦੇ ਨੇ...।''

''ਅੱਛਾ...!'' ਜਸਜੀਤ ਨੇ ਹੈਰਾਨੀ ਪ੍ਰਗਟ ਕੀਤੀ।

''ਹਾਂ...ਕੋਈ ਫੁੱਲ ਕਿੰਨਾ ਔਖਾ ਖਿੜਦੈ, ਇਹ ਇਕ ਮਾਂ ਹੀ ਜਾਣ ਸਕਦੀ ਐ...ਕੋਈ ਹੋਰ ਨਹੀਂ...'' ਕਹਿ ਕੇ ਵੀਨਾ ਨੇ ਬੇਟੇ ਨੂੰ ਘੁੱਟ ਕੇ ਹਿੱਕ ਨਾਲ ਲਾ ਲਿਆ।

## ਘੱਟ ਗਿਣਤੀ.....

ਨਿੱਕੇ ਨਿੱਕੇ ਦੀਵਿਆਂ ਨੂੰ ਕੌਣ ਪੁੱਛਦਾ
ਹਨੇਰਾ ਤਾਂ ਵੱਡੇ ਸੂਰਜਾਂ ਨੂੰ ਡਕਾਰ ਲੈਂਦਾ
ਇੱਕੋ ਹੀ ਕਾਨੂੰਨ ਛੱਡ ਜਾਂਦਾ ਕਿਸੇ ਨੂੰ
ਕਿਸੇ ਨੂੰ ਮੂੰਹ ਹਨੇਰੇ ਫਾਂਸੀ ਚਾੜ੍ਹ ਲੈਂਦਾ
ਚਿੱਟੇ ਦਿਨ ਜ਼ਾਲਮ ਬੰਦੂਕਾਂ ਦਾ ਕਾਫਲਾ
ਬੋਲਣ ਦੀ ਆਜ਼ਾਦੀ ਨੂੰ ਰਾੜ੍ਹ ਲੈਂਦਾ
ਬੇਸੁਰੇ ਸਾਜ਼ਿਆ ਦਾ ਬਲਦਾ ਇਹ ਲਾਂਬੜ
ਸੁਰਮਈ ਵੀਣਾ ਨੂੰ ਸਾੜ ਲੈਂਦਾ
ਲੋਕਤੰਤਰ ਬਹੁਗਿਣਤੀਆਂ ਦਾ ਮੁੱਲ
ਘੱਟ ਗਿਣਤੀ ਦੀ ਚੁੱਪ ਨੂੰ ਲਤਾੜ ਲੈਂਦਾ
ਜਾਬਰ ਸ਼ਰੇਆਮ ਲੁੱਟ ਲੈਂਦੇ ਨੇ ਇੱਜ਼ਤਾਂ
ਨਾਬਰ ਕਰ ਬੰਦ ਕਿਵਾੜ ਲੈਂਦਾ
ਜਦੋਂ ਨਾ ਪੁੱਗੇ ਰਿਸ਼ਤਾ ਮਨਮਰਜ਼ੀ ਦਾ
ਦਫਾ ਬਲਾਤਕਾਰ ਦੀ ਚਾੜ੍ਹ ਲੈਂਦਾ
ਬੂਹਾ ਖੋਲਣ ਤੋਂ ਡਰਦਾ ਹੁਸਨ ਜਿਹੜਾ
ਇਸ਼ਕੇ ਲਈ ਕੰਧਾਂ ਨੂੰ ਪਾੜ ਲੈਂਦਾ
ਨਗਾਰਖਾਨੇ ਚ ਤੂਤੀ ਦੀ ਕੌਣ ਸੁਣਦਾ
ਬਿੱਟੂ ਐਂਵੇ ਆਪਣਾ ਖੂਨ ਸਾੜ ਲੈਂਦਾ



ਬਿੱਟੂ ਖੰਗੂੜਾ

## ਸੰਪਾਦਕੀ

# ਪ੍ਰਦੂਸ਼ਣ ਸੰਕਟ

ਦਿੱਲੀ ਦੀ ਪ੍ਰਦੂਸ਼ਿਤ ਸਰਦੀ ਨੇ ਇੱਕ ਵਾਰ ਫਿਰ ਦੇਸ਼ ਨੂੰ ਇੱਕ ਅਸਹਿਜ ਸਚਾਈ ਦਾ ਸਾਹਮਣਾ ਕਰਨ ਲਈ ਮਜਬੂਰ ਕਰ ਦਿੱਤਾ ਹੈ। ਸੰਕਟ ਹੁਣ ਐਨਾ ਗੰਭੀਰ ਹੋ ਗਿਆ ਹੈ ਕਿ ਦੇਸ਼ ਦੀ ਸਰਬਉੱਚ ਅਦਾਲਤ ਵੀ ਬੇਵੱਸ ਮਹਿਸੂਸ ਕਰਦਿਆਂ ਆਖ ਰਹੀ ਹੈ ਕਿ ਉਸ ਕੋਲ ਹਵਾ ਨੂੰ ਸਾਫ਼ ਕਰਨ ਲਈ ਕੋਈ 'ਜਾਦੂ ਦੀ ਛੜੀ' ਨਹੀਂ ਹੈ। ਸੁਪਰੀਮ ਕੋਰਟ ਦੀ ਇਹ ਟਿੱਪਣੀ ਦਹਾਕਿਆਂ ਤੋਂ ਚੱਲ ਰਹੀ ਦੂਸ਼ਣਬਾਜ਼ੀ ਤੇ ਸੰਸਥਾਗਤ ਬੇਪਰਵਾਹੀ ਦੇ ਸੰਦਰਭ ਵਿੱਚ ਹੈ। ਸਾਲਾਂ ਤੋਂ ਦਿੱਲੀ-ਐਨਸੀਆਰ ਹਰ ਸਰਦ ਰੁੱਤ ਵਿੱਚ ਹਵਾ ਦੇ ਮਿਆਰ ਨੂੰ ਖ਼ਤਰਨਾਕ ਪੱਧਰ 'ਤੇ ਡਿੱਗਦਾ ਦੇਖ ਰਿਹਾ ਹੈ। ਫਿਰ ਵੀ ਰਾਜਨੀਤਕ ਬਹਿਸ ਉਨ੍ਹਾਂ ਜਾਣੇ-ਪਛਾਣੇ ਗੁਨਾਹਗਾਰਾਂ ਦੁਆਲੇ ਹੀ ਘੁੰਮਦੀ ਹੈ: ਪਰਾਲੀ ਸਾੜਨ, ਵਾਹਨਾਂ ਦਾ ਪ੍ਰਦੂਸ਼ਣ, ਉਸਾਰੀ ਦੀ ਧੂੜ, ਉਦਯੋਗਿਕ ਪ੍ਰਦੂਸ਼ਣ। ਜਿਵੇਂ ਕਿ ਸੁਪਰੀਮ ਕੋਰਟ ਨੇ ਕਿਹਾ ਹੈ, ਇਸ ਦਾ ਕੋਈ ਇੱਕ ਕਾਰਨ ਨਹੀਂ ਹੈ ਕਿਉਂਕਿ ਤਾਲਮੇਲ ਨਾਲ ਪੂਰਾ ਸਾਲ ਚੱਲਣ ਵਾਲੀ ਕੋਈ ਇਕਹਿਰੀ ਰਣਨੀਤੀ ਕਦੇ ਵੀ ਨਹੀਂ ਬਣਾਈ ਗਈ। ?ਮਾਹਿਰਾਂ ਨੇ ਲੰਮੇ ਸਮੇਂ ਤੋਂ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਬਿਨਾਂ ਯੋਜਨਾਬੰਦੀ ਤੋਂ ਸਿਰਫ਼ ਲੋੜ ਪੈਣ 'ਤੇ ਕਾਰਵਾਈ ਕਰ ਕੇ ਹੀ ਸਾਫ਼ ਹਵਾ ਯਕੀਨੀ ਨਹੀਂ ਬਣਾਈ ਜਾ ਸਕਦੀ।

ਇਸ ਦੇ ਬਾਵਜੂਦ ਸਰਕਾਰਾਂ ਥੋੜ੍ਹੇ ਸਮੇਂ ਲਈ ਆਪਣੀ ਸਾਖ਼ ਬਚਾਉਣ ਦੀ ਕਲਾ ਵਿੱਚ ਮਾਹਿਰ ਹੋ ਚੁੱਕੀਆਂ ਹਨ। ਉਹ ਅਸਥਾਈ ਪਾਬੰਦੀਆਂ, ਐਮਰਜੈਂਸੀ ਮੀਟਿੰਗਾਂ ਅਤੇ ਦੂਸ਼ਣਬਾਜ਼ੀ ਦੀ ਖੇਡ ਦਾ ਸਹਾਰਾ ਲੈਂਦੀਆਂ ਹਨ ਜਦੋਂਕਿ ਸਮੱਸਿਆ ਬਣੀ ਰਹਿੰਦੀ ਹੈ। ਅਦਾਲਤ ਦਾ ਇਸ ਗੱਲ 'ਤੇ ਜ਼ੋਰ ਦੇਣਾ ਕਿ ਮਾਹਿਰਾਂ ਅਤੇ ਵਿਗਿਆਨੀਆਂ ਨੂੰ ਹੱਲ ਤਲਾਸ਼ਣ ਦੀ ਪ੍ਰਕਿਰਿਆ ਦੀ ਅਗਵਾਈ ਕਰਨੀ ਚਾਹੀਦੀ ਹੈ, ਉਸ ਗੱਲ ਨੂੰ ਪੁਖ਼ਤਾ ਕਰਦਾ ਹੈ ਜਿਸ ਨੂੰ ਨੀਤੀਘਾੜਿਆਂ ਨੂੰ ਕਈ ਵਰ੍ਹੇ ਪਹਿਲਾਂ ਹੀ ਸੰਸਥਾਗਤ ਮਾਨਤਾ ਦੇਣੀ ਚਾਹੀਦੀ ਸੀ। ਵਾਰ-ਵਾਰ ਅਦਾਲਤੀ ਚਿਤਾਵਨੀਆਂ ਦੇ ਬਾਵਜੂਦ ਹਵਾ ਦਾ ਮਿਆਰ ਦੇਖਣ ਲਈ ਸਥਾਪਿਤ ਕੀਤੇ ਗਏ ਕਮਿਸ਼ਨ ਸ਼ਾਇਦ ਹੀ ਕਦੇ ਲੋੜੀਂਦੀ ਫੌਰੀ ਕਾਰਵਾਈ ਕਰਦੇ ਹਨ। ਸਭ ਤੋਂ ਵੱਧ ਪ੍ਰਭਾਵਿਤ ਰਾਜ ਅਕਸਰ ਵੱਖ-ਵੱਖ ਦਿਸ਼ਾਵਾਂ ਵਿੱਚ ਚਲਦੇ ਹਨ, ਜਿਸ ਨਾਲ ਸਹਿਯੋਗ ਦੀ ਗੁੰਜਾਇਸ਼ ਬਹੁਤ ਘੱਟ ਬਚਦੀ ਹੈ। ਇਸ ਦੌਰਾਨ ਲੱਖਾਂ ਨਿਵਾਸੀ, ਖ਼ਾਸਕਰ ਸਿਹਤ ਪੱਖੋਂ ਕਮਜ਼ੋਰ ਬੱਚੇ ਅਤੇ ਬਜ਼ੁਰਗ ਜ਼ਹਿਰੀਲੀ ਹਵਾ ਵਿੱਚ ਸਾਹ ਲੈਂਦੇ ਹਨ ਜੋ ਉਨ੍ਹਾਂ ਦੀ ਸਿਹਤ ਨੂੰ ਹੋਰ ਨੁਕਸਾਨ ਪਹੁੰਚਾਉਂਦੀ ਹੈ। ?ਸੁਪਰੀਮ ਕੋਰਟ ਨੇ ਮਾਮਲੇ ਦੀ ਨਿਗਰਾਨੀ ਦਾ ਆਦੇਸ਼ ਦਿੱਤਾ ਹੈ ਅਤੇ ਪੰਜਾਬ ਤੇ ਹਰਿਆਣਾ ਤੋਂ ਪਰਾਲੀ ਸਾੜਨ ਸਬੰਧੀ ਹਦਾਇਤਾਂ 'ਤੇ ਅਮਲ ਦੀ ਰਿਪੋਰਟ ਵੀ ਮੰਗੀ ਹੈ, ਜਿਸ ਵਿੱਚੋਂ ਤਾਲਮੇਲ ਵਾਲੀ ਕਾਰਵਾਈ 'ਤੇ ਜ਼ੋਰ ਦੇਣ ਦੀ ਅਦਾਲਤ ਦੀ ਇੱਛਾ ਝਲਕਦੀ ਹੈ। ਇੱਕ ਮਹਾਨਗਰ ਸਾਫ਼ ਹਵਾ ਵਿੱਚ ਸਾਹ ਲੈਣ ਲਈ ਅਦਾਲਤ ਦੇ ਦਖ਼ਲ 'ਤੇ ਨਿਰਭਰ ਨਹੀਂ ਕਰ ਸਕਦਾ। ਦਿੱਲੀ ਦਾ ਧੂੰਆਂ ਮਨੁੱਖ ਦੁਆਰਾ ਪੈਦਾ ਕੀਤਾ ਗਿਆ ਹੈ। ਇਸ ਨੂੰ ਕਾਇਮ ਰੱਖਣ ਵਾਲੀ ਉਦਾਸੀਨਤਾ ਵੀ ਮਨੁੱਖ ਦੀ ਪੈਦਾ ਕੀਤੀ ਹੋਈ ਹੈ। ਅਸਲ ਦੁਖਾਂਤ ਇਹ ਹੈ ਕਿ ਸੰਕਟ ਬਰਕਰਾਰ ਹੈ, ਇਸ ਕਰ ਕੇ ਨਹੀਂ ਕਿ ਹੱਲ ਉਪਲਬਧ ਨਹੀਂ ਸਗੋਂ ਇਸ ਕਰ ਕੇ ਕਿਉਂਕਿ ਸੱਤਾ ਵਿੱਚ ਬੈਠੇ ਲੋਕਾਂ ਵਿੱਚ ਉਨ੍ਹਾਂ ਨੂੰ ਲਾਗੂ ਕਰਨ ਦਾ ਹੌਸਲਾ ਨਹੀਂ ਹੈ।

# ਚਿੰਤਾਜਨਕ ਰੁਝਾਨ

ਪੰਜਾਬ ਦਾ ਸਰਹੱਦੀ ਖੇਤਰ ਨਸ਼ੀਲੇ ਪਦਾਰਥਾਂ ਵਿਰੁੱਧ ਭਾਰਤ ਦੀ ਲੰਮੇ ਸਮੇਂ ਤੋਂ ਚੱਲ ਰਹੀ ਲੜਾਈ ਵਿੱਚ ਇੱਕ ਚਿੰਤਾਜਨਕ ਅਤੇ ਬਹੁਤ ਹੀ ਮਾੜਾ ਰੁਝਾਨ ਦੇਖ ਰਿਹਾ ਹੈ, ਜਿੱਥੇ ਪਾਕਿਸਤਾਨ ਦੇ ਨਸ਼ਾ ਤਸਕਰ ਗਰੋਹ ਵਿਆਪਕ ਪੱਧਰ 'ਤੇ ਨਾਬਾਲਗਾਂ ਨੂੰ ਆਪਣੇ ਮਕਸਦ ਲਈ ਵਰਤ ਰਹੇ ਹਨ। ਇਹ ਕੋਈ ਮਾਮੂਲੀ ਗੱਲ ਨਹੀਂ ਸਗੋਂ ਬਹੁਤ ਖ਼ਤਰਨਾਕ ਸਥਿਤੀ ਹੈ, ਜਿਸ ਵਿੱਚ ਦਿਨੋ-ਦਿਨ ਵਧ ਰਹੀ ਤਕਨੀਕੀ ਸਮਰੱਥਾ, ਕਾਨੂੰਨੀ ਚੋਰ-ਮੋਰੀਆਂ ਅਤੇ ਸਭ ਤੋਂ ਵੱਧ ਬੱਚਿਆਂ ਦੇ ਭੋਲੇਪਣ ਨੂੰ ਆਪਣੇ ਫ਼ਾਇਦੇ ਲਈ ਵਰਤਿਆ ਜਾ ਰਿਹਾ ਹੈ। ਅੰਮ੍ਰਿਤਸਰ, ਤਰਨ ਤਾਰਨ, ਫ਼ਿਰੋਜ਼ਪੁਰ ਅਤੇ ਫ਼ਾਜ਼ਿਲਕਾ ਦੇ ਨੌਜਵਾਨ- ਜਿਨ੍ਹਾਂ ਵਿੱਚੋਂ ਕਈ ਆਰਥਿਕ ਤੰਗੀ ਵਾਲੇ ਪਰਿਵਾਰਾਂ ਤੋਂ ਹਨ, ਨੂੰ ਕੁਝ ਹਜ਼ਾਰ ਰੁਪਏ, ਸਮਾਰਟਫੋਨ ਜਾਂ ਇਸ ਤੋਂ ਵੀ ਵੱਧ ਖ਼ਤਰਨਾਕ ਮੁਫ਼ਤ ਨਸ਼ਿਆਂ ਦਾ ਲਾਲਚ ਦਿੱਤਾ ਜਾਂਦਾ ਹੈ। ਇਨ੍ਹਾਂ ਨਾਬਾਲਗਾਂ ਦਾ ਕੰਮ ਸਾਧਾਰਨ ਪਰ ਖ਼ਤਰਨਾਕ ਹੁੰਦਾ ਹੈ: ਡਰੋਨ ਰਾਹੀਂ ਸੁੱਟੇ ਗਏ ਹੈਰੋਇਨ ਦੇ ਪੈਕੇਟਾਂ ਜਾਂ ਕੁਝ ਮਾਮਲਿਆਂ ਵਿੱਚ ਗ਼ੈਰ-ਕਾਨੂੰਨੀ ਹਥਿਆਰਾਂ ਨੂੰ ਇਕੱਠਾ ਕਰਨਾ। ਰਿਕਾਰਡ ਸਾਫ਼-ਸੁਥਰਾ ਹੋਣ ਕਰ ਕੇ ਇਹ ਜ਼ਿਆਦਾਤਰ ਪੁਲੀਸ ਤੇ ਹੋਰ ਸਰਹੱਦੀ ਸੁਰੱਖਿਆ ਏਜੰਸੀਆਂ ਦੀ ਨਿਗ੍ਹਾ ਤੋਂ ਬਚੇ ਰਹਿੰਦੇ ਹਨ। ਇਨ੍ਹਾਂ ਦੀ ਉਮਰ ਹੀ ਅਜਿਹੀ ਹੁੰਦੀ ਹੈ ਕਿ ਇਹ ਸਰਹੱਦ ਪਾਰ ਸੁਰੱਖਿਅਤ ਬੈਠੇ ਹੈਂਡਲਰਾਂ ਵੱਲੋਂ ਸੌਖਿਆਂ ਹੀ ਵਰਤ ਲਏ ਜਾਂਦੇ ਹਨ। ਇਹ ਅੱਲ੍ਹੜ ਬੱਚੇ ਅਪਰਾਧੀ ਨਹੀਂ ਸਗੋਂ ਪੀੜਤ ਹਨ। ਉਹ ਸੌਖੇ ਨਿਸ਼ਾਨੇ ਹਨ, ਜੋ ਸਰਹੱਦ ਪਾਰ ਬੁਣੇ ਗਏ ਅਪਰਾਧਕ ਢਾਂਚੇ ਦੇ ਜਾਲ ਵਿੱਚ ਫਸੇ ਹੋਏ ਹਨ। ਸਾਡੇ ਆਪਣੇ ਤੰਤਰ ਦੀਆਂ ਕਮਜ਼ੋਰੀਆਂ ਇਸ ਢਾਂਚੇ ਨੂੰ ਹੋਰ ਪਕੇਰਾ ਕਰਦੀਆਂ ਹਨ। ਜੁਵੇਨਾਈਲ ਜਸਟਿਸ ਐਕਟ ਨਾਬਾਲਗਾਂ ਨੂੰ ਸੁਧਾਰਨ ਅਤੇ ਉਨ੍ਹਾਂ ਦੀ ਰੱਖਿਆ ਕਰਨ ਲਈ ਹੈ, ਪਰ ਇਸ ਦੀ ਭਾਵਨਾ ਨੂੰ ਸੰਗਠਿਤ ਗਰੋਹਾਂ ਦੁਆਰਾ ਹਥਿਆਰ ਬਣਾਇਆ ਜਾ ਰਿਹਾ ਹੈ ਜਿਹੜੇ ਜਾਣਦੇ ਹਨ ਕਿ ਬੱਚਿਆਂ ਨੂੰ ਗੰਭੀਰ ਸਿੱਟੇ ਨਹੀਂ ਭੁਗਤਣੇ ਪੈਣਗੇ। ਭਾਰਤ 20ਵੀਂ ਸਦੀ ਦੇ ਢੰਗ ਤਰੀਕਿਆਂ ਨਾਲ 21ਵੀਂ ਸਦੀ ਦੀ ਨਸ਼ਾ ਤਸਕਰੀ ਦਾ ਮੁਕਾਬਲਾ ਨਹੀਂ ਕਰ ਸਕਦਾ। ਕਦੇ-ਕਦਾਈਂ ਗ੍ਰਿਫ਼ਤਾਰੀਆਂ, ਛਾਪੇਮਾਰੀ ਅਤੇ ਮਹਿਜ਼ ਚਿਤਾਵਨੀਆਂ ਕਾਫ਼ੀ ਨਹੀਂ ਹਨ। ਜਵਾਬੀ ਕਾਰਵਾਈ ਖ਼ਤਰੇ ਦੇ ਪੈਮਾਨੇ ਨਾਲ ਮੇਲ ਖਾਂਦੀ ਹੋਣੀ ਚਾਹੀਦੀ ਹੈ। ਸਰਹੱਦੀ ਨਿਗਰਾਨੀ ਉਪਕਰਨਾਂ ਦੇ ਫੌਰੀ ਆਧੁਨਿਕੀਕਰਨ ਦੀ ਲੋੜ ਹੈ। ਸਕੂਲਾਂ, ਪੰਚਾਇਤਾਂ, ਸਮਾਜਿਕ ਪ੍ਰਤੀਨਿਧੀਆਂ ਅਤੇ ਸਿਵਿਲ ਸੁਸਾਇਟੀ ਨੂੰ ਸ਼ੁਰੂਆਤੀ ਦੌਰ ਵਿੱਚ ਹੀ ਅੱਲ੍ਹੜ ਉਮਰ ਦੇ ਨੌਜਵਾਨਾਂ ਨੂੰ ਲੁਭਾਉਣ ਦੀਆਂ ਕੋਸ਼ਿਸ਼ਾਂ ਦੀ ਸ਼ਨਾਖ਼ਤ ਕਰਨ ਲਈ ਚਿਤਾਵਨੀ ਤੰਤਰ ਵਿਕਸਤ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਮਾਪਿਆਂ ਨੂੰ ਜਾਗਰੂਕ ਅਤੇ ਸਮਾਜ ਨੂੰ ਚੌਕਸ ਕਰਨ ਦੀ ਲੋੜ ਹੈ। ਜਿਨ੍ਹਾਂ ਨੌਜਵਾਨਾਂ ਨੂੰ ਖ਼ਤਰਾ ਹੈ, ਉਨ੍ਹਾਂ ਲਈ ਬਿਹਤਰ ਸਿੱਖਿਆ, ਹੁਨਰ ਅਤੇ ਵਿੱਤੀ ਸਹਾਇਤਾ ਯਕੀਨੀ ਬਣਾਈ ਜਾਵੇ ਤਾਂ ਜੋ ਉਨ੍ਹਾਂ ਕਮਜ਼ੋਰੀਆਂ ਨੂੰ ਦੂਰ ਕੀਤਾ ਜਾ ਸਕੇ ਜਿਨ੍ਹਾਂ ਦਾ ਨਸ਼ਾ ਤਸਕਰੀ ਗਰੋਹ ਲਾਹਾ ਲੈਂਦੇ ਹਨ। ਨਾਬਾਲਗਾਂ ਦੀ ਇਸ ਤਰ੍ਹਾਂ ਦੀ ਵਰਤੋਂ ਪੰਜਾਬ ਦੇ ਸਮਾਜਿਕ ਤਾਣੇ-ਬਾਣੇ ਅਤੇ ਭਾਰਤ ਦੀ ਸੁਰੱਖਿਆ 'ਤੇ ਹਮਲਾ ਹੈ। ਇਸ ਨਾਲ ਇੱਕ ਪੂਰੀ ਪੀੜ੍ਹੀ ਦੇ ਅਪਰਾਧ, ਨਸ਼ਿਆਂ ਤੇ ਬਦਨਾਮੀ ਦੇ ਚੱਕਰ ਵਿੱਚ ਉਲਝਣ ਦਾ ਖ਼ਤਰਾ ਪੈਦਾ ਹੁੰਦਾ ਹੈ। ਖ਼ਤਰੇ ਦੀ ਜ਼ਦ 'ਚ ਆਏ ਇਨ੍ਹਾਂ ਬੱਚਿਆਂ ਨੂੰ ਬਾਹਰ ਬੈਠੇ ਨਸ਼ੇ ਦੇ ਤਸਕਰਾਂ ਦੀ ਜਕੜ ਵਿੱਚੋਂ ਕੱਢਣ ਲਈ ਗੰਭੀਰਤਾ ਨਾਲ ਕੋਸ਼ਿਸ਼ਾਂ ਹੋਣੀਆਂ ਚਾਹੀਦੀਆਂ ਹਨ।

# ਡਿਪਟੀ ਕਮਿਸ਼ਨਰ ਵੱਲੋਂ ਪਿੰਡਾਂ 'ਚ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ

**ਮਲੇਰਕੋਟਲਾ,3 ਦਸੰਬਰ**
**ਦਿਲਦਾਰ ਹੁਸੈਨ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ ਨੇ ਜ਼ਿਲ੍ਹੇ ਦੇ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦਾ ਮਹੀਨਾਵਾਰ ਮੀਟਿੰਗ ਦੌਰਾਨ ਜਾਇਜ਼ਾ ਲਿਆ। ਮੀਟਿੰਗ 'ਚ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਿੰਪੀ ਗਰਗ, ਐਕਸ਼ੀਅਨ ਵਾਟਰ ਸਪਲਾਈ ਐਂਡ ਸੈਨੀਟੇਸ਼ਨ ਇੰਜੀ. ਆਦਰਸ਼ ਨਿਰਮਲ ਸਿੰਘ, ਐਸ.ਡੀ.ਈ. ਇੰਜ.ਲਵੇਸ ਜੈਨ, ਬੀ.ਡੀ.ਪੀ.ਓ ਜਸਮਿੰਦਰ ਸਿੰਘ,ਐਸ.ਡੀ.ਓ ਪੰਚਾਇਤੀ ਰਾਜ ਇੰਜੀ. ਦਵਿੰਦਰ ਸਿੰਘ ਤੋਂ ਇਲਾਵਾ ਵੱਖ- ਵੱਖ ਵਿਭਾਗਾਂ ਦੇ ਅਧਿਕਾਰੀ ਹਾਜਰ ਸਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਜਲ ਅਤੇ ਸੈਨੀਟੇਸ਼ਨ ਮਿਸ਼ਨ ਕਮੇਟੀ ਦੁਆਰਾ ਜ਼ਿਲ੍ਹੇ ਦੇ ਸਮੂਹ 176 ਪਿੰਡਾਂ ਨੂੰ ਓ.ਡੀ.ਐਫ. ਪਲੱਸ ਮਾਡਲ ਘੋਸ਼ਿਤ ਕਰਨ ਦੀ ਯੋਜਨਾ ਤਿਆਰ ਕੀਤੀ ਗਈ ਹੈ।

ਇਸ ਤਹਿਤ ਹੁਣ ਤੱਕ 51 ਪਿੰਡਾਂ ਨੂੰ ਓ.ਡੀ.ਐਫ. ਪਲੱਸ ਮਾਡਲ ਘੋਸ਼ਿਤ ਕੀਤਾ ਜਾ ਚੁੱਕਾ ਹੈ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕੰਮਾਂ ਵਿੱਚ ਹੋਰ ਤੇਜ਼ੀ ਲਿਆਉਂਦੇ ਹੋਏ ਤਹਿ ਸਮੇਂ ਮਿਆਦ ਅੰਦਰ ਸਮੂਹ ਪਿੰਡਾਂ ਨੂੰ ਓ.ਡੀ.ਐਫ. ਪਲੱਸ ਮਾਡਲ ਬਣਾਇਆ ਜਾਵੇ।

ਉਨ੍ਹਾਂ ਬੀ.ਡੀ.ਪੀ.ਓਜ਼ ਨੂੰ ਸਪੱਸ਼ਟ ਹਦਾਇਤ ਕੀਤੀ ਕਿ ਉਹ ਪਿੰਡਾਂ ਵਿੱਚ ਚੱਲ ਰਹੇ ਹਰ ਕੰਮ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਨ ਅਤੇ ਗੁਣਵੱਤਾ ਨੂੰ ਪਹਿਲ ਦੇਣ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੀਟਿੰਗ ਦੌਰਾਨ ਜਾਰੀ ਨਿਰਦੇਸ਼ਾਂ 'ਤੇ ਕੀਤੀ ਕਾਰਵਾਈ ਬਾਰੇ ਅਗਲੀ ਸਮੀਖਿਆ ਮੀਟਿੰਗ ਵਿੱਚ ਵਿਸਥਾਰਵਾਰ ਰਿਪੋਰਟ ਪੇਸ਼ ਕੀਤੀ ਜਾਵੇ ਤਾਂ ਜੋ ਕੀਤੇ ਜਾ ਰਹੇ ਕੰਮਾਂ ਦਾ ਸਹੀ ਮੁਲਾਂਕਣ ਕੀਤਾ ਜਾ ਸਕੇ।

ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਕਿਸਮ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਸਾਰੇ ਕੰਮ ਨਿਰਧਾਰਿਤ ਸਮੇਂ ਅੰਦਰ ਕੀਤੇ ਜਾਣੇ ਲਾਜ਼ਮੀ ਹਨ।

ਡਿਪਟੀ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਪਿੰਡਾਂ ਵਿੱਚ ਵੱਧ ਤੋਂ ਵੱਧ ਲੋਕਾਂ ਨੂੰ ਸੁੱਕੇ ਅਤੇ ਗਿੱਲ੍ਹੇ ਕੂੜੇ ਨੂੰ ਵੱਖਰਾ ਕਰਨ ਬਾਰੇ ਜਾਗਰੂਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਓ.ਡੀ.ਐਫ. ਪਲੱਸ ਪ੍ਰੋਜੈਕਟਾਂ ਦੇ ਮੁਕੰਮਲ ਹੋਣ ਨਾਲ ਨਾ ਕੇਵਲ ਪਿੰਡਾਂ ਦਾ ਵਾਤਾਵਰਣ ਪ੍ਰਦੂਸ਼ਣ-ਰਹਿਤ ਹੋਵੇਗਾ, ਸਗੋਂ ਸਾਫ਼-ਸੁਥਰਾ ਅਤੇ ਹਰਿਆ-ਭਰਿਆ ਵਾਤਾਵਰਨ ਬਣਾਏ ਰੱਖਣ ਵਿੱਚ ਵੀ ਵੱਡੀ ਮਦਦ ਮਿਲੇਗੀ।

# ਬਿਨ੍ਹਾਂ ਡਰ ਭੈਅ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਈਆਂ ਜਾਣ ਆਗਾਮੀਂ ਜ਼ਿਲ੍ਹਾ ਪ੍ਰਸ਼ੀਦ ਤੇ ਪੰਚਾਇਤ ਸੰਮਤੀ ਚੋਣਾਂ : ਜ਼ਿਲ੍ਹਾ ਚੋਣ ਅਫਸਰ



**ਬਠਿੰਡਾ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਅੰਦਰ ਹੋਣ ਵਾਲੀਆਂ ਆਗਾਮੀਂ ਜ਼ਿਲ੍ਹਾ ਪ੍ਰਸ਼ੀਦ ਤੇ ਪੰਚਾਇਤ ਸੰਮਤੀ ਚੋਣਾਂ ਨੂੰ ਬਿਨ੍ਹਾ ਡਰ ਭੈਅ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਉਣੀਆਂ ਲਾਜ਼ਮੀ ਬਣਾਈਆਂ ਜਾਣ।

ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਨੇ ਜ਼ਿਲ੍ਹੇ ਅੰਦਰ ਹੋਣ ਵਾਲੀਆਂ ਆਗਾਮੀਂ ਜ਼ਿਲ੍ਹਾ ਪ੍ਰਸ਼ੀਦ ਤੇ ਪੰਚਾਇਤ ਸੰਮਤੀ ਚੋਣਾਂ ਦੀਆਂ ਅਗਾਂਊਂ ਤਿਆਰੀਆਂ ਨੂੰ ਲੈ ਕੇ ਸਬੰਧਤ ਅਧਿਕਾਰੀਆਂ ਨਾਲ ਕੀਤੀ ਗਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ।

ਜ਼ਿਲ੍ਹਾ ਚੋਣ ਅਫਸਰ ਸ਼੍ਰੀ ਰਾਜੇਸ਼ ਧੀਮਾਨ ਨੇ ਅੱਗ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ੀਦ ਬਠਿੰਡਾ ਦੇ 17 ਜੋਨ ਜ਼ਿਲ੍ਹਾ ਪ੍ਰੀਸ਼ਦ ਹਨ, ਜਿਨ੍ਹਾਂ ਵਿੱਚ ਬਲਾਹੜ੍ਹ ਵਿੰਝੂ, ਕਿਲੀ ਨਿਹਾਲ ਸਿੰਘ, ਭੁੱਚੋਂ ਕਲਾਂ, ਭੂਸ ਮੰਡੀ, ਬਾਂਡੀ, ਪੱਕਾ ਕਲਾਂ, ਬੰਗੀ ਰੁਲਦੂ, ਸਿੰਗੋਂ, ਮਾਈਸਰਖਾਨਾ, ਜੋਧਪੁਰ ਪਾਖਰ, ਸਿਰੀਏਵਾਲਾ, ਬੁਰਜ ਗਿੱਲ, ਪੂਹਲਾ, ਬਹਿਮਣ ਦੀਵਾਨਾ, ਜੈ ਸਿੰਘ ਵਾਲਾ, ਮੰਡੀ ਕਲਾਂ ਅਤੇ ਪਿੰਡ ਕਰਾੜਵਾਲਾ ਸ਼ਾਮਲ ਹਨ।

ਉਨ੍ਹਾਂ ਇਹ ਵੀ ਕਿਹਾ ਕਿ ਪੰਚਾਇਤ ਸੰਮਤੀ ਜੋਨ 137 ਹਨ, ਜਿਨ੍ਹਾਂ ਵਿੱਚ ਸੰਗਤ, ਬਠਿੰਡਾ ਤੇ ਗੋਨਿਆਣਾ ਵਿੱਚ 15-15, ਫੂਲ ਤੇ ਰਾਮਪੁਰਾ 'ਚ 18-18, ਨਥਾਣਾ 16, ਮੌੜ 15 ਅਤੇ ਬਲਾਕ ਤਲਵੰਡੀ ਸਾਬੋ 'ਚ 25 ਪੰਚਾਇਤ ਸੰਮਤੀ ਜੋਨ ਹਨ।

ਜ਼ਿਲ੍ਹਾ ਚੋਣ ਅਫਸਰ ਨੇ ਹੋਰ ਦੱਸਿਆ ਕਿ ਇਨ੍ਹਾਂ ਚੋਣਾਂ ਲਈ 826 ਪੋਲਿੰਗ ਬੂਥ ਬਣਾਏ ਗਏ ਹਨ। ਬਣਾਏ ਗਏ ਇਨ੍ਹਾਂ ਪੋਲਿੰਗ ਬੂਥਾਂ 'ਤੇ 647802 ਵੋਟਰ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਪੋਸਟਲ ਬੈਲਟ ਰਾਹੀਂ ਕਰਨਗੇ, ਜਿਨ੍ਹਾਂ ਵਿੱਚ ਮਰਦ 340376, ਔਰਤਾਂ 307417 ਅਤੇ 9 ਥਰਡ ਜੈਂਡਰ ਸ਼ਾਮਲ ਹਨ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮੈਡਮ ਕੰਚਨ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ, ਸਹਾਇਕ ਕਮਿਸ਼ਨਰ (ਜ) ਸ਼੍ਰੀ ਗਗਨਦੀਪ ਸਿੰਘ, ਐਸਡੀਐਮ ਰਾਮਪੁਰਾ ਸ਼੍ਰੀ ਸੁਨੀਲ, ਐਸਡੀਐਮ ਬਠਿੰਡਾ ਸ ਬਲਕਰਨ ਸਿੰਘ ਮਾਹਲ, ਐਸਡੀਐਮ ਮੌੜ ਸ੍ਰੀ ਸੁਖਰਾਜ ਸਿੰਘ, ਐਸਡੀਐਮ ਤਲਵੰਡੀ ਸਾਬੋ ਸ਼੍ਰੀ ਪੰਕਜ, ਆਰਟੀਓ ਪੁਨੀਤ ਸ਼ਰਮਾ ਤੋਂ ਇਲਾਵਾ ਸਮੂਹ ਬੀਡੀਪੀਓਜ਼ ਤੇ ਹੋਰ ਸਬੰਧਤ ਅਧਿਕਾਰੀ ਆਦਿ ਹਾਜ਼ਰ ਸਨ।

# ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਾਦੀਆਂ ਅਹਿਮਦੀਆ ਮੁਹੱਲੇ ਵਿੱਚ 4 ਕਰੋੜ ਰੁਪਏ ਦੀ ਲਾਗਤ ਨਾਲ ਇੰਟਰਨਲ ਰੋਡ ਦੇ ਸੁੰਦਰੀਕਰਨ ਦਾ ਕੰਮ ਸ਼ੁਰੂ ਕਰਵਾਇਆ



**ਬਟਾਲਾ,3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਕਾਦੀਆਂ ਦੇ ਇੰਚਾਰਜ ਕਾਦੀਆਂ ਐਡੋਕੇਟ ਜਗਰੂਪ ਸਿੰਘ ਸੇਖਵਾਂ ਨੇ ਅੱਜ ਕਾਦੀਆਂ ਅਹਿਮਦੀਆ ਮੁਹੱਲੇ ਵਿੱਖੇ ਸੜਕ ਦੇ ਦੋਨੋ ਪਾਸੇ ਟਾਈਲਾਂ ਲਗਵਾਓਣ ਦੀ ਸ਼ੁਰੂਆਤ ਕੀਤੀ। ਉਨ੍ਹਾਂ ਕਿਹਾ ਕਿ 4 ਕਰੋੜ ਰੁਪਏ ਦੀ ਲਾਗਤ ਨਾਸ ਸੁੰਦਰੀਕਰਨ ਦੇ ਵਿਕਾਸ ਕੰਮ ਕਰਵਾਏ ਜਾਣਗੇ।

ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਕਾਦੀਆਂ ਇਕ ਇਤਿਹਾਸਕ ਕਸਬਾ ਹੈ ਅਤੇ ਅਹਿਮਦੀਆ ਜਮਾਤ ਦਾ ਹੈਡ ਕਵਾਟਰ ਹੈ। ਦਸੰਬਰ ਦੇ ਮਹੀਨੇ ਮੁਸਲਿਮ ਜਮਾਤ ਅਹਿਮਦੀਆ ਦਾ ਅੰਤਰਾਸ਼ਟਰੀ ਸਲਾਨਾ ਜਲਸਾ ਕਰਵਾਇਆ ਜਾਣਾ ਹੈ। ਇਸ ਜਲਸੇ ਵਿੱਚ ਦੇਸ਼ ਅਤੇ ਵਿਦੇਸ਼ ਤੋਂ ਵਡੀ ਗਿਣਤੀ ਵਿੱਚ ਸ਼ਰਧਾਲੂ ਕਾਦੀਆਂ ਪਹੁੰਚਾਣਗੇ ਓਹਨਾਂ ਕਿਹਾ ਕਿ ਸਾਡਾ ਸਾਰੀਆਂ ਦਾ ਇਹ ਫਰਜ਼ ਹੈ ਕਿ ਅਸੀਂ ਸ਼ਹਿਰ ਨੂੰ ਖੂਬਸੂਰਤ ਬਣਾਈਏ।

ਇਸ ਮੋਕੇ ਉਨ੍ਹਾਂ ਕਿਹਾ ਕਿ ਮੇਰੇ ਪਿਤਾ ਸਵ: ਸੇਵਾ ਸਿੰਘ ਸੇਖਵਾਂ ਜੀ ਦੇ ਵੀ ਕਾਦੀਆਂ ਸ਼ਹਿਰ ਨਾਲ ਬਹੁਤ ਲਗਾਵ ਸੀ ਅਤੇ ਅਹਿਮਦੀਆ ਜਮਾਤ ਨਾਲ ਨਾਲ ਬਹੁਤ ਵਧੀਆ ਪਰਿਵਾਰਕ ਸਬੰਧ ਸਨ।

ਓਹਨਾਂ ਨੇ ਸ਼ਹਿਰ ਦੇ ਛੱਪੜ ਨੂੰ ਖਤਮ ਕਰ ਕੇ ਸ਼ਹਿਰ ਦੀ ਗੰਦਗੀ ਖਤਮ ਕੀਤੀ ਅਤੇ ਕਰੋੜਾਂ ਰੁਪਏ ਦੀ ਲਾਗਤ ਨਾਲ ਨਾਲਾ ਬਣਾਈਆ। ਮੇਰਾ ਵੀ ਇਹ ਫਰਜ਼ ਹੈ ਕਿ ਮੈਂ ਇਸ ਪਵਿੱਤਰ ਧਰਤੀ ਲਈ ਆਪਣਾ ਅਤੇ ਆਪਣੀ ਪਾਰਟੀ ਵਲੋ ਯੋਗਦਾਨ ਪਾਵਾਂ।

ਇਸ ਮੋਕੇ ਜਮਾਤ ਅਹਿਮਦੀਆ ਦੇ ਸੈਕਟਰੀ ਅਤਾਓਲ ਮੋਮਿਨ,ਸੱਯਦ ਅਜ਼ੀਜ਼ ਅਹਿਮਦ,ਫਜ਼ਲ ਓਲ ਰਹਿਮਾਨ ਭੱਟੀ, ਨਸਰੁਮਿਨੱਲਾ, ਨਵੀਦ ਅਹਿਮਦ ਫਜ਼ਲ, ਐਸ ਐਚ ਓ ਕਾਦੀਆਂ ਗਰਮੀਤ ਸਿੰਘ,ਅਬਦੁਲ ਵਾਸੇ, ਚੈਅਰਮੈਨ ਮੋਹਣ ਸਿੰਘ,ਗੁਰਮੇਜ ਸਿੰਘ, ਦਵਿੰਦਰ ਸ਼ਰਮਾ,ਸਿੰਗਾਰਾ ਸਿੰਘ,ਮਲਕੀਤ ਸਿੰਘ, ਗੁੱਲੂ ਸਰਪੰਚ ਅਤੇ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

# ਹਲਕੇ ਵਿੱਚ ਹੜ੍ਹਾਂ ਕਾਰਨ ਹੋਏ ਨੁਕਸਾਨ ਨਾਲ ਪ੍ਰਭਾਵਿਤ ਲੋਕਾਂ ਤੱਕ 7 ਕਰੋੜ ਦੀ ਮੁਆਵਜਾ ਰਾਸ਼ੀ ਪਹੁੰਚਾਈ : ਹਰਜੋਤ ਸਿੰਘ ਬੈਂਸ

**ਸ਼੍ਰੀ ਆਨੰਦਪੁਰ ਸਾਹਿਬ,3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਕਿਹਾ ਹੈ ਕਿ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਪਰਿਵਾਰਾ ਤੱਕ ਮੁਆਵਜਾ ਪਹੁੰਚਾਉਣ ਦਾ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦਾ ਵਾਅਦਾ ਪੂਰਾ ਹੋ ਰਿਹਾ ਹੈ। ਪੰਜਾਬ ਸਰਕਾਰ ਹਰ ਪ੍ਰਭਾਵਿਤ ਪਰਿਵਾਰ/ਕਿਸਾਨ ਤੱਕ ਆਪਣੇ ਵਾਅਦੇ ਮੁਤਾਬਿਕ ਮੁਆਵਜਾ ਪਹੁੰਚਾ ਰਹੀ ਹੈ। ਸ੍ਰੀ ਅਨੰਦਪੁਰ ਸਾਹਿਬ ਹਲਕੇ ਦੀਆਂ ਪੰਚਾਇਤਾਂ/ਕਿਸਾਨਾਂ ਨੂੰ ਹੁਣ ਤੱਕ 7 ਕਰੋੜ ਰੁਪਏ ਦੀ ਮੁਆਵਜਾ ਰਾਸ਼ੀ ਵੰਡੀ ਜਾ ਚੁੱਕੀ ਹੈ।ਅੱਜ ਮੀਡੀਆ ਸੈਂਟਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਪ੍ਰਭਾਵਿਤ ਪਰਿਵਾਰਾ ਨੂੰ ਰਾਹਤ ਰਾਸ਼ੀ ਦੇ ਪ੍ਰਮਾਣ ਪੱਤਰ ਵੰਡਣ ਮੌਕੇ ਸ.ਬੈਂਸ ਨੇ ਕਿਹਾ ਕਿ ਕੁਦਰਤੀ ਆਫਤ ਤੇ ਸਰਕਾਰਾ ਦਾ ਕੋਈ ਜ਼ੋਰ ਨਹੀ ਹੈ ਪ੍ਰੰਤੂ ਸਮੇਂ ਸਿਰ ਕੀਤੇ ਪ੍ਰਬੰਧਾਂ ਨਾਲ ਨੁਕਸਾਨ ਨੂੰ ਘਟਾਇਆ ਜਾ ਸਕਦਾ ਹੈ। ਇਸ ਵਾਰ ਹਿਮਾਚਲ ਪ੍ਰਦੇਸ਼ ਵਿਚ ਹੋਈ ਭਾਰੀ ਬਰਸਾਤ ਅਤੇ ਭਾਖੜਾ ਡੈਮ ਤੋ ਵੱਧ ਮਾਤਰਾ ਵਿਚ ਪਾਣੀ ਛੱਡਣ ਕਾਰਨ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੀਆਂ ਜ਼ਮੀਨਾਂ ਦਾ ਬਹੁਤ ਨੁਕਸਾਨ ਹੋਇਆ ਹੈ ਜਿਸ ਦਾ ਜ਼ਮੀਨੀ ਪੱਧਰ ਤੇ ਸਰਵੇ ਕਰਕੇ ਮੁਆਵਜਾ ਪ੍ਰਭਾਵਿਤ ਪਰਿਵਾਰਾ ਤੱਕ ਪਹੁੰਚਾਇਆ ਜਾ ਰਿਹਾ ਹੈ। ਪਹਿਲਾ ਵੀ ਇਹ ਰਾਸ਼ੀ ਵੰਡੀ ਜਾ ਚੁੱਕੀ ਹੈ ਅਤੇ ਅਸੀ ਹੁਣ ਆਪਣੇ ਪ੍ਰਭਾਵਿਤ ਪਰਿਵਾਰਾ ਨੂੰ ਇਹ ਰਾਸ਼ੀ ਵੰਡ ਰਹੇ ਹਾਂ। ਹੁਣ ਤੱਕ ਹਲਕੇ ਵਿੱਚ ਪ੍ਰਭਾਵਿਤ ਪਰਿਵਾਰਾ, ਕਿਸਾਨਾਂ ਤੇ ਪੰਚਾਇਤਾ ਨੂੰ 7 ਕਰੋੜ ਰੁਪਏ ਵੰਡੇ ਜਾ ਚੁੱਕੇ ਹਨ।



# ਵਧੀਕ ਜ਼ਿਲ੍ਹਾ ਚੋਣ ਅ.ਫਸਰ ਨੇ ਹੁਸ਼ਿਆਰਪੁਰ 'ਚ ਈ.ਵੀ.ਐਮ ਵੇਅਰਹਾਉਸ ਦੀ ਕੀਤੀ ਮਾਸਿਕ ਪੜਤਾਲ



**ਹੁਸ਼ਿਆਰਪੁਰ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਤਹਿਤ ਅੱਜ ਜ਼ਿਲ੍ਹਾ ਪੱਧਰ 'ਤੇ ਬਣਾਏ ਗਏ ਈ.ਵੀ.ਐਮ ਵੇਅਰਹਾਉਸ ਦੀ ਬਿਨਾ ਖੋਲ੍ਹੇ ਨਵੰਬਰ 2025 ਦੀ ਮਾਸਿਕ ਪੜਤਾਲ ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅ.ਫਸਰ ਅਮਰਬੀਰ ਕੌਰ ਭੁੱਲਰ ਵਲੋਂ ਕੀਤੀ ਗਈ। ਇਸ ਮੌਕੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਵੀ ਮੌਜੂਦ ਸਨਪੜਤਾਲ ਪ੍ਰਕਿਰਿਆ ਤਹਿਤ ਸਾਰੇ ਸਬੰਧਤ ਰਿਕਾਰਡ, ਲਾਗ ਬੁੱਕ ਅਤੇ ਐਂਟਰੀ ਰਜਿਸਟਰਾਂ ਦੀ ਵੀ ਜਾਂਚ ਕੀਤੀ ਗਈ, ਤਾਂ ਜੋ ਪਾਰਦਰਸ਼ਤਾ ਸੁਨਿਸ਼ਚਿਤ ਕੀਤਾ ਜਾ ਸਕੇ।

ਵਧੀਕ ਜ਼ਿਲ੍ਹਾ ਚੋਣ ਅ.ਫਸਰ ਅਮਰਬੀਰ ਕੌਰ ਭੁੱਲਰ ਨੇ ਕਿਹਾ ਕਿ ਈ.ਵੀ.ਐਮ ਵੇਅਰਹਾਉਸ ਦੀ ਮਾਸਿਕ ਪੜਤਾਲ ਇਕ ਨਿਯਮਿਤ ਅਤੇ ਜ਼ਰੂਰੀ ਪ੍ਰਕਿਰਿਆ ਹੈ। ਇਸ ਦਾ ਉਦੇਸ਼ ਚੋਣ ਪ੍ਰਕਿਰਿਆ ਦੀ ਨਿਰਪੱਖਤਾ, ਸੁਰੱਖਿਆ ਅਤੇ ਪਾਰਦਰਸ਼ਤਾ ਬਣਾਏ ਰੱਖਣਾ ਹੈ। ਉਨ੍ਹਾਂ ਤਸੱਲੀ ਪ੍ਰਗਟ ਕੀਤੀ ਕਿ ਜ਼ਿਲ੍ਹੇ ਵਿਚ ਵੇਅਰਹਾਉਸ ਦੀ ਵਿਵਸਥਾ ਉਚ ਮਿਆਰਾਂ ਅਨੁਸਾਰ ਪਾਈ ਗਈ ਹੈ।

ਰਾਜਨੀਤਿਕ ਪਾਰਟੀਆਂ ਦੇ ਪ੍ਰਤੀਨਿੱਧੀਆਂ ਨੇ ਇਸ ਮੌਕੇ ਕਿਹਾ ਕਿ ਚੋਣ ਕਮਿਸ਼ਨ ਦੀ ਇਹ ਪਹਿਲ ਲੋਕਤੰਤਰਿਕ ਪ੍ਰਕਿਰਿਆ ਵਿਚ ਆਮ ਜਨਤਾ ਦੇ ਵਿਸ਼ਵਾਸ ਨੂੰ ਮਜ਼ਬੂਤ ਕਰਦੀ ਹੈ ਅਤੇ ਮਸ਼ੀਨਾਂ ਦੀ ਨਿਰਪੱਖਤਾ ਨੂੰ ਲੈ ਕੇ ਫੈਲਾਈ ਜਾਣ ਵਾਲੀਆਂ ਤਰੁੱਟੀਆਂ ਨੂੰ ਦੂਰ ਕਰਨ ਵਿਚ ਸਹਾਇਕ ਹੈ।

ਇਸ ਮੌਕੇ ਇੰਡੀਅਨ ਨੈਸ਼ਨਲ ਕਾਂਗਰਸ ਤੋਂ ਰਜਨੀਸ਼ ਟੰਡਨ, ਭਾਜਪਾ ਤੋਂ ਭੂਸ਼ਨ ਕੁਮਾਰ ਸ਼ਰਮਾ, ਸੀ.ਪੀ.ਆਈ (ਐਮ) ਬਲਵਿੰਦਰ ਸਿੰਘ ਤੋਂ ਇਲਾਵਾ ਨੋਡਲ ਅ.ਫਸਰ ਈ.ਵੀ.ਐਮ ਬਲਵਿੰਦਰ ਸਿੰਘ, ਤਹਿਸੀਲਦਾਰ ਚੋਣਾਂ ਹਰਮਿੰਦਰ ਸਿੰਘ, ਚੋਣ ਕਾਨੂੰਗੋ ਦੀਪਕ ਕੁਮਾਰ ਅਤੇ ਲਖਵੀਰ ਸਿੰਘ ਵੀ ਮੌਜੂਦ ਸਨ।

# ਆਂਗਣਵਾੜੀ ਸੈਂਟਰਾਂ 'ਚ ਕਮਿਊਨਿਟੀ ਬੇਸਡ ਐਕਟਿਵਿਟੀ ਦਿਨ ਮਨਾਇਆ




**ਬਠਿੰਡਾ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰੋਗਰਾਮ ਅ.ਫਸਰ, ਸ੍ਰੀ ਪੰਕਜ਼ ਕੁਮਾਰ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਜ਼ਿਲ੍ਹਾ ਬਠਿੰਡਾ ਦੇ ਸਾਰੇ ਆਂਗਣਵਾੜੀ ਕੇਂਦਰਾਂ ਵਿੱਚ ਕਮਿਊਨਿਟੀ ਬੇਸਡ ਐਕਟਿਵਿਟੀ ਦਿਨ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ।

ਇਸ ਦਿਨ ਨੂੰ ਮਨਾਉਣ ਦਾ ਮੁੱਖ ਉਦੇਸ਼ ਆਂਗਣਵਾੜੀ ਸੇਵਾਵਾਂ ਨਾਲ ਹੋਰ ਨਜ਼ਦੀਕ ਜੋੜਨਾ, ਬੱਚਿਆਂ ਦੇ ਸਮੁੱਚੇ ਵਿਕਾਸ ਦੇ ਮਹੱਤਵ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਪੋਸ਼ਣ, ਸਿਹਤ ਤੇ ਸ਼ੁਰੂਆਤੀ ਬਾਲ ਵਿਕਾਸ ਸਬੰਧੀ ਸੁਚੇਤਨਾ ਨੂੰ ਵਧਾਉਣਾ ਸੀ।

ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹੇ ਦੇ ਹਰੇਕ ਆਂਗਣਵਾੜੀ ਕੇਂਦਰ ਵਿੱਚ ਬੱਚਿਆਂ, ਮਾਪਿਆਂ ਅਤੇ ਸਮੁਦਾਇਕ ਮੈਂਬਰਾਂ ਨੇ ਸਰਗਰਮ ਭਾਗੀਦਾਰੀ ਕੀਤੀ।

ਕੇਂਦਰਾਂ ਵਿੱਚ ਬਾਲ ਵਿਕਾਸ ਸੰਬੰਧੀ ਖੇਡਾਂ, ਮਿੱਟੀ ਅਤੇ ਅੱਟੇ ਦੀ ਲੋਈ ਨਾਲ ਮੂਰਤੀਆਂ ਬਣਾਉਣ, ਰੰਗ-ਭਰਨ ਅਤੇ ਸੰਵੇਦਨਾਤਮਕ ਗਤੀਵਿਧੀਆਂ ਰਾਹੀਂ ਬੱਚਿਆਂ ਦੀ ਸਿੱਖਿਆ ਤੇ ਰਚਨਾਤਮਕਤਾ ਨੂੰ ਉਭਾਰਿਆ ਗਿਆ।

ਇਸ ਦੇ ਨਾਲ ਹੀ ਪੋਸ਼ਣ ਜਾਗਰੂਕਤਾ ਸੈਸ਼ਨ, ਮਾਤਾ-ਬਾਲ ਸਿਹਤ ਸਬੰਧੀ ਜਾਣਕਾਰੀ ਅਤੇ ਮਾਪਿਆਂ ਲਈ ਇੰਟਰਐਕਟਿਵ ਵਰਕਸ਼ਾਪਾਂ ਰਾਹੀਂ ਸਮੁਦਾਇ ਨੂੰ ਬੱਚਿਆਂ ਦੀ ਦੇਖਭਾਲ ਤੇ ਵਿਕਾਸ ਸਬੰਧੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕੀਤੀ ਗਈ। ਸੁਪਰਵਾਈਜ਼ਰਾਂ ਅਤੇ ਆਂਗਣਵਾੜੀ ਕਾਰਕੁਨਾਂ ਵੱਲੋਂ ਸਮੁਦਾਇਕ ਸਹਿਭਾਗਿਤਾ ਨੂੰ ਪ੍ਰੋਤਸਾਹਿਤ ਕਰਦੇ ਹੋਏ ਇਸ ਕਾਰਜ ਨੂੰ ਸਫਲ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਗਈ।

ਜ਼ਿਲ੍ਹਾ ਪ੍ਰੋਗਰਾਮ ਦਫ਼ਤਰ ਵੱਲੋਂ ਸਾਰੇ ਸੁਪਰਵਾਈਜ਼ਰਾਂ ਅਤੇ ਆਂਗਣਵਾੜੀ ਕਾਰਕੁਨਾਂ ਨੂੰ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਵਧਾਈ ਦਿੱਤੀ ਗਈ।

ਇਸ ਮੌਕੇ ਸ੍ਰੀ ਪੰਕਜ਼ ਕੁਮਾਰ, ਜਿਲ੍ਹਾ ਪ੍ਰੋਗਰਾਮ ਅ.ਫਸਰ, ਬਠਿੰਡਾ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਸਰਗਰਮੀਆਂ ਨਾਲ ਸਮੁਦਾਇ ਵਿੱਚ ਬੱਚਿਆਂ ਦੇ ਸਮੁੱਚੇ ਵਿਕਾਸ ਦੇ ਮਹੱਤਵ ਬਾਰੇ ਜਾਣਕਾਰੀ ਵਧਦੀ ਹੈ, ਮਾਪਿਆਂ ਦੀ ਭਾਗੀਦਾਰੀ ਮਜ਼ਬੂਤ ਹੁੰਦੀ ਹੈ

ਅਤੇ ਬੱਚਿਆਂ ਦੇ ਭਵਿੱਖ ਨੂੰ ਸੰਵਾਰਨ ਵਿੱਚ ਆਂਗਣਵਾੜੀ ਸੇਵਾਵਾਂ ਨੂੰ ਵਿਸ਼ੇਸ਼ ਮਦਦ ਮਿਲਦੀ ਹੈ।

# ਏ.ਪੀ.ਕੇ.ਐੱਫ. ਸਕੂਲ, ਕੱਲਾ ਵਿਖੇ 15ਵਾਂ ਉਡਾਨ ਪ੍ਰੋਗਰਾਮ ਚੜ੍ਹਦੀਕਲਾ ਨਾਲ ਸੰਪਨ ਹੋਇਆ



**ਤਰਨ ਤਾਰਨ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਏ.ਪੀ.ਕੇ.ਐੱਫ. ਸਕੂਲ, ਕੱਲਾ ਵਿਖੇ 15ਵਾਂ ਉਡਾਨ ਪ੍ਰੋਗਰਾਮ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਵੱਲੋਂ ਕੀਤੀ ਗਈ ਜਦਕਿ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ ਸਾਬਕਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਪ੍ਰੋਫੈਸਰ ਮਨਜੀਤ ਸਿੰਘ ਜੀ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ, ਸ. ਜਸਵਿੰਦਰ ਸਿੰਘ ਜੀ ਐਡਵੋਕੇਟ ਕਨਵੀਨਰ ਅਕਾਲ ਪੁਰਖ ਕੀ ਫ਼ੌਜ ਅਤੇ ਸ. ਕੁਲਜੀਤ ਸਿੰਘ, ਸਿੰਘ ਬ੍ਰਦਰਜ਼ ਅੰਮ੍ਰਿਤਸਰ ਵਾਲੇ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।

ਉਡਾਨ ਪ੍ਰੋਗਰਾਮ ਦੀ ਸ਼ੁਰੂਆਤ ਏ.ਪੀ.ਕੇ.ਐੱਫ. ਸਕੂਲ ਦੇ ਬੱਚਿਆਂ ਨੇ ਸ਼ਬਦ ਗਾਇਨ ਕਰਕੇ ਕੀਤੀ। ਇਸ ਮੌਕੇ ਬੱਚਿਆਂ ਨੇ ਨਾਟਕ ਦੇ ਰਾਹੀਂ ਚੜ੍ਹਦੀਕਲਾ ਦਾ ਸੁਨੇਹਾ ਦਿੱਤਾ। ਸਾਰਾ ਨਾਟਕ ਚੜਦੀ ਕਲਾ ਨੂੰ ਧਿਆਨ ਵਿੱਚ ਰੱਖ ਕੇ ਪੇਸ਼ ਕੀਤਾ ਗਿਆ। ਅੱਜ ਸਮਾਜ ਵਿੱਚ ਰੋਗ ਬਣ ਚੁੱਕੇ ਸੋਸ਼ਲ ਮੀਡੀਆ ਤੋਂ ਜਾਣੂ ਕਰਵਾਇਆ। ਨਾਟਕ ਰਾਹੀਂ ਦਰਸਾਇਆ ਗਿਆ ਕਿ ਬੱਚੇ ਦੀ ਪਰਵਰਿਸ਼ ਮਾਤਾ ਪਿਤਾ ਅਤੇ ਸਕੂਲ ਦੇ ਹੱਥ ਵਿੱਚ ਹੁੰਦੀ ਹੈ। ਜਿਹੜੇ ਬੱਚੇ ਸਵੇਰੇ ਉੱਠ ਬਾਣੀ ਦਾ ਜਾਪ ਕਰਦੇ ਹਨ, ਸਕੂਲ ਵਿੱਚ ਪੜ੍ਹਾਈ ਦੇ ਦੌਰਾਨ ਗੁਰਮਤਿ ਵਿੱਦਿਆ ਹਾਸਿਲ ਕਰਦੇ ਹਨ। ਉਹ ਅਸਲ ਵਿੱਚ ਜਿੰਦਗੀ ਵਿੱਚ ਉੱਚੀ ਉਡਾਨ ਭਰ ਸਕਦੇ ਹਨ।

ਇਸ ਮੌਕੇ ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਵਿਦਿਆਰਥੀ ਜੀਵਨ ਮਨੁੱਖੀ ਜੀਵਨ ਦਾ ਉਹ ਸੁਨਿਹਰੀ ਸਮਾਂ ਹੁੰਦਾ ਹੈ ਜਦੋਂ ਕੋਈ ਵੀ ਮਨੁੱਖ ਆਪਣੇ ਕਾਮਯਾਬ ਜੀਵਨ ਦੀ ਬੁਨਿਆਦ ਰੱਖਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਆਪਣੇ ਅਧਿਆਪਕਾਂ, ਮਾਪਿਆਂ ਦੇ ਆਗਿਆਕਾਰੀ ਬਣਕੇ ਪੂਰੀ ਮਿਹਨਤ ਤੇ ਲਗਨ ਨਾਲ ਪੜ੍ਹਾਈ ਕਰਨ। ਉਨ੍ਹਾਂ ਕਿਹਾ ਕਿ ਵਿਦਿਆਰਥੀ ਜੀਵਨ ਦੌਰਾਨ ਕੀਤੀ ਮਿਹਨਤ ਹੀ ਸਾਨੂੰ ਭਵਿੱਖ ਵਿੱਚ ਉੱਚੇ ਮੁਕਾਮਾਂ ਉੱਪਰ ਪਹੁੰਚਾਉਂਦੀ ਹੈ।

ਇਸ ਮੌਕੇ ਉਚੇਚੇ ਤੌਰ ▾ਤੇ ਪਹੁੰਚੇ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ ਸਾਬਕਾ ਜਥੇਦਾਰ ਜੀ ਨੇ ਆਏ ਹੋਏ ਮਾਪਿਆਂ ਨੂੰ ਜੀ ਆਇਆਂ ਨੂੰ ਕਿਹਾ ਅਤੇ ਬੱਚਿਆਂ ਨੂੰ ਉੱਚ ਵਿੱਦਿਆ ਹਾਸਿਲ ਕਰਕੇ ਗੁਰਸਿੱਖੀ ਜੀਵਨ ਜਿਉਣ ਦਾ ਸੁਨੇਹਾ ਦਿੱਤਾ। ਉਹਨਾਂ ਸਕੂਲ ਦੇ ਪ੍ਰਿੰਸੀਪਲ ਰਵਿੰਦਰ ਕੌਰ ਦੀ ਅਗਵਾਈ ਹੇਠ ਕੀਤੇ ਪ੍ਰੋਗਰਾਮ ਦੀ ਸ਼ਲਾਘਾ ਕੀਤੀ ਅਤੇ ਸਮੂਹ ਸਟਾਫ ਦਾ ਧੰਨਵਾਦ ਕੀਤਾ ਕਿ ਅਜਿਹੇ ਉਪਰਾਲੇ ਕਰਦੇ ਰਹਿਣਾ ਚਾਹੀਦਾ ਹੈ, ਜਿਸ ਨਾਲ ਗੁਰਸਿੱਖੀ ਦੀ ਮਹਿਕ ਹਰ ਘਰ ਪਹੁੰਚਾਈ ਜਾ ਸਕੇ।

ਪ੍ਰੋਫੈਸਰ ਮਨਜੀਤ ਸਿੰਘ ਜੀ ਸਾਬਕਾ ਜਥੇਦਾਰ ਅਕਾਲ ਤਖਤ ਸਾਹਿਬ ਜੀ ਨੇ ਬੋਲਦਿਆਂ ਕਿਹਾ ਕਿ ਪ੍ਰਬੰਧਕ ਵਧਾਈ ਦੇ ਪਾਤਰ ਹਨ ਜਿਨਾਂ ਨੇ ਇਸ ਸਮਾਗਮ ਨੂੰ ਚੜ੍ਹਦੀ ਕਲਾ ਦਾ ਰੂਪ ਦੇ ਕੇ ਬੱਚਿਆਂ ਨੂੰ ਹੌਸਲਾ ਅਫਜਾਈ ਕਰਕੇ ਸਮਾਜ ਵਿੱਚ ਕਾਮਯਾਬੀ ਹਾਸਲ ਕਰਨ ਦਾ ਇੱਕ ਮੌਕਾ ਦਿੱਤਾ ਹੈ। ਗੁਰਬਾਣੀ ਦੀ ਰੌਸ਼ਨੀ ਹੇਠ ਸਮਾਜ ਨੂੰ ਲਿਆਉਣ ਲਈ ਹਰ ਸਕੂਲ ਵਿੱਚ ਅਜਿਹੇ ਉਪਰਾਲੇ ਕਰਨੇ ਚਾਹੀਦੇ ਹਨ।

ਸ. ਜਸਵਿੰਦਰ ਸਿੰਘ ਜੀ ਐਡਵੋਕੇਟ ਕਨਵੀਨਰ ਅਕਾਲ ਪੁਰਖ ਕੀ ਫੌਜ ਨੇ ਬੱਚਿਆਂ ਅਤੇ ਆਏ ਹੋਏ ਮਾਪਿਆਂ ਨੂੰ ਚੜ੍ਹਦੀਕਲਾ ਵਿੱਚ ਜੀਵਨ ਜਿਉਣ ਦਾ ਸੁਨੇਹਾ ਦਿੱਤਾ। ਉਹਨਾਂ ਕਿਹਾ ਕਿ ਗੁਰੂ ਸਾਹਿਬਾਨ ਦੇ ਜੀਵਨ ਤੋਂ ਸਿੱਖਿਆ ਲੈਣੀ ਚਾਹੀਦੀ ਹੈ।

ਭਾਈ ਜੈਤਾ ਜੀ, ਭਾਈ ਨਾਨੂ ਜੀ, ਭਾਈ ਊਦਾ ਜੀ ਅਤੇ ਹੋਰ ਅਨੇਕਾਂ ਸ਼ਹੀਦ ਕਿੰਨੀ ਚੜ੍ਹਦੀਕਲਾ ਵਾਲੇ ਸਨ, ਜਿਹੜੇ ਕਿਸੇ ਵੀ ਮੁਸ਼ਕਿਲ ਵਿੱਚ ਡੋਲੇ ਨਹੀ ਅਤੇ ਸਿੱਖੀ ਨੂੰ ਨਿਭਾਉਂਦਿਆਂ ਅਡੋਲਤਾ ਦਾ ਸਬੂਤ ਦਿੰਦਿਆਂ ਚੜ੍ਹਦੀਕਲਾ ਵਿੱਚ ਜੀਵਨ ਬਤੀਤ ਕੀਤਾ। ਸ. ਕੁਲਜੀਤ ਸਿੰਘ, ਸਿੰਘ ਬ੍ਰਦਰਜ਼ ਨੇ ਆਏ ਹੋਏ ਮਾਪੇ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਗੁਰੂ ਸਾਹਿਬ ਜੀ ਦੀ ਬਾਣੀ ਪੜ੍ਹ-ਸੁਣ ਕੇ ਜੀਵਨ ਜਿਉਣ ਦਾ ਸੁਨੇਹਾ ਦਿੱਤਾ।

# ਸ਼੍ਰੀ ਅਨੰਦਪੁਰ ਸਾਹਿਬ ਵਿਖੇ 350 ਸਾਲਾ ਸ਼ਹੀਦੀ ਦਿਵਸ ਮੌਕੇ ਸੰਗਤ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ 'ਆਮ ਆਦਮੀ ਕਲੀਨਿਕ' ਕਰ ਰਹੇ ਹਨ ਨਿਰੰਤਰ ਸੇਵਾ

**ਸ਼੍ਰੀ ਆਨੰਦਪੁਰ ਸਾਹਿਬ,3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਰਹਿਨੁਮਾਈ ਹੇਠ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਹੀਦੀ ਸਮਾਗਮਾਂ ਦੌਰਾਨ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਵੱਖ-ਵੱਖ ਥਾਂਵਾਂ ਤੇ ਆਮ ਆਦਮੀ ਕਲੀਨਿਕ ਲਗਾਏ ਗਏ ਹਨ। ਇਹ ਕਲੀਨਿਕ ਆਏ ਹੋਏ ਸੰਗਤ ਨੂੰ ਆਸਾਨ, ਮੁਫ਼ਤ ਅਤੇ ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਲਗਾਏ ਗਏ ਹਨ।ਸਿਹਤ ਵਿਭਾਗ ਵੱਲੋਂ ਦੱਸਿਆ ਗਿਆ ਕਿ ਇਹ ਕਲੀਨਿਕ 29 ਨਵੰਬਰ 2025 ਤੱਕ ਲਗਾਤਾਰ ਚਾਲੂ ਰਹਿਣਗੇ ਤਾਂ ਜੋ ਹਰ ਆਏ ਹੋਏ ਸ਼ਰਧਾਲੂ ਨੂੰ ਜਰੂਰੀ ਸਿਹਤ ਸਹੂਲਤਾਂ ਤੁਰੰਤ ਮਿਲ ਸਕਣ। ਕਲੀਨਿਕਾਂ ਵਿੱਚ ਬੇਸਿਕ ਓ.ਪੀ.ਡੀ, ਬਲੱਡ ਪ੍ਰੈਸ਼ਰ, ਸ਼ੂਗਰ ਚੈਕਅੱਪ, ਫਸਟ ਏਡ, ਜਰੂਰੀ ਖ਼ੂਨ ਜਾਂਚ,ਦਵਾਈਆਂ ਦੀ ਸਹੂਲਤ, ਸਿਹਤ ਸਲਾਹ ਅਤੇ ਰੈਫ਼ਰਲ ਸੇਵਾਵਾਂ ਉਪਲਬਧ ਕੀਤੀਆਂ ਜਾ ਰਹੀਆਂ ਹਨ।ਸਿਵਲ ਸਰਜਨ ਰੂਪਨਗਰ ਡਾ. ਸੁਖਵਿੰਦਰਜੀਤ ਸਿੰਘ ਨੇ ਕਿਹਾ ਕਿ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਹੀਦੀ ਸਮਾਗਮ ਦੌਰਾਨ ਸੰਗਤ ਦੀ ਸਿਹਤ ਸੁਰੱਖਿਆ ਸਾਡੇ ਲਈ ਜ਼ਰੂਰੀ ਹੈ। ਆਮ ਆਦਮੀ ਕਲੀਨਿਕਾਂ ਨੂੰ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਕਿ ਹਰੇਕ ਵਿਅਕਤੀ ਨੂੰ ਤੁਰੰਤ ਅਤੇ ਵਧੀਆ ਸਿਹਤ ਸੇਵਾਵਾਂ ਮਿਲ ਸਕਣ।ਉਨ੍ਹਾਂ ਅਪੀਲ ਕਰਦਾ ਕਰਦਿਆਂ ਕਿਹਾ ਕਿ ਜੇ ਕਿਸੇ ਨੂੰ ਵੀ ਸਿਹਤ ਸੰਬੰਧੀ ਜ਼ਰੂਰਤ ਹੋਵੇ ਤਾਂ ਉਹ ਨੇੜਲੇ ਕਲੀਨਿਕ ਦੀ ਸੇਵਾ ਜ਼ਰੂਰ ਲੈਣ।ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸਿਹਤ ਵਿਭਾਗ ਦੇ ਅਧਿਕਾਰੀ / ਕਰਮਚਾਰੀ ਤਨਦੇਹੀ ਨਾਲ ਆਪਣੀਆਂ ਡਿਊਟੀਆਂ ਨਿਭਾਅ ਰਹੇ ਹਨ ਤਾਂ ਜੋ ਸਮਾਗਮ ਵਿੱਚ ਆਏ ਕਿਸੇ ਵੀ ਸ਼ਰਧਾਲੂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਨਾ ਆਵੇ।



# ਬੱਚਿਆਂ ਦੀ ਮਾਨਸਿਕ ਮਜ਼ਬੂਤੀ ਲਈ ਬਚਪਨ ਵਿੱਚ ਹੀ ਧਿਆਨ ਦੇਣ ਦੀ ਲੋੜ



ਪ੍ਰੋ: ਮਨਦੀਪ ਸਿੰਘ ਜੰਜੂਆਂ
99146-00690



ਅਜੋਕੇ ਸਮੇਂ ਦੇ ਜ਼ਿਆਦਾਤਰ ਬੱਚੇ ਮਾਨਸਿਕ ਬੋਝ, ਚਿੰਤਾਂ ਅਤੇ ਉਦਾਸੀ ਵਿੱਚ ਜ਼ਿੰਦਗੀ ਜਿਉਂਦੇ ਹਨ। ਉਹਨਾਂ ਦਾ ਬਚਪਨ ਧੁੰਆਖਿਆ ਜਿਹਾ ਲੱਗਦਾ ਹੈ। ਪੜ੍ਹਾਈ ਗਿਆਨ ਦਾ ਮਾਰਗ ਨਾ ਹੋਕੇ ਬੋਝ ਬਣਦੀ ਜਾ ਰਹੀ ਹੈ। ਬਹੁਤੇ ਨੰਬਰ ਲੈਣ ਦੀ ਚਾਹਤ ਮਾਪਿਆ ਦਾ ਏ-ਵਨ ਗ੍ਰੇਡ ਪ੍ਰਾਪਤ ਕਰਨ ਦਾ ਪ੍ਰੈਸ਼ਰ ਬੱਚਿਆਂ ਨੂੰ ਇਕੱਲਤਾ ਅਤੇ ਉਦਾਸੀ ਵਿੱਚ ਵੀ ਲੈ ਜਾਂਦਾ ਹੈ। ਲੋਕ-ਖੇਡਾਂ, ਰਿਸ਼ਤੇ ਨਾਤਿਆਂ ਦੇ ਨਿੱਘ ਅਤੇ ਮਾਨਵੀ ਮੂੱਲ ਗੁਆਚ ਗਏ ਪ੍ਰਤੀਤ ਹੁੰਦੇ ਹਨ। ਬਚਪਨ ਵਿੱਚ ਲੋਕ ਖੇਡਾਂ ਬੱਚਿਆਂ ਨੂੰ ਜ਼ਿੰਦਗੀ ਦੇ ਮੁੱਲਵਾਨ ਪਹਿਲੂਆਂ ਪ੍ਰਤਿ ਗਿਆਨ ਦਿੰਦੀਆਂ ਹਨ। ਬੱਚਿਆਂ ਦਾ ਇੱਕਠੇ ਮਿਲਕੇ ਖੇਡਣ ਨਾਲ ਮਾਨਸਿਕ ਵਿਕਾਸ ਹੁੰਦਾ ਹੈ ਅਤੇ ਉਹ ਇੱਕ ਦੂਸਰੇ ਦੀ ਭਾਵਨਾਂ ਨੂੰ ਸਮਝਦੇ ਹਨ ਇਸ ਨਾਲ ਸਰੀਰ ਵੀ ਨਰੋਆ ਬਣਦਾ ਹੈ। ਮਿੱਟੀ ਅਤੇ ਧੁੱਪ ਵਿੱਚ ਖੇਡਣ ਨਾਲ ਬੱਚਿਆਂ ਦੀ ਅੰਦਰੂਨੀ ਸ਼ਕਤੀ ਵੀ ਵੱਧਦੀ ਹੈ ਪਰ ਹੁਣ ਮੋਬਾਇਲ ਹੀ ਬੱਚਿਆਂ ਦਾ ਸੰਗੀ ਸਾਥੀ ਬਣ ਚੁੱਕਿਆ ਹੈ। ਬੇਲੋੜੀ ਮੋਬਾਇਲ ਦੀ ਵਰਤੋਂ ਨਾਲ ਬੱਚਿਆਂ ਦੇ ਮਨ ਉੱਤੇ ਬੁਰਾ ਪ੍ਰਭਾਵ ਪੈਂਦਾ ਹੈ ਤੇ ਉਹ ਆਪਣੀ ਦਿਸ਼ਾ ਤੋਂ ਵੀ ਭਟਕਦੇ ਹਨ। ਮੈਦਾਨ ਵਿੱਚ ਖੇਡਣ ਜਾਣ ਦੀ ਬਜਾਇ ਮੋਬਾਇਲ ਉੱਤੇ ਗੇਮਾਂ ਖੇਡ ਖੇਡ ਕੇ ਬੱਚਿਆਂ ਦਾ ਕਾਫੀ ਨੁਕਸਾਨ ਹੁੰਦਾ ਹੈ। ਕਈ ਬੱਚੇ ਬਚਪਨ ਵਿੱਚ ਹੀ ਅਸ਼ਲੀਲ ਸਾਇਟਾ ਖੋਲ ਕੇ ਦੇਖਣ ਦੇ ਆਦਿ ਬਣ ਚੁੱਕੇ ਹੁੰਦੇ ਹਨ ਜਿਸ ਨਾਲ ਉਨ੍ਹਾਂ ਦਾ ਮਨ ਪ੍ਰਦੂਸ਼ਤ ਹੁੰਦਾ ਹੈ ਉਹ ਜ਼ਿੰਦਗੀ ਦੇ ਅਸਲ ਰਸਤੇ ਤੋਂ ਭਟਕ ਜਾਂਦੇ ਹਨ। ਮੋਬਾਇਲ ਟੀ.ਵੀ. ਅਤੇ ਸੂਚਨਾਂ ਤਕਨੋਲਜੀ ਦੇ ਹੋਰ ਸਾਧਨ ਸੋਮਿਆਂ ਕਾਰਨ ਬੱਚਿਆਂ ਵਿੱਚ ਦਿਖਾਏ ਜਾ ਰਹੇ ਪਦਾਰਥਕ ਅਤੇ ਬਨਾਉਟੀ ਜ਼ਿੰਦਗੀ ਪ੍ਰਤਿ ਖਿੱਚ ਪੈਦਾ ਹੁੰਦੀ ਹੈ। ਜ਼ੋ ਸਾਡੇ ਅਸਲ ਵਿਰਸੇ ਤੋਂ ਕੋਹਾਂ ਦੂਰ ਹੈ। ਬੱਚਿਆਂ ਦਾ ਘਰਾਂ ਵਿੱਚ ਆਪਣੇ ਮਾਪਿਆਂ ਨਾਲ ਕੰਮ ਵਿੱਚ ਹੱਥ ਵਟਾਉਣ ਦਾ ਰੁਝਾਨ ਘਟਿਆ ਹੈ। ਰਿਸ਼ਤੇ ਨਾਤਿਆਂ ਦੀ ਕਦਰ, ਮਿੱਟੀ ਦੇ ਮੋਹ ਅਤੇ ਦੇਸ਼ ਪਿਆਰ ਦੀ ਭਾਵਨਾਂ ਵਿੱਚ ਕਮੀ ਆਈ ਹੈ। ਬਚਪਨ ਵਿੱਚ ਹੀ ਸਿਖਾਇਆ ਜਾ ਰਿਹਾ ਕਿ ਤੁਸੀਂ ਆਈਲੈਟਸ ਕਰਕੇ ਵਿਦੇਸ਼ ਜਾਣਾ ਹੈ।

ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੈ। ਪਰ ਜਿਸ ਤਰ੍ਹਾਂ ਨੌਜਵਾਨ ਵਰਗ ਵਿਦੇਸ਼ ਜਾ ਰਿਹਾ ਹੈ ਉਸ ਤੋਂ ਲੱਗਦਾ ਹੈ ਕਿ ਨੌਜਵਾਨਾਂ ਦਾ ਖੇਤੀਬਾੜੀ ਬਿਜ਼ਨਸ ਜਾ ਹੋਰ ਕੰਮ ਪ੍ਰਤੀ ਹੁਣ ਕੋਈ ਧਿਆਨ ਨਹੀਂ ਰਿਹਾ ਸ਼ਾਇਦ ਸਮੇਂ ਦੀਆਂ ਸਰਕਾਰਾਂ ਨੇ ਇਸ ਤਰ੍ਹਾਂ ਦਾ ਮਾਹੌਲ ਬਣਾਇਆ ਹੀ ਨਹੀਂ ਕਿ ਸਾਡੇ ਬੱਚੇ ਪੰਜਾਬ ਵਿੱਚ ਹੀ ਰਹਿਣ। ਬੱਚਿਆਂ ਦੇ ਮਨ ਨੂੰ ਸਮੇਂ ਦਾ ਵਾਤਾਵਰਨ, ਮਾਹੌਲ, ਪਰਿਵਾਰ, ਸਕੂਲ ਅਤੇ ਸੰਚਾਰ ਸਾਧਨਾਂ ਨੇ ਪ੍ਰਭਾਵਤ ਕਰਨਾ ਹੁੰਦਾ ਹੈ। ਪੜ੍ਹਾਈ ਅੰਕਾਂ ਦੀ ਖੇਡ ਬਣ ਕੇ ਰਹਿ ਗਈ ਲੱਗਦੀ ਹੈ ਜਿਸ ਵਿੱਚ ਜ਼ਿੰਦਗੀ ਦੇ ਮੁਲਵਾਨ ਗਿਆਨ ਦੀ ਕਮੀ ਆ ਰਹੀ ਹੈ। ਵਿਦਿਆਰਥੀ ਵਿਸ਼ਵੀਕਰਨ ਦੇ ਦੌਰ ਵਿੱਚ ਮਸ਼ੀਨ ਦਾ ਯੰਤਰਿਕ ਪੁਰਜਾ ਬਣਦੇ ਜਾ ਰਹੇ ਹਨ। ਜਿੱਥੇ ਮੋਹ-ਮੁਹਬਤ, ਅਪਣੱਤ ਹਮਦਰਦੀ ਸਹਾਇਤਾ, ਜ਼ਿੰਦਗੀ ਦੇ ਪ੍ਰਮੁੱਖ ਪਹਿਲੂ ਘਟਦੇ ਜਾ ਰਹੇ ਹਨ। ਪਹਿਲੇ ਸਮਿਆਂ ਵਿੱਚ ਬੱਚਿਆਂ ਨੂੰ ਸੁਰੂਆਤ ਵਿੱਚ ਹੀ ਤਕੜਾ ਬਣਾਉਣ ਲਈ ਕਿਰਤ ਕਰਨ ਵੱਲ ਲਗਾਇਆ ਜਾਂਦਾ ਸੀ। ਉਹ ਖੁੱਲ ਕੇ ਬਚਪਨ ਨੂੰ ਮਾਣਦੇ ਸਨ ਦੇਸੀ ਖੁਰਾਕਾਂ, ਖੇਤਾਂ ਵਿੱਚ ਦੌੜਾਂ, ਦਰੱਖਤਾਂ ਤੇ ਚੜ੍ਹਨਾਂ, ਮੱਝਾਂ ਤੇ ਸਵਾਰੀ ਕਰਨੀ ਉਨ੍ਹਾਂ ਦਾ ਆਪਣਾ ਹੀ ਚਾਅ ਹੁੰਦਾ ਸੀ। ਬੱਚਿਆਂ ਵਿੱਚ ਸਾਦਗੀ ਅਤੇ ਸਲੀਕਾ ਭਰਪੂਰ ਮਾਤਰਾ ਵਿੱਚ ਸੀ। ਅੱਜ ਦੇ ਮਾਹੌਲ ਵਿੱਚ ਬੱਚਿਆਂ ਨੂੰ ਵਿਸ਼ੇਸ ਧਿਆਨ ਦੀ ਲੋੜ ਹੈ। ਸਕੂਲ ਵਿੱਚ ਪੜ੍ਹਾਈ ਦੇ ਨਾਲ-ਨਾਲ ਨੈਤਿਕ ਕਦਰਾਂ ਕੀਮਤਾਂ ਦਾ ਪਾਠ ਪੜ੍ਹਾਉਣਾ ਵੀ ਜ਼ਰੂਰੀ ਹੈ। ਹਰ ਇੱਕ ਬੱਚਾ ਪੜ੍ਹਾਈ ਵਿੱਚ ਬਹੁਤ ਚੰਗਾ ਨਹੀਂ ਹੋ ਸਕਦਾ ਪਰ ਉਸ ਵਿੱਚ ਖੇਡ ਅਤੇ ਸੱਭਿਆਚਾਰ ਖੇਤਰ ਸੰਬੰਧਿਤ ਗੁਣ ਜ਼ਰੂਰ ਹੋਣਗੇ ਜਿੱਥੇ ਉਹ ਚੰਗੀਆਂ ਮੱਲਾਂ ਮਾਰ ਸਕਦਾ। ਕਹਿਣ ਤੋਂ ਭਾਵ ਕਿ ਬੱਚਿਆਂ ਦੀ ਯੋਗਤਾ ਅਤੇ ਕਾਬਲੀਅਤ ਮੁਤਾਬਿਕ ਉਨ੍ਹਾਂ ਦੇ ਮਨ ਦੇ ਖੇਤਰ ਵੱਲ ਹੀ ਭੇਜਿਆ ਜਾਵੇ। ਕਈ ਵਾਰੀ ਮਾਪੇ ਆਪਣੇ ਬੱਚਿਆਂ ਨੂੰ ਜਬਰਦਸਤੀ ਡਾਕਟਰ ਜਾਂ ਇੰਜੀਨੀਅਰ ਬਣਾਉਣ ਦਾ ਠੱਪਾ ਲਾਉਂਦੇ ਹਨ ਇਹ ਠੀਕ ਨਹੀਂ ਹੈ ਹਰ ਇੱਕ ਸਕੂਲ ਕਾਲਜ ਵਿੱਚ ਸਾਇਕੋਲਿਜੀ ਦਾ ਆਧਿਆਪਕ ਹੋਣਾ ਜ਼ਰੂਰੀ ਹੈ ਤਾਂ ਜੋ ਉਹ ਬੱਚਿਆਂ ਦੀਆਂ ਮਾਨਸਿਕ ਸਮੱਸਿਆਂ ਨੂੰ ਜਾਣ ਸਕੇ ਕਈ ਵਾਰ ਬੱਚੇ ਡਿਪਰੇਸ਼ਨ ਵਿੱਚ ਜਾਂਦੇ ਹਨ ਤਾਂ ਇਸਨੂੰ ਅੰਧ-ਵਿਸ਼ਵਾਸੀ ਗੱਲਾਂ ਤੋਂ ਦੂਰ ਕਰਕੇ ਇਸ ਨੂੰ ਇੱਕ ਬੀਮਾਰੀ ਵੱਜੋਂ ਦੇਖਦੇ ਹੋਏ ਚੰਗੇ ਡਾਕਟਰ ਕੋਲ ਇਲਾਜ ਕਰਵਾਉਣਾ ਚਾਹੀਦਾ ਹੈ ਇੱਕ ਜਨੈਟਿਕ ਜਾਂ ਕਿਸੀ ਹੋਰ ਕਾਰਨ ਕਰਕੇ ਵੀ ਹੋ ਸਕਦੀ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਆਪਣੇ ਬੱਚਿਆਂ ਨੂੰ ਬਚਪਨ ਵਿੱਚ ਹੀ ਮਜ਼ਬੂਤ ਕਰਨ ਲਈ ਪੋਜਟਿਵ ਸੋਚ ਅਪਣਾਉਣ ਅਤੇ ਹਰ ਸਮੱਸਿਆ ਤੋਂ ਡਰਨ ਦੀ ਬਜਾਏ ਤਕੜੇ ਹੋ ਕੇ ਹੱਲ ਕਰਨ ਦੀ ਪ੍ਰੇਰਨਾ ਦੇਣ ਮਾਪਿਆ ਦਾ ਆਪਣੇ ਬੱਚਿਆਂ ਨਾਲ ਸਮਾਂ ਬਤੀਤ ਕਰਨਾ ਜ਼ਰੂਰੀ ਹੈ ਬੱਚਿਆਂ ਵਿੱਚ ਵੱਧ ਰਹੀ ਫਾਸਟ ਫੂਡ ਦੀ ਆਦਤ ਘਟਾ ਕੇ ਫਲਾਂ ਸਬਜੀਆਂ ਨੂੰ ਭੋਜਨ ਵਿੱਚ ਸ਼ਾਮਿਲ ਕਰਨ ਦੀ ਸਿੱਖਿਆ ਦੇਣੀ ਚਾਹੀਦੀ ਹੈ। 14 ਤੋਂ 18 ਸਾਲ ਦਾ ਸਮਾਂ ਬੱਚਿਆਂ ਵਿੱਚ ਹਾਰਮੋਨ ਤਬਦੀਲੀ ਦਾ ਹੁੰਦਾ ਹੈ ਇਸ ਸਮੇਂ ਖਾਸ ਧਿਆਨ ਰੱਖਣ ਦੀ ਲੋੜ ਹੁੰਦੀ ਹੈ ਲੜਕੇ ਲੜਕੀਆਂ ਇੱਕ ਦੂਸਰੇ ਪ੍ਰਤੀ ਆਕਰਸ਼ਤ ਹੋ ਜਾਂਦੇ ਹਨ ਮੋਬਾਇਲ ਦੇ ਯੁੱਗ ਵਿੱਚ ਆਪਣਾ ਕੀਮਤੀ ਸਮਾਂ ਚੈਟਿੰਗ ਤੇ ਗੱਲਬਾਤ ਵਿੱਚ ਲੰਘਾ ਦਿੰਦੇ ਹਨ। ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਚੰਗੇ ਮਾਰਗ ਵੱਲ ਜਾਣ ਦੀ ਸੋਚ ਪ੍ਰਭਾਵਿਤ ਹੁੰਦੀ ਹੈ ਪੜ੍ਹਨ ਜਾਂ ਹੋਰ ਕੰਮਾਂ ਵਿੱਚ ਮਨ ਨਹੀਂ ਲੱਗਦਾ ਸੁਭਾਅ ਚਿੜਚੜਾ ਹੋ ਜਾਂਦਾ ਹੈ ਤੇ ਉਨ੍ਹਾਂ ਦੀ ਕੋਸ਼ਿਸ਼ ਮੋਬਾਇਲ ਤੇ ਗੱਲਬਾਤ ਜਾਂ ਚੈਟਿੰਗ ਦੀ ਹੀ ਹੁੰਦੀ ਹੈ ਕਈ ਵਾਰ ਤਾਂ ਲਿਮਟ ਕਰੋਸ ਕਰਕੇ ਸਰੀਰਕ ਸੰਬੰਧ ਬਣਾਉਣ ਦੀ ਕੋਸ਼ਿਸ਼ ਵੀ ਕਰਦੇ ਹਨ ਅਜਿਹੀ ਸਥਿਤੀ ਵਿੱਚ ਮਾਪੇ ਅਤੇ ਅਧਿਆਪਕ ਦਾ ਅਹਿਮ ਰੋਲ ਹੁੰਦਾ ਹੈ। ਬੱਚਿਆਂ ਦੀ ਐਨਰਜੀ ਨੂੰ ਸਹੀ ਦਿਸ਼ਾ ਵੱਲ ਲਗਾਉਣਾ ਬਹੁਤ ਜ਼ਰੂਰੀ ਹੈ। ਸਕੂਲ ਵਿੱਚ ਪੜ੍ਹਾਈ ਦੇ ਨਾਲ ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਪ੍ਰਤੀ ਪੂਰਾ ਧਿਆਨ ਦੇਣਾ ਬਣਦਾ ਹੈ।

ਬੱਚਿਆਂ ਦੇ ਮਨ ਨੂੰ ਸ਼ਾਂਤ ਰੱਖਣ ਲਈ ਅਧਿਆਤਮਕ ਗਿਆਨ ਜ਼ਰੂਰੀ ਹੈ। ਤਾਂ ਕਿ ਬੱਚੇ ਨੂੰ ਧਰਮ ਦੇ ਅਸਲ ਫ਼ਲਸਫ਼ੇ ਦਾ ਪਤਾ ਹੋਵੇ ਹੈ। ਪਾਖੰਡੀ ਅੰਡਬਰੀ ਰੀਤਾਂ ਰਸਮਾਂ ਦੀ ਲੋੜ ਨਹੀਂ ਪੰਜਾਬ ਦੇ ਗੌਰਵ ਮਈ ਵਿਰਸੇ, ਦਿੱਤੀਆਂ ਕੁਰਬਾਨੀਆਂ ਦੇਸ਼ ਪਿਆਰ ਮਿਹਨਤੀ-ਸੁਭਾਅ, ਭਾਈਚਾਰਾ ਰਿਸ਼ਤੇਨਾਤੇ, ਲੋਕ-ਨਾਚ, ਲੋਕ ਖੇਡਾਂ, ਲੋਕ-ਪਹਿਰਾਵਾ, ਜਦੋਂ ਬੱਚਿਆਂ ਦੇ ਮਨ ਵਿੱਚ ਬਿੰਬ ਬਣਕੇ ਉਤਰੇਗਾ ਤਾਂ ਜ਼ਰੂਰ ਚੰਗੇ ਨਤੀਜੇ ਆਉਣਗੇ ਸਾਨੂੰ ਸਾਰਿਆਂ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਲੋੜ ਹੈ।





# ਘੱਟ ਬਜਟ ਵਿੱਚ ਘਰ ਨੂੰ ਸਮਾਰਟ ਲੁੱਕ ਦਿਓ

ਘਰ ਦੀ ਸਜਾਵਟ ਦੇ ਵਿਚਾਰ: ਹਰ ਕੋਈ ਚਾਹੁੰਦਾ ਹੈ ਕਿ ਉਸ ਦਾ ਘਰ ਬਹੁਤ ਸੁੰਦਰ ਲੱਗੇ। ਲੋਕ ਆਪਣੇ ਘਰ ਨੂੰ ਸਜਾਉਣ ਲਈ ਕਿੰਨਾ ਪੈਸਾ ਖਰਚ ਕਰਦੇ ਹਨ, ਜਦੋਂ ਕਿ ਬਹੁਤ ਸਾਰੇ ਲੋਕ ਘੱਟ ਬਜਟ ਕਾਰਨ ਆਪਣੇ ਘਰ ਦਾ ਮੇਕਓਵਰ ਨਹੀਂ ਕਰ ਪਾਉਂਦੇ ਹਨ। ਪਰ ਅੱਜ ਇਹ ਲੇਖ ਤੁਹਾਨੂੰ ਘਰ ਨੂੰ ਸਜਾਉਣ ਲਈ ਬਜਟ ਅਨੁਕੂਲ ਵਿਚਾਰ ਦੱਸੇਗਾ। ਜਿਸ ਨਾਲ ਤੁਸੀਂ ਆਪਣੇ ਘਰ ਨੂੰ ਸਮਾਰਟ ਲੁੱਕ ਦੇ ਸਕਦੇ ਹੋ।

## ਬੈੱਡਰੂਮ ਦੀ ਦਿੱਖ ਬਦਲੋ

ਜੇ ਤੁਸੀਂ ਚਾਹੋ, ਤਾਂ ਤੁਸੀਂ ਬੈੱਡ ਦੇ ਆਲੇ-ਦੁਆਲੇ ਛੱਤ ਪਾ ਸਕਦੇ ਹੋ ਅਤੇ ਇਸ ਨੂੰ ਛੋਟੀਆਂ ਪਰੀ ਲਾਈਟਾਂ ਨਾਲ ਸਜਾ ਸਕਦੇ ਹੋ। ਤੁਸੀਂ ਬੈੱਡਰੂਮ ਦੇ ਪਰਦਿਆਂ ਦਾ ਰੰਗ ਜਾਂ ਫੈਬਰਿਕ ਵੀ ਬਦਲ ਸਕਦੇ ਹੋ। ਅਜਿਹਾ ਕਰਨ ਨਾਲ ਤੁਹਾਡੇ ਬੈੱਡਰੂਮ ਨੂੰ ਨਵਾਂ ਰੂਪ ਮਿਲ ਸਕਦਾ ਹੈ।

## ਕੰਧ ਕਲਾ ਦੀ ਚੋਣ ਕਰੋ

ਅੱਜ ਕੱਲ੍ਹ ਘਰ ਦੀ ਸਜਾਵਟ ਲਈ ਕੰਧ ਕਲਾ ਦਾ ਰੁਝਾਨ ਹੈ। ਜੇਕਰ ਤੁਸੀਂ ਖੁਦ ਪੇਂਟਿੰਗ ਕਰਨਾ ਪਸੰਦ ਕਰਦੇ ਹੋ, ਤਾਂ ਤੁਸੀਂ ਆਪਣੀ ਪੇਂਟਿੰਗ ਨੂੰ ਫਰੇਮ ਕਰਕੇ ਘਰ ਦੀਆਂ ਕੰਧਾਂ 'ਤੇ ਲਗਾ ਸਕਦੇ ਹੋ। ਅੱਜਕੱਲ੍ਹ ਵਾਲ ਆਰਟ ਵੀ ਬਾਜ਼ਾਰ 'ਚ ਸਸਤੇ ਭਾਅ 'ਤੇ ਉਪਲਬਧ ਹੈ, ਤੁਸੀਂ ਇਨ੍ਹਾਂ ਨੂੰ ਘਰ ਦੀ ਸਜਾਵਟ ਲਈ ਵੀ ਖਰੀਦ ਸਕਦੇ ਹੋ।

## ਪੁਰਾਣਾ ਫਰਨੀਚਰ

ਜੇਕਰ ਤੁਹਾਡੇ ਕੋਲ ਨਵਾਂ ਫਰਨੀਚਰ ਖਰੀਦਣ ਦਾ ਬਜਟ ਨਹੀਂ ਹੈ ਤਾਂ ਤੁਸੀਂ ਪੁਰਾਣੇ ਫਰਨੀਚਰ ਨਾਲ ਵੀ ਘਰ ਨੂੰ ਨਵੀਂ ਦਿੱਖ ਦੇ ਸਕਦੇ ਹੋ। ਇਸ ਦੇ ਲਈ ਤੁਸੀਂ ਪੁਰਾਣੇ ਫਰਨੀਚਰ 'ਤੇ ਨਵਾਂ ਪੇਂਟ ਲਗਾ ਸਕਦੇ ਹੋ, ਜਿਸ ਨਾਲ ਉਨ੍ਹਾਂ ਦੀ ਦਿੱਖ ਪੂਰੀ ਤਰ੍ਹਾਂ ਬਦਲ ਜਾਵੇਗੀ ਅਤੇ ਘਰ ਦੀ ਖੂਬਸੂਰਤੀ ਵੀ ਵਧੇਗੀ।

## ਸ਼ੀਸ਼ੇ ਨਾਲ ਘਰ ਨੂੰ ਆਧੁਨਿਕ ਦਿੱਖ ਦਿਓ

ਤੁਸੀਂ ਘਰੇਲੂ ਮੇਕਓਵਰ ਕਰਨ ਲਈ ਸ਼ੀਸ਼ੇ ਦੀ ਚੋਣ ਕਰ ਸਕਦੇ ਹੋ। ਇਸ ਦੇ ਲਈ ਤੁਸੀਂ ਲਿਵਿੰਗ ਏਰੀਆ 'ਚ ਚਮਕਦਾਰ ਜਾਂ ਹਲਕੇ ਰੰਗ ਦਾ ਸਟਾਈਲਿਸ਼ ਸ਼ੀਸ਼ਾ ਲਗਾ ਸਕਦੇ ਹੋ। ਤੁਸੀਂ ਚਾਹੋ ਤਾਂ ਸ਼ੀਸ਼ੇ ਨਾਲ ਵਾਰਡਰੋਬ ਵੀ ਲੈ ਸਕਦੇ ਹੋ। ਤੁਸੀਂ ਇਸ ਵਿਚ ਚੀਜ਼ਾਂ ਰੱਖ ਸਕਦੇ ਹੋ ਅਤੇ ਘਰ ਦੀ ਸਜਾਵਟ ਵਿਚ ਵੀ ਲਾਭਦਾਇਕ ਹੋ ਸਕਦੇ ਹੋ।



## ਸੋਫਾ ਕੁਸ਼ਨ ਬਦਲੋ

ਸਰਦੀਆਂ ਦੇ ਮੌਸਮ ਨੇ ਦਸਤਕ ਦੇ ਦਿੱਤੀ ਹੈ, ਇਸ ਲਈ ਤੁਸੀਂ ਸੋਫੇ ਲਈ ਫਰ ਕੁਸ਼ਨ ਲੈ ਸਕਦੇ ਹੋ। ਇਹ ਤੁਹਾਡੇ ਸੋਫੇ ਨੂੰ ਨਵਾਂ ਰੂਪ ਦੇਵੇਗਾ ਅਤੇ ਘਰ ਦੀ ਸੁੰਦਰਤਾ ਨੂੰ ਵਧਾਏਗਾ।

## ਲਾਈਟਾਂ ਨਾਲ ਘਰ ਨੂੰ ਕੂਲ ਲੁੱਕ ਦਿਓ

ਤੁਸੀਂ ਆਪਣੇ ਘਰ ਦੀਆਂ ਲਾਈਟਾਂ ਨੂੰ ਬਦਲ ਕੇ ਨਵਾਂ ਰੂਪ ਦੇ ਸਕਦੇ ਹੋ। ਇਸਦੇ ਲਈ ਤੁਸੀਂ ਘਰ ਵਿੱਚ ਹੈਂਗਿੰਗ ਲਾਈਟਾਂ ਦੀ ਵਰਤੋਂ ਕਰ ਸਕਦੇ ਹੋ। ਬਜ਼ਾਰ ਵਿੱਚ ਇੱਕ ਤੋਂ ਵੱਧ ਇੱਕ ਲੈਂਪ ਹੈਂਗਿੰਗ ਲਾਈਟਾਂ ਉਪਲਬਧ ਹਨ, ਜੋ ਤੁਹਾਡੇ ਘਰ ਦੀ ਸੁੰਦਰਤਾ ਵਿੱਚ ਵਾਧਾ ਕਰਨਗੀਆਂ।

---

ਕੁਰਸੀ ਤੇ ਬੈਠੇ ਬਜ਼ੁਰਗ ਤੁਰਕੀ ਨਾਗਰਿਕ ਦਾ ਕਹਿਣਾ ਹੈ ਕਿ ਮਕਾਨ ਮਾਲਕ ਨੇ ਕਿਰਾਇਆ ਵਧਾ ਦਿੱਤਾ ਸੀ ਅਤੇ ਮੇਰੇ ਕੋਲ ਇਕਦਮ ਗੁੰਜਾਇਸ਼ ਨਹੀਂ ਸੀ ਇਸ ਲਈ ਮੈਨੂੰ ਤਿੰਨ ਦਿਨ ਪਹਿਲਾਂ ਹੀ ਮਾਲਕ ਜਿਸ ਦੇ 5 ਘਰ ਸਨ ਨੇ ਮੈਨੂੰ ਘਰੋਂ ਕੱਢ ਦਿੱਤਾ ਸੀ , ਪਰ ਉਸ ਰਾਤ ਆਏ ਭੁਚਾਲ ਤੋਂ ਬਾਅਦ ਸਭ ਕੁਝ ਬਦਲ ਗਿਆ ਅਤੇ ਅੱਜ ਮੈਂ ਅਤੇ ਮਕਾਨ ਮਾਲਕ ਦੋਨੋਂ ਇਕੋ ਹੀ ਤੰਬੂ ਵਿੱਚ ਹਾਂ । ਖੇਡ ਕੁੱਝ ਸੈਕਿੰਡ ਦੀ ਹੈ ਵਕਤ ਬਦਲਦਿਆਂ ਦੇਰ ਨਹੀਂ.. ਇਸ ਲਈ ਹੰਕਾਰ ਛੱਡੋ ਅਤੇ ਮਿਲੀਆ ਦਾਤਾ ਲਈ ਵਾਹਿਗੁਰੂ ਦਾ ਹਰ ਸਮੇਂ ਸ਼ੁਕਰਾਨਾ ਕਰੋ




---

# 5000 ਸਾਲ ਪੁਰਾਣਾ ਹੈ ਲਿਪਸਟਿਕ ਦਾ ਇਤਿਹਾਸ

ਰੂਹੀ ਪਰਵੇਜ਼



ਲਿਪਸਟਿਕ ਦਾ ਇਤਿਹਾਸ ਸਦੀਆਂ ਪੁਰਾਣਾ ਹੈ। ਅੱਜ-ਕੱਲ੍ਹ ਬਜ਼ਾਰ ਵਿੱਚ ਉਪਲਬਧ ਲਿਪਸਟਿਕ ਦੇ ਫਾਰਮੂਲੇ ਭਾਵੇਂ ਨਵੇਂ ਹੋਣ, ਪਰ ਮੇਕਅਪ ਦੀ ਦੁਨੀਆ ਵਿੱਚ ਇਹ ਨਵੇਂ ਨਹੀਂ ਹਨ। ਲਿਪਸਟਿਕ ਦੀ ਖੋਜ ਹਜ਼ਾਰਾਂ ਸਾਲ ਪਹਿਲਾਂ ਹੋਈ ਸੀ ਅਤੇ ਅੱਜ ਇਹ ਇਸ ਹੱਦ ਤੱਕ ਪਹੁੰਚ ਗਈ ਹੈ ਕਿ ਅਸੀਂ ਇਸਨੂੰ ਆਪਣੀ ਸਕਿਨ ਟੋਨ ਅਤੇ ਆਪਣੀ ਪਸੰਦ ਦੇ ਰੰਗ ਦੇ ਹਿਸਾਬ ਨਾਲ ਖਰੀਦ ਸਕਦੇ ਹਾਂ। ਅੱਜ-ਕੱਲ੍ਹ ਲਿਪਸਟਿਕ ਤੁਹਾਡੇ ਬੁੱਲ੍ਹਾਂ ਨੂੰ ਸਿਹਤਮੰਦ ਰੱਖਣ ਅਤੇ ਖੁਸ਼ਕ ਨਾ ਹੋਣ ਲਈ ਕਈ ਫਲ, ਤੇਲ ਅਤੇ ਫਲੇਵਰ ਦੀ ਵਰਤੋਂ ਕਰਦੀ ਹੈ।ਇਸ ਦੇ ਨਾਲ ਹੀ ਤੁਹਾਨੂੰ ਬਜ਼ਾਰ ਵਿੱਚ ਬੋਲਡ ਲਾਲ ਰੰਗ ਤੋਂ ਲੈ ਕੇ ਨਿਊਟਰਲ ਕਲਰ ਤੱਕ ਲਿਪਸਟਿਕ ਦੇ ਕਈ ਸ਼ੇਡਸ ਮਿਲਣਗੇ। ਇੱਥੋਂ ਤੱਕ ਕਿ ਮੈਟ ਤੋਂ ਚਮਕਦਾਰ ਤੱਕ ਅਤੇ ਪਤਾ ਨਹੀਂ ਕਿੰਨੀਆਂ ਕਿਸਮਾਂ ਮਿਲਣਗੀਆਂ, ਜੋ ਤੁਹਾਡੀ ਚਮੜੀ ਦੇ ਟੋਨ ਦੇ ਨਾਲ ਬਿਲਕੁਲ ਸਹੀ ਬੈਠਣਗੀਆਂ। ਅੱਜ ਅਸੀਂ ਤੁਹਾਨੂੰ ਦੱਸ ਰਹੇ ਹਾਂ ਕਿ ਕਿਵੇਂ ਲਿਪਸਟਿਕ ਮਨੁੱਖੀ ਜੀਵਨ ਵਿੱਚ ਆਈ ਅਤੇ ਇਸ ਦਾ ਇੱਕ ਹਿੱਸਾ ਬਣ ਗਈ।

ਲਿਪਸਟਿਕ ਦਾ ਦਿਲਚਸਪ ਇਤਿਹਾਸ

ਲਿਪਸਟਿਕ ਹਮੇਸ਼ਾ ਹੀ ਔਰਤਾਂ ਦੇ ਸ਼ਿੰਗਾਰ ਦਾ ਹਿੱਸਾ ਰਹੀ ਹੈ। ਹਜ਼ਾਰਾਂ ਸਾਲ ਪੁਰਾਣੀ ਸਭਿਅਤਾ ਵਿਚ ਵੀ ਔਰਤਾਂ ਆਪਣੇ ਬੁੱਲ੍ਹਾਂ 'ਤੇ ਰੰਗਾਂ ਦੀ ਵਰਤੋਂ ਕਰਦੀਆਂ ਸਨ। ਇਤਿਹਾਸ ਵਿੱਚ ਅਜਿਹੇ ਕਈ ਸਬੂਤ ਹਨ, ਜੋ ਸਾਬਤ ਕਰਦੇ ਹਨ ਕਿ ਲਿਪਸਟਿਕ ਲਗਾਉਣ ਦੀ ਪ੍ਰਥਾ ਪੰਜ ਹਜ਼ਾਰ ਸਾਲ ਪੁਰਾਣੀ ਹੈ। ਉਸ ਸਮੇਂ, ਫੁੱਲਾਂ ਤੋਂ ਕੀਮਤੀ ਪੱਥਰਾਂ ਤੱਕ ਹਰ ਚੀਜ਼ ਨੂੰ ਪੀਸਿਆ ਜਾਂਦਾ ਸੀ ਅਤੇ ਇੱਕ ਪੇਸਟ ਤਿਆਰ ਕਰਕੇ ਲਾਗੂ ਕੀਤਾ ਜਾਂਦਾ ਸੀ।

5 ਹਜ਼ਾਰ ਸਾਲ ਪੁਰਾਣੀ ਸਭਿਅਤਾ

ਹਜ਼ਾਰਾਂ ਸਾਲ ਪਹਿਲਾਂ, ਮੇਕਅਪ ਨੂੰ ਸਟੇਟਸ ਸਿੰਬਲ ਮੰਨਿਆ ਜਾਂਦਾ ਸੀ ਅਤੇ ਮਰਦ ਅਤੇ ਔਰਤਾਂ ਦੋਵੇਂ ਮੇਕਅੱਪ ਦੀ ਵਰਤੋਂ ਕਰਦੇ ਸਨ। ਮੇਕਅੱਪ ਦਿੱਖ ਦੇ ਨਾਲ-ਨਾਲ ਦਵਾਈ ਦਾ ਕੰਮ ਕਰਦਾ ਸੀ। ਸੁਮੇਰੀਅਨ ਸਭਿਅਤਾ ਦੇ ਲੋਕਾਂ ਨੂੰ ਲਿਪਸਟਿਕ ਦੇ ਸਭ ਤੋਂ ਪੁਰਾਣੇ ਉਪਭੋਗਤਾ ਹੋਣ ਦਾ ਸਿਹਰਾ ਦਿੱਤਾ ਜਾ ਸਕਦਾ ਹੈ। ਉਸ ਸਮੇਂ ਇਹ ਕੁਦਰਤੀ ਚੀਜ਼ਾਂ ਜਿਵੇਂ ਫਲ, ਮਹਿੰਦੀ, ਮਿੱਟੀ ਅਤੇ ਕੀੜਿਆਂ ਤੋਂ ਤਿਆਰ ਕੀਤਾ ਜਾਂਦਾ ਸੀ। ਮੇਸੋਪੋਟੇਮੀਆ ਦੀਆਂ ਔਰਤਾਂ ਇਸ ਮਾਮਲੇ ਵਿਚ ਕੁਝ ਜ਼ਿਆਦਾ ਹੀ ਉੱਨਤ ਸਨ। ਉਹ ਆਪਣੇ ਬੁੱਲ੍ਹਾਂ ਨੂੰ ਰੰਗ ਅਤੇ ਚਮਕ ਦੇਣ ਲਈ ਜ਼ਮੀਨ ਤੋਂ ਲੱਭੇ ਕੀਮਤੀ ਗਹਿਣਿਆਂ ਦੀ ਵਰਤੋਂ ਵੀ ਕਰੇਗੀ।

ਮਿਸਰੀ ਸ਼ਾਇਦ ਲਿਪਸਟਿਕ ਦੇ ਪਹਿਲੇ ਸੱਚੇ ਪ੍ਰੇਮੀ ਸਨ। ਇਹ ਇਸ ਲਈ ਹੈ ਕਿਉਂਕਿ ਉਹ ਲਾਲ ਤੋਂ ਅੱਗੇ ਵਧੇ ਅਤੇ ਜਾਮਨੀ ਅਤੇ ਕਾਲੇ ਰੰਗਾਂ ਵਿੱਚ ਲਿਪਸਟਿਕ ਦੀ ਖੋਜ ਕੀਤੀ। ਉਸ ਦੀ ਪਸੰਦ ਦੇ ਸਮਾਨ ਰੰਗ ਸਨ. ਉਨ੍ਹਾਂ ਨੇ ਇਸ ਲਈ ਭੇਡਾਂ ਦਾ ਪਸੀਨਾ, ਮਗਰਮੱਛ ਦੇ ਮਲ-ਮੂਤਰ ਅਤੇ ਕਈ ਕੀੜੇ-ਮਕੌੜਿਆਂ ਦੀ ਵਰਤੋਂ ਕੀਤੀ। ਹਾਲਾਂਕਿ, ਮਿਸਰੀ ਲੋਕਾਂ ਨੇ ਲੀਡ ਅਤੇ ਬ੍ਰੋਮਾਈਨ ਮੈਨਨਾਈਟ ਅਤੇ ਆਇਓਡੀਨ ਵਰਗੇ ਨੁਕਸਾਨਦੇਹ ਪਦਾਰਥਾਂ ਦੀ ਵਰਤੋਂ ਵੀ ਕੀਤੀ, ਜੋ ਗੰਭੀਰ ਬਿਮਾਰੀਆਂ ਅਤੇ ਇੱਥੋਂ ਤੱਕ ਕਿ ਮੌਤ ਦਾ ਕਾਰਨ ਬਣ ਸਕਦੀ ਹੈ।

ਜਾਪਾਨ ਵਿੱਚ ਔਰਤਾਂ ਵੀ ਭਾਰੀ ਮੇਕਅੱਪ ਪਹਿਨਦੀਆਂ ਸਨ, ਜਿਸ ਵਿੱਚ ਤਾਰ ਅਤੇ ਮੋਮ ਦੀ ਬਣੀ ਗੂੜ੍ਹੀ ਲਿਪਸਟਿਕ ਸ਼ਾਮਲ ਸੀ।

ਯੂਨਾਨੀ ਸਾਮਰਾਜ ਉਹ ਸੀ ਜਿੱਥੇ ਲਿਪਸਟਿਕ ਦੀ ਵਰਤੋਂ ਵੇਸਵਾਗਮਨੀ ਨਾਲ ਜੁੜੀ ਹੋਈ ਸੀ ਅਤੇ ਵੇਸਵਾਵਾਂ ਨੂੰ ਕਾਨੂੰਨ ਦੁਆਰਾ ਆਪਣੇ ਬੁੱਲ੍ਹਾਂ ਨੂੰ ਕਾਲਾ ਰੰਗ ਦੇਣ ਦੀ ਲੋੜ ਸੀ।

9 ਈਸਵੀ ਵਿੱਚ, ਇੱਕ ਅਰਬ ਵਿਗਿਆਨੀ ਅਬੁਲਕਾਸਿਸ ਨੇ ਠੋਸ ਲਿਪਸਟਿਕ ਦੀ ਖੋਜ ਕੀਤੀ। ਉਸਨੇ ਸ਼ੁਰੂ ਵਿੱਚ ਅਤਰ ਨੂੰ ਲਗਾਉਣ ਲਈ ਇੱਕ ਸਟਾਕ ਬਣਾਇਆ ਜਿਸਨੂੰ ਫਿਰ ਇੱਕ ਉੱਲੀ ਵਿੱਚ ਦਬਾਇਆ ਜਾ ਸਕਦਾ ਸੀ।

ਭਾਰਤ ਦੀ ਗੱਲ ਕਰੀਏ ਤਾਂ ਪੁਰਾਣੇ ਜ਼ਮਾਨੇ ਵਿੱਚ ਇੱਥੇ ਬੁੱਲ੍ਹਾਂ ਨੂੰ ਰੰਗ ਦੇਣ ਲਈ ਸੁਪਾਰੀ ਦੇ ਪੱਤੇ ਚਬਾਏ ਜਾਂਦੇ ਸਨ। ਇਸ ਤੋਂ ਇਲਾਵਾ ਆਯੁਰਵੇਦ 'ਚ ਸੁੱਕੇ ਅਤੇ ਫਟੇ ਹੋਏ ਬੁੱਲ੍ਹਾਂ ਲਈ ਰਤਨਜੋਤ ਦੀਆਂ ਸੁੱਕੀਆਂ ਪੱਤੀਆਂ ਨੂੰ ਘਿਓ 'ਚ ਮਿਲਾ ਕੇ ਲਗਾਉਣ ਦੀ ਸਲਾਹ ਦਿੱਤੀ ਗਈ ਹੈ। ਅੱਜ ਵੀ ਦੇਸ਼ ਦੇ ਕਈ ਹਿੱਸਿਆਂ ਵਿੱਚ ਬੁੱਲ੍ਹਾਂ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਹੈ।

ਮੱਧ ਯੁੱਗ ਵਿੱਚ ਲਿਪਸਟਿਕ ਦਾ ਇਤਿਹਾਸ ਕਿਵੇਂ ਬਦਲਿਆ

ਈਸਾਈ ਧਰਮ ਦੇ ਫੈਲਣ ਅਤੇ ਮਜ਼ਬੂਤੀ ਨਾਲ, ਚਰਚ ਨੇ ਲਿਪਸਟਿਕ ਜਾਂ ਕਿਸੇ ਵੀ ਤਰ੍ਹਾਂ ਦੇ ਮੇਕਅਪ ਦੀ ਵਰਤੋਂ 'ਤੇ ਪਾਬੰਦੀ ਲਗਾ ਦਿੱਤੀ। ਲਾਲ ਬੁੱਲ੍ਹ ਸ਼ੈਤਾਨ ਅਤੇ ਔਰਤਾਂ ਨਾਲ ਜੁੜੇ ਹੋਏ ਸਨ ਜੋ ਲਾਲ ਬੁੱਲ੍ਹ ਪਹਿਨਦੇ ਸਨ।

ਵੇਸਵਾਵਾਂ ਤੋਂ ਇਲਾਵਾ ਕਿਸੇ ਵੀ ਔਰਤ ਨੇ ਲਿਪਸਟਿਕ ਨਹੀਂ ਲਗਾਈ ਸੀ। ਹਾਲਾਂਕਿ, ਉਸ ਸਮੇਂ ਦੌਰਾਨ ਲਿਪ ਬਾਮ ਪ੍ਰਸਿੱਧ ਸਨ ਅਤੇ ਬਹੁਤ ਸਾਰੀਆਂ ਔਰਤਾਂ ਇਸ ਵਿੱਚ ਥੋੜ੍ਹਾ ਜਿਹਾ ਰੰਗ ਪਾ ਕੇ ਇਸਨੂੰ ਆਪਣੇ ਬੁੱਲ੍ਹਾਂ 'ਤੇ ਲਗਾ ਲੈਂਦੀਆਂ ਸਨ। ਇਸ ਤੋਂ ਇਲਾਵਾ ਬੁੱਲ੍ਹਾਂ ਨੂੰ ਫਿੱਕਾ ਲਾਲ ਦਿਖਣ ਲਈ ਹਲਕੇ ਹੱਥਾਂ ਨਾਲ ਚਬਾਇਆ, ਕੱਟਿਆ ਜਾਂ ਮਾਰਿਆ ਗਿਆ।

ਲਿਪਸਟਿਕ 16ਵੀਂ ਸਦੀ ਵਿੱਚ ਵਾਪਸ ਆਈ

ਲਿਪਸਟਿਕ ਨੇ ਮਹਾਰਾਣੀ ਐਲਿਜ਼ਾਬੇਥ ਦੇ ਅਧੀਨ ਇੰਗਲੈਂਡ ਵਿੱਚ ਵਾਪਸੀ ਕੀਤੀ। ਰਾਣੀ ਨੇ ਖੁਦ ਲਿਪਸਟਿਕ ਪਹਿਨੀ ਅਤੇ ਚਿੱਟੀ ਚਮੜੀ ਦੇ ਨਾਲ ਲਾਲ ਬੁੱਲ੍ਹਾਂ ਨੂੰ ਪ੍ਰਸਿੱਧ ਕੀਤਾ। ਹਾਲਾਂਕਿ, ਇਸ ਸਮੇਂ ਦੌਰਾਨ, ਲਿਪਸਟਿਕ ਦੀ ਪਹੁੰਚ ਉੱਚ ਪਰਿਵਾਰਾਂ ਜਾਂ ਅਦਾਕਾਰਾਂ ਤੱਕ ਸੀਮਤ ਸੀ। ਇਸ ਤੋਂ ਬਾਅਦ ਲਗਭਗ ਅਗਲੀਆਂ ਤਿੰਨ ਸਦੀਆਂ ਤੱਕ ਲਿਪਸਟਿਕ ਸਿਰਫ ਅਦਾਕਾਰਾਂ ਅਤੇ ਵੇਸ਼ਵਾਵਾਂ ਤੱਕ ਪਹੁੰਚੀ।



1884 ਈ

ਫ੍ਰੈਂਚ ਪਰਫਿਊਮ ਕੰਪਨੀ Guerlain ਨੇ ਲਿਪਸਟਿਕ ਨੂੰ ਪਹਿਲੀ ਵਾਰ ਬਾਜ਼ਾਰ 'ਚ ਲਿਆਉਣ ਲਈ ਤਿਆਰ ਕੀਤਾ। ਉਨ੍ਹਾਂ ਦੀ ਲਿਪਸਟਿਕ ਹਿਰਨ ਦੀ ਚਰਬੀ, ਮੋਮ ਅਤੇ ਕੈਸਟਰ ਆਇਲ ਨੂੰ ਮਿਲਾ ਕੇ ਤਿਆਰ ਕੀਤੀ ਗਈ ਸੀ। ਜਿਸ ਨੂੰ ਬਾਅਦ ਵਿੱਚ ਰੇਸ਼ਮ ਦੇ ਕਾਗਜ਼ ਵਿੱਚ ਲਪੇਟ ਲਿਆ ਗਿਆ।

1915

ਮੌਰੀਸ ਲੇਵੀ ਨੂੰ ਸਿਲੰਡਰ ਪੈਕੇਜਿੰਗ ਦੀ ਖੋਜ ਕਰਨ ਦਾ ਸਿਹਰਾ ਦਿੱਤਾ ਜਾਂਦਾ ਹੈ ਜਿਸ ਵਿੱਚ ਅੱਜ ਲਿਪਸਟਿਕ ਆਉਂਦੀ ਹੈ।

> **ਹਜ਼ਾਰਾਂ ਸਾਲ ਪਹਿਲਾਂ, ਮੇਕਅਪ ਨੂੰ ਸਟੇਟਸ ਸਿੰਬਲ ਮੰਨਿਆ ਜਾਂਦਾ ਸੀ ਅਤੇ ਮਰਦ ਅਤੇ ਔਰਤਾਂ ਦੋਵੇਂ ਮੇਕਅੱਪ ਦੀ ਵਰਤੋਂ ਕਰਦੇ ਸਨ। ਮੇਕਅੱਪ ਦਿੱਖ ਦੇ ਨਾਲ-ਨਾਲ ਦਵਾਈ ਦਾ ਕੰਮ ਕਰਦਾ ਸੀ। ਸੁਮੇਰੀਅਨ ਸਭਿਅਤਾ ਦੇ ਲੋਕਾਂ ਨੂੰ ਲਿਪਸਟਿਕ ਦੇ ਸਭ ਤੋਂ ਪੁਰਾਣੇ ਉਪਭੋਗਤਾ ਹੋਣ ਦਾ ਸਿਹਰਾ ਦਿੱਤਾ ਜਾ ਸਕਦਾ ਹੈ। ਉਸ ਸਮੇਂ ਇਹ ਕੁਦਰਤੀ ਚੀਜ਼ਾਂ ਜਿਵੇਂ ਫਲ, ਮਹਿੰਦੀ, ਮਿੱਟੀ ਅਤੇ ਕੀੜਿਆਂ ਤੋਂ ਤਿਆਰ ਕੀਤਾ ਜਾਂਦਾ ਸੀ। ਮੇਸੋਪੋਟੇਮੀਆ ਦੀਆਂ ਔਰਤਾਂ ਇਸ ਮਾਮਲੇ ਵਿਚ ਕੁਝ ਜ਼ਿਆਦਾ ਹੀ ਉੱਨਤ ਸਨ। ਉਹ ਆਪਣੇ ਬੁੱਲ੍ਹਾਂ ਨੂੰ ਰੰਗ ਅਤੇ ਚਮਕ ਦੇਣ ਲਈ ਜ਼ਮੀਨ ਤੋਂ ਲੱਭੇ ਕੀਮਤੀ ਗਹਿਣਿਆਂ ਦੀ ਵਰਤੋਂ ਵੀ ਕਰੇਗੀ।**



1920

1920 ਤੱਕ, ਲਿਪਸਟਿਕ ਨੇ ਔਰਤਾਂ ਦੇ ਜੀਵਨ ਵਿੱਚ ਇੱਕ ਸਥਾਈ ਸਥਾਨ ਲੱਭ ਲਿਆ ਸੀ। ਉਸ ਸਮੇਂ, ਇੱਥੇ ਪਲਮ, ਜਾਮਨੀ, ਚੈਰੀ, ਰੂਬੀ ਅਤੇ ਭੂਰੇ ਰੰਗ ਦੀਆਂ ਲਿਪਸਟਿਕ ਸਨ। ਇਸ ਸਮੇਂ ਦੌਰਾਨ, ਫਰਾਂਸੀਸੀ ਰਸਾਇਣ ਵਿਗਿਆਨੀ ਪਾਲ ਬੌਂਡਰਕਰੋਇਕਸ ਨੇ ਇੱਕ ਲਿਪਸਟਿਕ ਬਣਾਈ ਜੋ ਕਿ kiss ਦਾ ਸਬੂਤ ਸੀ, ਪਰ ਇਹ ਜ਼ਿਆਦਾ ਦੇਰ ਨਹੀਂ ਚੱਲੀ ਕਿਉਂਕਿ ਔਰਤਾਂ ਲਈ ਇਸਨੂੰ ਹਟਾਉਣਾ ਮੁਸ਼ਕਲ ਸੀ।

ਫਿਰ Chanel, Guerlain, Elizabeth Arden, Estee Lauder ਵਰਗੀਆਂ ਕੰਪਨੀਆਂ ਨੇ ਲਿਪਸਟਿਕ ਵੇਚਣੀ ਸ਼ੁਰੂ ਕਰ ਦਿੱਤੀ।

1930

ਇਹ ਮਹਾਨ ਮੰਦੀ ਦਾ ਦੌਰ ਸੀ, ਪਰ ਫਿਰ ਵੀ ਇਸ ਦਾ ਲਿਪਸਟਿਕ ਦੇ ਉਤਪਾਦਨ 'ਤੇ ਕੋਈ ਅਸਰ ਨਹੀਂ ਪਿਆ। ਇਸ ਸਰਵੇਖਣ ਦੌਰਾਨ ਪਾਇਆ ਗਿਆ ਕਿ 50 ਫੀਸਦੀ ਕਿਸ਼ੋਰ ਲੜਕੀਆਂ ਲਿਪਸਟਿਕ ਲਗਾਉਣ ਲਈ ਆਪਣੇ ਮਾਪਿਆਂ ਨਾਲ ਲੜਦੀਆਂ ਹਨ। ਇਸ ਸਮੇਂ ਦੌਰਾਨ ਪਲੋਮ ਅਤੇ ਬਰਗੰਡੀ ਪ੍ਰਸਿੱਧ ਲਿਪਸਟਿਕ ਰੰਗ ਸਨ।

1940

ਦੂਜੇ ਵਿਸ਼ਵ ਯੁੱਧ ਦੌਰਾਨ ਅਮਰੀਕੀ ਫੌਜ ਵਿੱਚ ਭਰਤੀ ਹੋਈਆਂ ਔਰਤਾਂ ਨੂੰ ਲਾਲ ਲਿਪਸਟਿਕ ਪਹਿਨਣ ਲਈ ਉਤਸ਼ਾਹਿਤ ਕੀਤਾ ਗਿਆ ਸੀ। ਕਾਰਨ ਸੀ ਅਡੋਲਫ ਹਿਟਲਰ, ਜਿਸ ਨੂੰ ਲਾਲ ਲਿਪਸਟਿਕ ਲਈ ਸਖ਼ਤ ਨਫ਼ਰਤ ਸੀ। ਦੂਜੇ ਪਾਸੇ ਭਾਰਤ ਦੀ ਗੱਲ ਕਰੀਏ ਤਾਂ ਇਸ ਦੌਰ ਦੀ ਅਦਾਕਾਰਾ ਮਧੂਬਾਲਾ ਸੁੰਦਰਤਾ ਦੇ ਨਿਯਮਾਂ ਨੂੰ ਤੋੜਨ ਲਈ ਜਾਣੀ ਜਾਂਦੀ ਸੀ। ਇਸ ਦੌਰਾਨ ਮਹਿਲਾ ਕਲਾਕਾਰਾਂ ਨੇ ਬੋਲਡ ਮੇਕਅੱਪ ਅਤੇ ਪੈਂਟ ਪਹਿਨਣ ਤੋਂ ਪਰਹੇਜ਼ ਕੀਤਾ। ਪਰ ਮਧੂਬਾਲਾ ਨੇ ਬੋਲਡ ਮੇਕਅੱਪ ਵੀ ਕੀਤਾ ਅਤੇ ਪੈਂਟ ਵੀ ਪਹਿਨੀ।

1950

ਇਹ ਹਾਲੀਵੁੱਡ ਦੇ ਗਲੈਮ ਆਈਕਨਾਂ ਜਿਵੇਂ ਕਿ ਮਾਰਲਿਨ ਮੋਨਰੋ, ਔਡਰੇ ਹੈਪਬਰਨ ਅਤੇ ਐਲਿਜ਼ਾਬੈਥ ਟੇਲਰ ਦਾ ਯੁੱਗ ਸੀ ਜੋ ਦੁਨੀਆ ਭਰ ਵਿੱਚ ਮੇਕਅਪ ਦੇ ਰੁਝਾਨ ਨੂੰ ਸਥਾਪਤ ਕਰ ਰਹੇ ਸਨ। ਹਰ ਔਰਤ ਆਪਣੇ ਪਸੰਦੀਦਾ ਅਦਾਕਾਰ ਦੀ ਤਰ੍ਹਾਂ ਦਿਖਣਾ ਚਾਹੁੰਦੀ ਸੀ। ਇਸ ਦੌਰਾਨ ਲਿਪਸਟਿਕ ਪਹਿਲਾਂ ਨਾਲੋਂ ਜ਼ਿਆਦਾ ਮਸ਼ਹੂਰ ਹੋ ਗਈ। ਮਹਾਰਾਣੀ ਐਲਿਜ਼ਾਬੈਥ ਨੇ 1952 ਵਿੱਚ ਆਪਣੀ ਤਾਜਪੋਸ਼ੀ ਲਈ ਆਪਣੀ ਲਿਪਸਟਿਕ ਸ਼ੇਡ ਤਿਆਰ ਕੀਤੀ ਸੀ। ਇਹ ਉਸ ਦੇ ਪਸੰਦੀਦਾ ਬ੍ਰਾਂਡ ਕਲਾਰਿਨਸ ਦੁਆਰਾ ਬਣਾਇਆ ਗਿਆ ਸੀ ਅਤੇ ਇਸ ਦਾ ਨਾਂ 'ਦਿ ਬਾਲਮੋਰਲ' ਸੀ। ਇਸ ਲਿਪਸਟਿਕ ਦੀ ਖਾਸ ਗੱਲ ਇਹ ਸੀ ਕਿ ਇਸ ਦਾ ਰੰਗ ਉਸ ਦੇ ਕੱਪੜੇ ਨਾਲ ਮੇਲ ਖਾਂਦਾ ਸੀ।

ਕੁਝ ਸਮੇਂ ਬਾਅਦ, ਰੇਵਲੋਨ ਆਪਣੀ ਧੱਬੇ ਪਰੂਫ ਲਿਪਸਟਿਕ ਦੇ ਨਾਲ ਸਾਹਮਣੇ ਆਈ, ਜਿਸ ਤੋਂ ਬਾਅਦ ਬ੍ਰਾਂਡਾਂ ਵਿਚਕਾਰ ਇੱਕ ਤਰ੍ਹਾਂ ਦੀ ਲੜਾਈ ਸ਼ੁਰੂ ਹੋ ਗਈ।

1960-1970

ਹੁਣ ਲਿਪਸਟਿਕ ਨੇ ਕਲਾ ਅਤੇ ਸੱਭਿਆਚਾਰ ਤੋਂ ਪ੍ਰੇਰਨਾ ਲੈਣੀ ਸ਼ੁਰੂ ਕਰ ਦਿੱਤੀ ਹੈ ਅਤੇ ਇਹ ਫੈਸ਼ਨ ਇੰਡਸਟਰੀ ਦਾ ਅਹਿਮ ਹਿੱਸਾ ਬਣ ਗਈ ਹੈ। ਮੇਬੇਲਾਈਨ ਦਾ ਸੰਤਰੀ ਡੇਂਜ਼ਰ ਇਸ ਸਮੇਂ ਦੌਰਾਨ ਇੱਕ ਪ੍ਰਸਿੱਧ ਰੰਗ ਬਣ ਗਿਆ।

1980

80 ਦੇ ਦਹਾਕੇ ਵਿੱਚ ਲਿਪਸਟਿਕ ਵਿੱਚ ਸ਼ਿਮਰ ਅਤੇ ਗਲਾਸ ਸ਼ਾਮਲ ਕੀਤੇ ਗਏ ਸਨ। ਬੋਲਡ ਲਾਲ ਬੁੱਲ੍ਹ ਇਕ ਵਾਰ ਫਿਰ ਸਟੇਟਮੈਂਟ ਲੁੱਕ ਬਣ ਗਏ ਹਨ। ਬੁੱਲ੍ਹਾਂ ਦੇ ਰੰਗ ਨੂੰ ਕੱਪੜਿਆਂ ਨਾਲ ਮਿਲਾਉਣਾ ਆਮ ਵਰਤਾਰਾ ਬਣ ਗਿਆ ਹੈ। ਇਸ ਮਿਆਦ ਦੇ ਦੌਰਾਨ ਗਰਮ ਗੁਲਾਬੀ ਬਹੁਤ ਮਸ਼ਹੂਰ ਹੋ ਗਿਆ.

1990

ਇਸ ਦੌਰ ਵਿੱਚ ਸਾਦੇ ਮੇਕਅੱਪ ਦਾ ਫੈਸ਼ਨ ਆਇਆ। ਲੋਕ ਆਪਣੇ ਵਾਤਾਵਰਨ ਪ੍ਰਤੀ ਸੁਚੇਤ ਹੋਏ ਅਤੇ ਕੈਮੀਕਲ ਮੁਕਤ, ਕੁਦਰਤੀ ਲਿਪਸਟਿਕ ਦੀ ਮੰਗ ਵਧ ਗਈ। MAC ਅਤੇ ਅਰਬਨ ਡੀਕੇ ਵਰਗੇ ਬ੍ਰਾਂਡਾਂ ਨੇ ਵੀ ਮਾਰਕੀਟ ਵਿੱਚ ਪ੍ਰਵੇਸ਼ ਕੀਤਾ।

2000 ਤੋਂ...

ਸਾਲ 2000 ਤੋਂ, ਲਿਪਸਟਿਕ ਤੋਂ ਬਿਨਾਂ ਮੇਕਅਪ ਦੀ ਕਲਪਨਾ ਕਰਨਾ ਸ਼ਾਇਦ ਮੁਸ਼ਕਲ ਹੋ ਗਿਆ ਹੈ। ਇਸ ਦੌਰੇ ਦੌਰਾਨ ਭਾਰਤ ਵਿੱਚ ਬ੍ਰਿਟਨੀ ਸਪੀਅਰਸ, ਪੈਰਿਸ ਹਿਲਟਨ ਅਤੇ ਮਾਧੁਰੀ ਦੀਕਸ਼ਿਤ ਵਰਗੀਆਂ ਅਭਿਨੇਤਰੀਆਂ ਦੁਆਰਾ ਚਮਕ ਅਤੇ ਚਮਕ ਨੂੰ ਪ੍ਰਸਿੱਧ ਕੀਤਾ ਗਿਆ ਸੀ। ਅੱਜ ਲਿਪਸਟਿਕ ਸਿਰਫ਼ ਮੇਕਅਪ ਹੀ ਨਹੀਂ ਹੈ, ਸਗੋਂ ਇਕ ਜ਼ਰੂਰੀ ਐਕਸੈਸਰੀ ਬਣ ਗਈ ਹੈ। ਸਾਨੂੰ ਯਕੀਨ ਹੈ ਕਿ ਅਗਲੀ ਵਾਰ ਜਦੋਂ ਤੁਸੀਂ ਲਿਪਸਟਿਕ ਖਰੀਦਣ ਜਾਓਗੇ ਜਾਂ ਆਪਣੇ ਪਰਸ ਵਿੱਚ ਲਿਪਸਟਿਕ ਦੇਖੋਗੇ, ਤਾਂ ਤੁਹਾਨੂੰ ਇਤਿਹਾਸ ਵਿੱਚ ਇਸਦੀ ਔਖੀ ਅਤੇ ਦਿਲਚਸਪ ਯਾਤਰਾ ਜ਼ਰੂਰ ਯਾਦ ਹੋਵੇਗੀ।

# ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਚੋਣਾਂ 14 ਦਸੰਬਰ ਨੂੰ ਹੋਣਗੀਆਂ : ਡਾ. ਪ੍ਰੀਤੀ ਯਾਦਵ




**ਪਟਿਆਲਾ, 3 ਦਸੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 209 ਤਹਿਤ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਮਿਤੀ 25-09-2025 ਅਨੁਸਾਰ ਰਾਜ ਚੋਣ ਕਮਿਸ਼ਨ ਵੱਲੋਂ ਬੀਤੇ ਕੱਲ੍ਹ ਸ਼ਾਮ ਨੂੰ ਰਾਜ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਮੈਂਬਰਾਂ ਦੀਆਂ ਆਮ ਚੋਣਾਂ ਲਈ ਘੋਸ਼ਣਾ ਕਰ ਦਿੱਤੀ ਗਈ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪ ?ਟਿਆਲਾ ਦੇ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਪ੍ਰੋਗਰਾਮ ਅਨੁਸਾਰ 14 ਦਸੰਬਰ ਨੂੰ ਜ਼ਿਲ੍ਹਾ ਪ ?ਟਿਆਲਾ ਅੰਦਰ ਜ਼ਿਲ੍ਹਾ ਪ੍ਰੀਸ਼ਦ ਦੇ 23 ਜੋਨਾਂ ਅਤੇ 10 ਬਲਾਕ ਸੰਮਤੀਆਂ ਦੇ 184 ਜੋਨਾਂ ਦੀਆਂ ਚੋਣਾਂ ਕਰਵਾਈਆਂ ਜਾਣਗੀਆਂ। ਅੱਜ ਇੱਥੇ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਅਤੇ ਰਿਟਰਨਿੰਗ ਅਧਿਕਾਰੀਆਂ ਨਾਲ ਚੋਣ ਪ੍ਰਬੰਧਾਂ ਬਾਰੇ ਬੈਠਕ ਕਰਦਿਆਂ ਜ਼ਿਲ੍ਹਾ ਚੋਣ ਅਫ਼ਸਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਇਹ ਚੋਣਾਂ ਬੈਲਟ ਪੇਪਰ ਰਾਹੀਂ ਕਰਵਾਈਆਂ ਜਾਣਗੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀਆਂ ਦੀ ਚੋਣ ਵਿੱਚ 50 ਫੀਸਦੀ ਸੀਟਾਂ ਔਰਤਾਂ ਲਈ ਰਾਖਵੀਆਂ ਹੋਣਗੀਆਂ।

ਜ਼ਿਲ੍ਹਾ ਚੋਣ ਅਧਿਕਾਰੀ ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਚੋਣ ਸ਼ਡਿਊਲ ਅਨੁਸਾਰ ਇਨ੍ਹਾਂ ਚੋਣਾਂ ਲਈ ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦੀ ਮਿਤੀ 3 ਦਸੰਬਰ 2025 (ਸੋਮਵਾਰ) (ਸਵੇਰੇ 11 ਵਜੇ ਤੋਂ ਸ਼ਾਮ 3 ਵਜੇ ਤੱਕ) ਇਸ ਕੰਮ ਲਈ ਨਾਮਜ਼ਦ ਕੀਤੇ ਸਬੰਧਤ ਰਿਟਰਨਿੰਗ ਅਫ਼ਸਰਾਂ ਦੇ ਦਫ਼ਤਰਾਂ ਵਿੱਚ ਸ਼ੁਰੂ ਹੋਵੇਗੀ। ਨਾਮਜ਼ਦਗੀਆਂ ਭਰਨ ਦੀ ਆਖ਼ਰੀ ਮਿਤੀ 04 ਦਸੰਬਰ 2025 (ਵੀਰਵਾਰ) ਹੋਵੇਗੀ। ਜਦਕਿ ਨਾਮਜ਼ਦਗੀ ਪੱਤਰਾਂ ਦੀ ਪੜਤਾਲ 05 ਦਸੰਬਰ 2025 (ਸ਼ੁੱਕਰਵਾਰ) ਹੋਵੇਗੀ ਅਤੇ ਨਾਮਜ਼ਦਗੀਆਂ ਵਾਪਿਸ ਲੈਣ ਦੀ ਆਖ਼ਰੀ ਮਿਤੀ 06 ਦਸੰਬਰ 2025 (ਸ਼ਨੀਵਾਰ) ਸ਼ਾਮ 03 ਵਜੇ ਤੱਕ ਹੋਵੇਗੀ। ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਸਾਰੇ ਨਾਮਜ਼ਦਗੀ ਪੱਤਰਾਂ ਨਾਲ ਨਿਰਧਾਰਿਤ ਹਲਫ਼ੀਆ ਬਿਆਨ ਅਤੇ ਉਮੀਦਵਾਰ ਰਾਜਨੀਤਿਕ ਪਾਰਟੀ ਵੱਲੋਂ ਖੜ੍ਹਾ ਕੀਤੇ ਜਾਣ ਦੀ ਸੂਰਤ ਵਿੱਚ ਸਬੰਧਤ ਰਾਜਨੀਤਿਕ ਪਾਰਟੀ ਦਾ ਅਧਿਕਾਰਤ ਪੱਤਰ ਨਾਲ ਲੱਗਿਆ ਹੋਣਾ ਚਾਹੀਦਾ ਹੈ। ਜ਼ਿਲ੍ਹਾ ਚੋਣ ਅਧਿਕਾਰੀ ਨੇ ਦੱਸਿਆ ਕਿ ਚੋਣ ਮਿਤੀ 14 ਦਸੰਬਰ 2025 (ਐਤਵਾਰ) ਨੂੰ ਸਵੇਰੇ 08 ਵਜੇ ਤੋਂ ਸ਼ਾਮ ਦੇ 04 ਵਜੇ ਤੱਕ ਬੈਲਟ ਪੇਪਰਾਂ ਦੀ ਵਰਤੋਂ ਨਾਲ ਹੋਵੇਗੀ। ਪੋਲ ਹੋਈਆਂ ਵੋਟਾਂ ਦੀ ਗਿਣਤੀ ਮਿਤੀ 17 ਦਸੰਬਰ 2025 (ਬੁੱਧਵਾਰ) ਨੂੰ ਇਸ ਮੰਤਵ ਲਈ ਸਥਾਪਿਤ ਕੀਤੇ ਗਏ ਗਿਣਤੀ ਕੇਂਦਰਾਂ ਵਿਖੇ ਹੋਵੇਗੀ।

ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਦੀਆਂ 988 ਗ੍ਰਾਮ ਪੰਚਾਇਤਾਂ ਜ਼ਿਲ੍ਹਾ ਪ੍ਰੀਸ਼ਦ ਪਟਿਆਲਾ ਦੇ 23 ਜੋਨਾਂ ਵਿੱਚ ਵੰਡੀਆਂ ਹੋਈਆਂ ਹਨ ਜਦਕਿ ਪੰਚਾਇਤ ਸੰਮਤੀ ਪਟਿਆਲਾ ਦੇ 16 ਜੋਨ, ਪੰਚਾਇਤ ਸੰਮਤੀ ਪਟਿਆਲਾ ਦਿਹਾਤੀ ਦੇ 15 ਜੋਨ, ਪੰਚਾਇਤ ਸੰਮਤੀ ਸਨੌਰ ਦੇ 19 ਜੋਨ, ਪੰਚਾਇਤ ਸੰਮਤੀ ਭੁੱਨਰਹੇੜੀ ਦੇ 19 ਜੋਨ, ਪੰਚਾਇਤ ਸੰਮਤੀ ਰਾਜਪੁਰਾ ਦੇ 15 ਜੋਨ, ਪੰਚਾਇਤ ਸੰਮਤੀ ਘਨੌਰ ਦੇ 16 ਜੋਨ, ਪੰਚਾਇਤ ਸੰਮਤੀ ਸ਼ੰਭੂ ਕਲਾਂ ਦੇ 19 ਜੋਨ, ਪੰਚਾਇਤ ਸੰਮਤੀ ਸਮਾਣਾ ਦੇ 15 ਜੋਨ, ਪੰਚਾਇਤ ਸੰਮਤੀ ਨਾਭਾ ਦੇ 25 ਜੋਨ ਅਤੇ ਪੰਚਾਇਤ ਸੰਮਤੀ ਪਾਤੜਾਂ ਦੇ ਵੀ 25 ਜੋਨ ਹਨ।

ਜ਼ਿਲ੍ਹਾ ਚੋਣ ਅਧਿਕਾਰੀ ਨੇ ਕਿਹਾ ਕਿ ਰਾਜ ਚੋਣ ਕਮਿਸ਼ਨ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਦੇ ਉਮੀਦਵਾਰ ਲਈ 2,55,000/- ਰੁਪਏ ਅਤੇ ਪੰਚਾਇਤ ਸੰਮਤੀ ਦੇ ਉਮੀਦਵਾਰ ਲਈ 1,10,000/- ਰੁਪਏ ਚੋਣ ਖਰਚੇ ਦੀ ਹੱਦ ਨੋਟੀਫਾਈ ਕੀਤੀ ਗਈ ਹੈ।ਜਦਕਿ ਨਾਮਜ਼ਦਗੀ ਲਈ ਜ਼ਿਲ੍ਹਾ ਪ੍ਰੀਸ਼ਦ ਲਈ ਫੀਸ 400 ਰੁਪਏ ਅਤੇ ਬਲਾਕ ਸੰਮਤੀ ਲਈ 200 ਰੁਪਏ ਹੈ ਅਤੇ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਲਈ ਇਹ ਫੀਸ ਅੱਧੀ ਹੋਵੇਗੀ।

# ਸਨੌਰ ਹਲਕੇ ਦੇ 121 ਪਿੰਡਾਂ ਨੂੰ ਵਿਕਾਸ ਲਈ 2 ਕਰੋੜ 50 ਲੱਖ ਰੁਪਏ ਜਾਰੀ

# ਰੰਗਲਾ ਪੰਜਾਬ ਸਕੀਮ ਹੇਠ ਗਲੀਆਂ, ਡਰੇਨ, ਧਰਮ ਸ਼ਾਲਾ ਤੇ ਹੋਰ ਬੁਨਿਆਦੀ ਸਹੂਲਤਾਂ ਨੂੰ ਮਿਲੇਗੀ ਰਫ਼ਤਾਰ

**ਸਨੌਰ,3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਚੌਕਸ ਅਤੇ ਸੰਤੁਲਿਤ ਵਿਕਾਸ ਨੂੰ ਯਕੀਨੀ ਬਣਾਉਣ ਲਈ ਰੰਗਲਾ ਪੰਜਾਬ ਸਕੀਮ ਹੇਠ ਵੱਡੇ ਪੱਧਰ 'ਤੇ ਗ੍ਰਾਂਟਾਂ ਜਾਰੀ ਕੀਤੀਆਂ ਜਾ ਰਹੀਆਂ ਹਨ। ਇਸ ਸਰਕਾਰੀ ਯਤਨ ਨੂੰ ਅੱਗੇ ਵਧਾਉਂਦੇ ਹੋਏ ਹਲਕਾ ਇੰਚਾਰਜ ਸਨੌਰ ਅਤੇ ਪੀ.ਆਰ.ਟੀ.ਸੀ. ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਹਲਕੇ ਦੇ ਕੁੱਲ 121 ਪਿੰਡਾਂ ਲਈ 2 ਕਰੋੜ 50 ਲੱਖ ਰੁਪਏ ਦੇ ਫੰਡ ਜਾਰੀ ਕੀਤੇ।



ਹਡਾਣਾ ਨੇ ਦੱਸਿਆ ਕਿ ਇਹ ਗ੍ਰਾਂਟਾਂ ਪਿੰਡਾਂ ਵਿੱਚ ਬੁਨਿਆਦੀ ਜਨ ਸਹੂਲਤਾਂ ਨੂੰ ਮਜ਼ਬੂਤ ਕਰਨ ਅਤੇ ਚੱਲ ਰਹੇ ਵਿਕਾਸੀ ਪ੍ਰਾਜੈਕਟਾਂ ਵਿੱਚ ਹੋਰ ਤੇਜ਼ ਲਿਆਉਣ ਲਈ ਜਾਰੀ ਕੀਤੀਆਂ ਗਈਆਂ ਹਨ।

ਰਣਜੋਧ ਸਿੰਘ ਹਡਾਣਾ ਨੇ ਇਸ ਮੌਕੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ ਹੇਠ ਪੰਜਾਬ ਵਿੱਚ ਪਿੰਡਾਂ ਦਾ ਵਿਕਾਸ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਦੀਆਂ ਗਲੀਆਂ, ਪੱਕੇ ਰਸਤੇ, ਗੰਦੇ ਪਾਣੀ ਦੀ ਨਿਕਾਸੀ, ਐਸ ਸੀ ਧਰਮਸ਼ਾਲਾ, ਕਮਿਊਨਟੀ ਸੈਂਟਰ, ਸ਼ਮਸ਼ਾਨਘਾਟਾਂ ਅਤੇ ਹੋਰ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰਨ ਲਈ ਇਹ ਰਕਮ ਤੁਰੰਤ ਪ੍ਰਭਾਵ ਨਾਲ ਵਰਤੀ ਜਾ ਸਕੇਗੀ। ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਸਾਰੇ ਕੰਮ ਨਿਰਧਾਰਤ ਮਾਪਦੰਡਾਂ, ਤਕਨੀਕੀ ਮਨਜ਼ੂਰੀ ਅਤੇ ਪੂਰੀ ਪਾਰਦਰਸ਼ਤਾ ਨਾਲ ਕਰਵਾਏ ਜਾਣਗੇ।

ਗ੍ਰਾਂਟਾਂ ਦੀ ਵੰਡ ਦੌਰਾਨ ਹਾਜ਼ਰ ਪਿੰਡਾਂ ਦੇ ਨੁਮਾਇੰਦਿਆਂ ਨੇ ਹਡਾਣਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਹ ਫੰਡ ਉਹਨਾਂ ਲੋੜੀਂਦੇ ਕੰਮਾਂ ਨੂੰ ਪੂਰਾ ਕਰਨ ਵਿੱਚ ਮਦਦ ਕਰਨਗੇ ਜੋ ਲੰਮੇ ਸਮੇਂ ਤੋਂ ਬਾਕੀ ਸਨ। ਕਈ ਪਿੰਡਾਂ ਵਿੱਚ ਗਲੀਆਂ ਤੇ ਡਰੇਨੇਜ ਸਿਸਟਮ ਬੁਰੀ ਤਰ੍ਹਾਂ ਪ੍ਰਭਾਵਿਤ ਸਨ, ਜਿਨ੍ਹਾਂ ਦੀ ਮੁਰੰਮਤ ਨਾ ਹੋਣ ਕਾਰਨ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।

ਹੁਣ ਇਨ੍ਹਾਂ ਗ੍ਰਾਂਟਾ ਨਾਲ ਵਿਕਾਸ ਦੇ ਕੰਮਾਂ ਨੂੰ ਰਫਤਾਰ ਮਿਲੇਗੀ।

ਰਣਜੋਧ ਹਡਾਣਾ ਨੇ ਅੰਤ ਵਿੱਚ ਕਿਹਾ ਕਿ ਉਹ ਹਲਕੇ ਵਿੱਚ ਵਿਕਾਸ ਦੀ ਗਤੀ ਨੂੰ ਰੁਕਣ ਨਹੀਂ ਦੇਣਗੇ। ਉਨ੍ਹਾਂ ਦੱਸਿਆ ਕਿ ਜਲਦ ਹੀ ਹੋਰ ਪ੍ਰਾਜੈਕਟਾਂ ਲਈ ਵੀ ਵਾਧੂ ਫੰਡ ਜਾਰੀ ਕੀਤੇ ਜਾਣਗੇ, ਤਾਂ ਜੋ ਸਨੌਰ ਹਲਕਾ ਰੰਗਲਾ ਪੰਜਾਬ ਮਿਸ਼ਨ ਵਿੱਚ ਮੋਹਰੀ ਭੂਮਿਕਾ ਨਿਭਾ ਸਕੇ।

ਇਸ ਮੌਕੇ ਉਨ੍ਹਾਂ ਨਾਲ ਰਾਜਬੰਸ ਸਿੰਘ ਸਟੇਟ ਵਾਈਸ ਪ੍ਰੈਸੀਡੈਂਟ ਬੀ ਸੀ ਵਿੰਗ, ਬਲਦੇਵ ਸਿੰਘ ਦੇਵੀਗੜ੍ਹ ਚੇਅਰਮੈਨ ਮਾਰਕਿਟ ਕਮੇਟੀ ਦੁਧਨਸਾਧਾ, ਪ੍ਰਦੀਪ ਜੋਸਨ ਪ੍ਰਧਾਨ ਨਗਰ ਕੌਂਸਲ ਸਨੌਰ, ਹਰਪ੍ਰੀਤ ਸਿੰਘ ਘੁਮਾਣ, ਬੀ ਡੀ ਪੀ ਓ ਸਨੌਰ ਮਨਦੀਪ ਸਿੰਘ, ਬੀ ਡੀ ਪੀ ਓ ਭੁਨਰਹੇੜੀ ਸੰਦੀਪ ਸਿੰਘ, ਜਸਪਾਲ ਸਿੰਘ ਸੁਪਰਡੈਂਟ, ਹਰਪਿੰਦਰ ਸਿੰਘ ਚੀਮਾ, ਪੀ ਏ ਲਾਲੀ ਰਹਿਲ, ਪੀ ਏ ਬਿਕਰਮਜੀਤ ਸਿੰਘ, ਅਨਮੋਲਦੀਪ ਕੌਰ, ਹਰਪ੍ਰੀਤ ਸਿੰਘ, ਜਸਵਿੰਦਰ ਸਿੰਘ, ਅਰਵਿੰਦਰ ਸਿੰਘ, ਗੁਰਨਵਲ ਸਿੰਘ ਅਤੇ ਸੈਂਕੜੇ ਪਿੰਡਾਂ ਦੇ ਸਰਪੰਚ, ਪੰਚ ਅਤੇ ਪਿੰਡ ਵਾਸੀ ਮੌਜੂਦ ਸਨ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਰੋਡਵੇਜ਼ ਮੁਲਾਜ਼ਮਾਂ ਦੇ ਸੰਘਰਸ਼ ਵਿੱਚ ਵੱਡੀ ਸ਼ਮੂਲੀਅਤ, ਸਰਕਾਰ ਨੂੰ ਨਿੱਜੀਕਰਨ ਦੀ ਨੀਤੀ ਵਾਪਸ ਲੈਣ ਦੀ ਮੰਗ



**ਅੰਮ੍ਰਿਤਸਰ, 3 ਦਸੰਬਰ**
**-ਰਾਕੇਸ਼ ਕੁਮਾਰ ਲੱਕੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਤੇ ਕਿਸਾਨ ਮਜ਼ਦੂਰ ਮੋਰਚਾ ਭਾਰਤ ਵੱਲੋਂ ਰੋਡਵੇਜ਼ ਬੱਸ ਮੁਲਾਜ਼ਮਾਂ ਦੇ ਸੰਘਰਸ਼ ਦੀ ਪੂਰੀ ਹਮਾਇਤ ਕਰਦੇ ਹੋਏ ਅੱਜ ਅੰਮ੍ਰਿਤਸਰ ਸਮੇਤ ਸੂਬੇ ਦੇ ਵੱਖ-ਵੱਖ ਡੀਪੂਆਂ 'ਤੇ ਚੱਲਦੇ ਧਰਨਿਆਂ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਗਈ। ਇਸ ਮੌਕੇ 'ਤੇ ਸੂਬਾ ਪ੍ਰਧਾਨ ਸੁੱਖਵਿੰਦਰ ਸਿੰਘ ਸਭਰਾ ਅਤੇ ਸੂਬਾ ਜਨਰਲ ਸਕੱਤਰ ਰਾਣਾ ਰਣਬੀਰ ਸਿੰਘ ਠੱਠਾ ਦੀ ਅਗਵਾਈ ਰਹੀ।ਅੰਮ੍ਰਿਤਸਰ ਦੇ ਰੋਡਵੇਜ਼ ਵਰਕਸ਼ਾਪ ਤੋਂ ਸੂਬਾ ਆਗੂ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਪੰਜਾਬ ਸਰਕਾਰ ਜਨਤਕ ਅਦਾਰਿਆਂ ਦੇ ਨਿੱਜੀਕਰਨ ਦੀ ਨੀਤੀ ਨੂੰ ਜਾਰੀ ਰੱਖ ਰਹੀ ਹੈ, ਜਿਸ ਦੇ ਖਿਲਾਫ ਮਜ਼ਦੂਰਾਂ ਦੀ ਲੜਾਈ ਬੁਲੰਦ ਰਹੇਗੀ। ਉਹਨਾਂ ਦੋਹਰਾ ਦਿੱਤਾ ਕਿ ਪ੍ਰਾਈਵੇਟ ਖਿਡਾਰੀਆਂ ਵੱਲੋਂ ਰੋਡਵੇਜ਼ ਜਿਹਾ ਮਹੱਤਵਪੂਰਨ ਸੈਕਟਰ ਹੱਥਿਆਉਣਾ ਸਹਿਮਤ ਨਹੀਂ।ਸਰਵਣ ਸਿੰਘ ਪੰਧੇਰ ਨੇ ਯਾਦ ਦਿਵਾਇਆ ਕਿ ਭਗਵੰਤ ਮਾਨ ਕਦੇ ਮੁੱਖ ਮੰਤਰੀ ਸੀ, ਜਿੰਨ੍ਹਾਂ ਦਾ ਬਿਆਨ ਅਜੇ ਵੀ ਮੀਡੀਆ 'ਚ ਮੌਜੂਦ ਹੈ ਜਿਸ ਵਿੱਚ ਉਹ ਸਾਰੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਗੱਲ ਕਰਦੇ ਸਨ, ਪਰ ਹੁਣ ਦੀ ਸਰਕਾਰ ਇਸ ਦੇ ਉਲਟ ਕਦਮ ਚੁੱਕ ਰਹੀ ਹੈ। ਇਸ ਲਈ ਕਿਹਾ ਕਿ ਸਰਕਾਰ ਨੂੰ ਲੈਂਡ ਪੂਲਿੰਗ ਦੀ ਨੀਤੀ ਵਾਪਸ ਲੈਣ ਦੀ ਤਰ੍ਹਾਂ, ਇਸ ਨਿੱਜੀਕਰਨ ਦੇ ਫੈਸਲੇ ਤੇ ਵੀ ਦੁਬਾਰਾ ਸੋਚ ਕਰਨੀ ਪਵੇਗੀ।ਉਹਨਾਂ ਸਰਕਾਰ ਤੋਂ ਮੰਗ ਕੀਤੀ ਕਿ ਕਿਲੋਮੀਟਰ ਸਕੀਮ ਨੂੰ ਵਾਪਸ ਲਿਆ ਜਾਵੇ ਅਤੇ ਸਾਰੇ ਕੱਚੇ ਮੁਲਾਜ਼ਮਾਂ ਨੂੰ ਪੱਕਿਆਂ ਬਦਲਾ ਜਾਵੇ। ਇਸਦੇ ਨਾਲ ਹੀ ਕੱਚੇ ਮੁਲਾਜ਼ਮ ਜਥੇਬੰਦੀ ਦੇ ਪ੍ਰਧਾਨ ਬਲਜਿੰਦਰ ਸਿੰਘ ਦੀ ਸੇਵਾਵਾਂ ਬਹਾਲ ਕਰਨ ਦੀ ਵੀ ਘੋਰ ਮੰਗ ਕੀਤੀ ਗਈ।ਸਰਵਣ ਸਿੰਘ ਪੰਧੇਰ ਨੇ ਲੋਕਾਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਰੋਡਵੇਜ਼ ਵਰਗੇ ਜਨਤਕ ਅਦਾਰਾ ਸਿਰਫ ਮਜ਼ਦੂਰਾਂ ਦੀ ਹੀ ਨਹੀਂ, ਸਾਰੇ ਲੋਕਾਂ ਦੀ ਸੇਵਾ ਵਿੱਚ ਹੈ, ਇਸ ਲਈ ਆਮ ਜਨਤਾ ਨੂੰ ਵੀ ਇਸ ਸੰਘਰਸ਼ ਦਾ ਪੂਰਾ ਸਾਥ ਦੇਣਾ ਚਾਹੀਦਾ ਹੈ।

# ਹਰਿਆਊ ਨੇ ਜਥੇਬੰਦੀ ਦਾ ਵਿਸਥਾਰ ਕਰਦੇ ਹੋਏ ਦੋ ਨਵੇਂ ਹਲਕਾ ਕੋਆਰਡੀਨੇਟਰ ਕੀਤੇ ਨਿਯੁਕਤ



**ਪਟਿਆਲਾ, 3 ਦਸੰਬਰ**
**-ਰਣਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਜਿਲ੍ਹਾ ਦਿਹਾਤੀ ਦੇ ਪ੍ਰਧਾਨ ਜਗਮੀਤ ਸਿੰਘ ਹਰਿਆਊ ਨੇ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਲ੍ਹਾ ਜਥੇਬੰਦੀ ਦਾ ਵਿਸਥਾਰ ਕਰਦੇ ਹੋਏ ਹਲਕਾ ਸ਼ੁਤਰਾਣਾ ਦੇ ਦੋ ਕੋਆਰਡੀਨੇਟਰ ਗੁਰਦੀਪ ਸਿੰਘ ਖਾਂਗ ਅਤੇ ਰਣਜੀਤ ਸਿੰਘ ਸਾਹੀ ਨਿਯੁਕਤ ਕੀਤੇ ਹਨ। ਇਸ ਤੋਂ ਇਲਾਵਾ 16 ਨਵੇਂ ਸਰਕਲ ਪ੍ਰਧਾਨਾਂ ਦੀ ਸੂਚੀ ਵੀ ਜਾਰੀ ਕਰ ਦਿੱਤੀ ਹੈ। ਜਿਨ੍ਹਾਂ ਵਿਚ ਜੋਗਿੰਦਰ ਸਿੰਘ ਬਾਵਾ ਸਰਕਲ ਠਰੂਆ, ਅਵਤਾਰ ਸਿੰਘ ਦੋਦੜਾ ਸਰਕਲ ਕੁਲਾਰਾਂ, ਤਰਲੋਕ ਸਿੰਘ ਸਰਕਲ ਕਕਰਾਲਾ, ਸਾਹਿਬ ਸਿੰਘ ਸਰਕਲ ਨਨਹੇੜਾ, ਸੁਰਜੀਤ ਸਿੰਘ ਮਾਹਲ ਸਰਕਲ ਬਾਦਸ਼ਾਹਪੁਰ, ਸੁਖਜੀਤ ਸਿੰਘ ਸਰਕਲ ਬਕਰਾਹਾ, ਸੁਖਵਿੰਦਰ ਸਿੰਘ ਸਰਕਲ ਅਰਨੌ, ਸਰਵਨ ਸਿੰਘ ਭੁੱਲਰ ਸਰਕਲ ਗੁਲਾਹੜ, ਕ੍ਰਿਸ਼ਨ ਸਿੰਘ ਦੁਗਾਲ ਸਰਕਲ ਦੁਗਾਲ ਕਲਾਂ, ਨਿਰਮਲ ਸਿੰਘ ਧੂਹੜ ਸਰਕਲ ਘੱਗਾ ਦਿਹਾਤੀ, ਜੀਤ ਸਿੰਘ ਕਲਵਾਨੂੰ ਸਰਕਲ, ਵਿਸ਼ਾਲ ਗੋਇਲ ਸਰਕਲ ਪਾਤੜਾਂ ਸ਼ਹਿਰੀ, ਜੋਗਾ ਸਿੰਘ ਸਿੱਧੂ ਸਰਕਲ ਪਾਤੜਾਂ ਸ਼ਹਿਰੀ-2, ਬਲਦੇਵ ਸਿੰਘ ਚੀਮਾ ਸਰਕਲ ਸ਼ੁਤਰਾਣਾ ਸ਼ਾਮਲ ਹਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਜਗਮੀਤ ਸਿੰਘ ਹਰਿਆਊ ਨੇ ਕਿਹਾ ਕਿ ਇਨ੍ਹਾਂ ਆਗੂਆਂ ਦੀ ਨਿਯੁਕਤੀ ਨਾਲ ਜਥੇਬੰਦੀ ਨੂੰ ਮਜਬੂਤੀ ਮਿਲੇਗੀ ਅਤੇ ਭਵਿੱਖ ਵਿਚ ਆ ਰਹੀਆਂ ਜਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿਚ ਉਮੀਦਵਾਰ ਉਤਾਰ ਕੇ ਜਿਤਾਉਣ ਲਈ ਵੀ ਵਿਉਂਤਬੰਦੀ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਇੱਕ ਮਜ਼ਬੂਤ ਪਾਰਟੀ ਵਜੋਂ ਉਭਰੇਗਾ।

# ਏ.ਡੀ.ਸੀ. ਦਮਨਜੀਤ ਸਿੰਘ ਮਾਨ ਵੱਲੋਂ ਜ਼ਿਲ੍ਹਾ ਪਰਿਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ ਬਾਰੇ ਰਿਟਰਨਿੰਗ ਅਫ਼ਸਰਾਂ ਤੇ ਏ.ਆਰ.ਓਜ ਨੂੰ ਸਿਖਲਾਈ

**ਪਟਿਆਲਾ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਦਾ ਐਲਾਨ ਕਰਨ ਨਾਲ ਇਨ੍ਹਾਂ ਵੋਟਾਂ ਵਾਲੇ ਪਿੰਡਾਂ ਵਿੱਚ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ।ਇਹ ਚੋਣਾਂ ਕਰਵਾਉਣ ਲਈ ਨੋਡਲ ਅਫ਼ਸਰ ਤੇ ਏ.ਡੀ.ਸੀ. ਦਿਹਾਤੀ ਵਿਕਾਸ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਦਮਨਜੀਤ ਸਿੰਘ ਮਾਨ ਨੇ ਸਮੂਹ ਰਿਟਰਨਿੰਗ ਅਫ਼ਸਰਾਂ ਤੇ ਸਹਾਇਕ ਰਿਟਰਨਿੰਗ ਅਫ਼ਸਰਾਂ ਨੂੰ ਵਿਸਥਾਰ ਪੂਰਵਕ ਸਿਖਲਾਈ ਦਿੱਤੀ।

ਏ.ਡੀ.ਸੀ. ਮਾਨ ਨੇ ਦੱਸਿਆ ਕਿ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ ਏ.ਡੀ.ਸੀ. ਸ਼ਹਿਰੀ ਵਿਕਾਸ ਡਾ. ਇਸਮਤ ਵਿਜੇ ਸਿੰਘ ਨੂੰ ਰਿਟਰਨਿੰਗ ਅਫ਼ਸਰ ਵੱਜੋਂ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੇ ਨਾਲ ਮੁੱਖ ਮੰਤਰੀ ਫੀਲਡ ਅਫ਼ਸਰ ਸਤੀਸ਼ ਚੰਦਰ, ਜ਼ਿਲ੍ਹਾ ਮਾਲ ਅਫ਼ਸਰ ਅੰਕਿਤਾ ਅਗਰਵਾਲ, ਸਮਾਣਾ ਮੰਡਲ ਦੇ ਕਾਰਜਕਾਰੀ ਇੰਜੀਨੀਅਰ ਕੰਵਰਦੀਪ ਸਿੰਘ, ਸਿੰਚਾਈ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਗੁਨਦੀਪ ਸਿੰਘ, ਜਲ ਸਪਲਾਈ ਦੇ ਕਾਰਜਕਾਰੀ ਇੰਜੀਨੀਅਰ ਰਸ਼ਪਿੰਦਰ ਸਿੰਘ, ਲੋਕ ਨਿਰਮਾਣ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਹਰਪ੍ਰੀਤ ਸਿੰਘ ਤੇ ਐਸ.ਡੀ.ਓ. ਡਰੇਨੇਜ ਹਰਦੀਪ ਸਿੰਘ ਗੁਲਾਟੀ 7 ਸਹਾਇਕ ਰਿਟਰਨਿੰਗ ਅਫ਼ਸਰ ਲਗਾਏ ਗਏ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਸਰਕਾਰੀ ਆਈ.ਟੀ.ਆਈ. ਲੜਕੇ ਨਾਭਾ ਰੋਡ ਪਟਿਆਲਾ ਵਿਖੇ ਲਏ ਜਾਣਗੇ। ਏ.ਡੀ.ਸੀ. ਮਾਨ ਨੇ ਅੱਗੇ ਦੱਸਿਆ ਕਿ ਪਟਿਆਲਾ ਬਲਾਕ ਸੰਮਤੀ ਲਈ ਰਿਟਰਨਿੰਗ ਅਫ਼ਸਰ ਹਰਜੋਤ ਕੌਰ ਤੇ ਇਨ੍ਹਾਂ ਦੇ ਨਾਲ ਏ.ਆਰ.ਓ. ਤਹਿਸੀਲਦਾਰ ਸਮਾਣਾ ਸਰਵੇਸ਼ ਰਾਜਨ ਨੂੰ ਲਗਾਇਆ ਗਿਆ ਹੈ। ਇਨ੍ਹਾਂ ਵੱਲੋਂ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਦਫ਼ਤਰ ਬੀ.ਡੀ.ਪੀ.ਓ. ਪਟਿਆਲਾ ਵਿਖੇ ਹਾਸਲ ਕੀਤੇ ਜਾਣਗੇ।

ਬਲਾਕ ਸੰਮਤੀ ਪਟਿਆਲਾ ਦਿਹਾਤੀ ਲਈ ਰਿਟਰਨਿੰਗ ਅਫ਼ਸਰ ਲੋਕ ਨਿਰਮਾਣ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਵਨੀਤ ਸਿੰਗਲਾ ਤੇ ਏ.ਆਰ.ਓ. ਨਾਇਬ ਤਹਿਸੀਲਦਾਰ ਰਾਜਪੁਰਾ ਕਰਮਵੀਰ ਸਿੰਘ ਤੇ ਇਨ੍ਹਾਂ ਵੱਲੋਂ ਸਰਕਾਰੀ ਆਈ.ਟੀ.ਆਈ. ਲੜਕੇ ਨਾਭਾ ਰੋਡ ਪਟਿਆਲਾ ਵਿਖੇ ਨਾਮਜ਼ਦਗੀ ਪੱਤਰ ਹਾਸਲ ਕੀਤੇ ਜਾਣਗੇ।

ਬਲਾਕ ਸੰਮਤੀ ਰਾਜਪੁਰਾ ਲਈ ਐਸ.ਡੀ.ਐਮ ਰਾਜਪੁਰਾ ਨਮਨ ਮਾਰਕੰਨ ਤੇ ਏ.ਆਰ.ਓ. ਤਹਿਸੀਲਦਾਰ ਪਰਦੀਪ ਕੁਮਾਰ ਹੋਣਗੇ ਅਤੇ ਇਨ੍ਹਾਂ ਵੱਲੋਂ ਨਾਮਜ਼ਦਗੀ ਪੱਤਰ ਮਿਨੀ ਸਕੱਤਰੇਤ ਰਾਜਪੁਰਾ ਦੇ ਕੋਰਟ ਰੂਮ ਨੰਬਰ 103 ਵਿਖੇ ਲਏ ਜਾਣਗੇ। ਇਸੇ ਤਰ੍ਹਾਂ ਸਮਾਣਾ ਲਈ ਐਸ.ਡੀ.ਐਮ ਰਿਚਾ ਗੋਇਲ ਤੇ ਏ.ਆਰ.ਓ. ਕੁਮਾਰ ਧਵਨ ਐਸ.ਡੀ.ਓ. ਬੀ.ਐਮ.ਐਲ ਹੋਣਗੇ ਤੇ ਇਨ੍ਹਾਂ ਵੱਲੋਂ ਨਾਮਜ਼ਦਗੀ ਪੱਤਰ ਐਸ.ਡੀ.ਐਮ. ਦਫ਼ਤਰ ਦੇ ਕੋਰਟ ਰੂਮ ਵਿਖੇ ਲਏ ਜਾਣਗੇ। ਪਾਤੜਾਂ ਬਲਾਕ ਸੰਮਤੀ ਲਈ ਰਿਟਰਨਿੰਗ ਅਫ਼ਸਰ ਐਸ.ਡੀ.ਐਮ. ਅਸ਼ੋਕ ਕੁਮਾਰ ਹੋਣਗੇ ਤੇ ਏ.ਆਰ.ਓ. ਐਸ.ਡੀ.ਓ. ਦੀਪਕ ਕੁਮਾਰ ਹੋਣਗੇ ਤੇ ਇਨ੍ਹਾਂ ਵੱਲੋਂ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਐਸ.ਡੀ.ਐਮ. ਪਾਤੜਾਂ ਕੋਰਟ ਰੂਮ ਨੰਬਰ 7 ਵਿਖੇ ਲਏ ਜਾਣਗੇ। ਨਾਭਾ ਬਲਾਕ ਸੰਮਤੀ ਲਈ ਐਸ.ਡੀ.ਐਮ. ਕੰਨੂ ਗਰਗ ਰਿਟਰਨਿੰਗ ਅਫ਼ਸਰ ਤੇ ਏਆਰਓ ਨਾਇਤ ਤਹਿਸੀਲਦਾਰ ਅੰਕੁਸ਼ ਕੁਮਾਰ ਗਰਗ ਹੋਣਗੇ ਅਤੇ ਇਨ੍ਹਾਂ ਵੱਲੋਂ ਨਾਮਜ਼ਦਗੀ ਪੱਤਰ ਐਸ.ਡੀ.ਐਮ. ਨਾਭਾ ਕੋਰਟ ਰੂਮ, ਕਮਰਾ ਨੰਬਰ 108 ਵਿਖੇ ਲਏ ਜਾਣਗੇ। ਇਸੇ ਤਰ੍ਹਾਂ ਸਨੌਰ ਬਲਾਕ ਸੰਮਤੀ ਲਈ ਰਿਟਰਨਿੰਗ ਅਫ਼ਸਰ ਵਜੋਂ ਆਰ.ਟੀ.ਓ. ਬਬਨਦੀਪ ਸਿੰਘ ਵਾਲੀਆ ਨੂੰ ਨਿਯੁਕਤ ਕੀਤਾ ਗਿਆ ਹੈ ਅਤੇ ਉਨ੍ਹਾਂ ਦੇ ਨਾਲ ਏ.ਆਰ.ਓ. ਨਾਇਬ ਤਹਿਸੀਲਦਾਰ ਦੁਧਨਸਾਧਾਂ ਜਗਤਾਰ ਸਿੰਘ ਹੋਣਗੇ ਅਤੇ ਇਨ੍ਹਾਂ ਵੱਲੋਂ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਨਗਰ ਕੌਂਸਲ ਦਫ਼ਤਰ ਸਨੌਰ ਵਿਖੇ ਹਾਸਲ ਕੀਤੇ ਜਾਣਗੇ।

# ਝਾੜ ਸਾਹਿਬ ਕਾਲਜ ਵੱਲੋਂ 'ਸੰਵਿਧਾਨ ਦਿਵਸ' ਮਨਾਇਆ ਗਿਆ



**ਮਾਛੀਵਾੜਾ ਸਾਹਿਬ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੀ ਇਲਾਕੇ ਦੀ ਨਾਮਵਾਰ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ, ਝਾੜ ਸਾਹਿਬ ਦੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਕਾਲਜ ਦੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਮੁੱਖੀ ਅਸਿ.ਪ੍ਰੋ.ਸੰਦੀਪ ਕੌਰ ਅਤੇ ਐਨ.ਐਸ.ਐਸ ਯੂਨਿਟ ਦੇ ਪ੍ਰੋਗਰਾਮ ਅਫਸਰ ਅਸਿ.ਪ੍ਰੋ.ਜਸਵੀਰ ਕੌਰ ਦੇ ਸਾਂਝੇ ਯਤਨਾ ਸਦਕਾ 'ਸੰਵਿਧਾਨ ਦਿਵਸ' ਮਨਾਇਆ ਗਿਆ।ਇਸ ਮੌਕੇ ਰਾਜਨੀਤੀ ਸ਼ਾਸਤਰ ਦੇ ਵਿਭਾਗ ਦੇ ਮੁੱਖੀ ਵੱਲੋਂ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ 'ਤੇ ਚਾਨਣਾ ਪਾਇਆ ਗਿਆ ਤੇ ਭਾਰਤੀ ਸੰਵਿਧਾਨ ਦੇ ਇਤਿਹਾਸ ਬਾਰੇ ਵਿਸਥਾਰ ਨਾਲ ਦੱਸਿਆ ਗਿਆ।

ਉਨ੍ਹਾਂ ਨੇ ਕਿਹਾ ਕਿ ਭਾਰਤ ਦੀ ਸੰਵਿਧਾਨ ਸਭਾ ਦੁਆਰਾ ਇਸਨੂੰ 26 ਨਵੰਬਰ 1949 ਵਿੱਚ ਅਪਣਾਇਆ ਗਿਆ ਅਤੇ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ।

ਐਨ.ਐਸ.ਐਸ ਯੂਨਿਟ ਦੇ ਪ੍ਰੋਗਰਾਮ ਅਫਸਰ ਵੱਲੋਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆ ਕਿਹਾ ਕਿ ਜਿਥੇ ਸਾਡੇ ਦੇਸ਼ ਦਾ ਸੰਵਿਧਾਨ ਨਾਗਰਿਕਾਂ ਨੂੰ ਵਧੀਆ ਢੰਗ ਨਾਲ ਜਿਊਣ ਦੇ ਅਧਿਕਾਰ ਦਿੰਦਾ ਹੈ ਉਥੇ ਉਨ੍ਹਾਂ ਨੂੰ ਬਣਦੇ ਕਰਤੱਵਾਂ ਬਾਰੇ ਵੀ ਜਾਗਰੂਕ ਕਰਦਾ ਹੈ।ਇਸ ਤੋਂ ਇਲਾਵਾ ਵਿਦਿਆਰਥਣਾਂ ਨੇ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਸਮੂਹਿਕ ਰੂਪ ਵਿੱਚ ਪੜ੍ਹਿਆ। ਕਾਲਜ ਪ੍ਰਿੰਸੀਪਲ ਨੇ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੰਵਿਧਾਨ ਇੱਕ ਕਾਨੂੰਨੀ ਦਸਤਾਵੇਜ਼ ਨਹੀ ਸਗੋਂ ਇਹ ਭਾਰਤ ਦੇ ਲੋਕਤੰਤਰ ਦੀ ਨੀਂਹ ਹੈ ਜੋ ਰਾਸ਼ਟਰ ਦੇ ਨਿਰਮਾਣ ਤੇ ਵਿਕਾਸ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਕਾਲਜ ਵੱਖ ਵੱਖ ਪ੍ਰੋਗਰਾਮਾਂ ਰਾਹੀ ਵਿਦਿਆਰਥਣਾਂ ਨੂੰ ਅਜਿਹੀ ਵਡਮੁੱਲੀ ਜਾਣਕਾਰੀ ਦੇਣ ਲਈ ਹਮੇਸ਼ਾ ਤੱਤਪਰ ਰਹਿੰਦਾ ਹੈ।

# ਪੰਜਾਬ ਪਬਲਿਕ ਸਕੂਲ ਨਾਭਾ ਬਣਿਆ ਆਲ ਇੰਡੀਆ ਆਈ.ਪੀ.ਐਸ.ਸੀ.ਘੋੜਸਵਾਰੀ ਚੈਂਪੀਅਨਸ਼ਿਪ 2025 ਵਿਜੇਤਾ

**ਨਾਭਾ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

)ਆਲ ਇੰਡੀਆ ਆਈਪੀਐਸਸੀ ਘੋੜਸਵਾਰੀ ਚੈਂਪੀਅਨਸ਼ਿਪ ਚੌਥੇ ਦਿਨ ਇੱਕ ਸ਼ਾਨਦਾਰ ਫਾਈਨਲ ਨਾਲ ਸਮਾਪਤ ਹੋਈ, ਕਿਉਂਕਿ ਪੰਜਾਬ ਪਬਲਿਕ ਸਕੂਲ, ਨਾਭਾ ਨੇ ਸ਼ਾਨਦਾਰ ਪ੍ਰਦਰਸ਼ਨਾਂ ਦੀ ਇੱਕ ਲੜੀ ਨਾਲ ਆਪਣੀ ਘੋੜਸਵਾਰੀ ਸਰਵਉੱਚਤਾ ਦੀ ਪੁਸ਼ਟੀ ਕੀਤੀ। ਇਸ ਪ੍ਰੋਗਰਾਮ ਵਿੱਚ ਪ੍ਰਮੁੱਖ ਆਈਪੀਐਸਸੀ ਸਕੂਲਾਂ ਦੀ ਪ੍ਰਭਾਵਸ਼ਾਲੀ ਭਾਗੀਦਾਰੀ ਦੇਖਣ ਨੂੰ ਮਿਲੀ, ਪੀਪੀਐਸ ਸਵਾਰਾਂ ਨੇ ਦ੍ਰਿੜਤਾ, ਸ਼ੁੱਧਤਾ ਅਤੇ ਪ੍ਰਤੀਯੋਗੀ ਪ੍ਰਤਿਭਾ ਨਾਲ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਜੀਪੀ ਜੂਨੀਅਰ (ਨਾਰਮਲ ਸ਼ੋਅ ਜੰਪਿੰਗ) ਸ਼੍ਰੇਣੀ ਵਿੱਚ, ਪੀਪੀਐਸ ਸਵਾਰ ਧਨਵੀਰ ਸਿੰਘ ਨੇ ਆਪਣਾ ਦਬਦਬਾ ਬਣਾਇਆ, 6 ਅੰਕਾਂ ਦੇ ਸੰਪੂਰਨ ਸਕੋਰ ਨਾਲ ਸਿਖਰਲਾ ਸਥਾਨ ਹਾਸਲ ਕੀਤਾ। ਉਸ ਤੋਂ ਬਾਅਦ ਡੀਪੀਐਸ ਆਰਕੇ ਪੁਰਮ, ਐਮਐਨਐਸਐਸ, ਐਮਐਸਡੀ ਅਤੇ ਪੀਪੀਐਸ ਦੇ ਮਜ਼ਬੂਤ ਦਾਅਵੇਦਾਰ ਸਨ। ਮੇਜ਼ਬਾਨ ਸਕੂਲ ਦੀ ਸ਼ਾਨ ਵਿੱਚ ਵਾਧਾ ਕਰਦੇ ਹੋਏ, ਕੰਵਰ ਜੈਦੀਪ ਸਿੰਘ ਬਰਾੜ ਅਤੇ ਬੀਰਕੁੰਵਰ ਸਿੰਘ ਨੇ ਕ੍ਰਮਵਾਰ 5ਵਾਂ ਅਤੇ 6ਵਾਂ ਸਥਾਨ ਪ੍ਰਾਪਤ ਕੀਤਾ। ਪੀਪੀਐਸ ਇਸ ਸ਼੍ਰੇਣੀ ਵਿੱਚ ਐਮਐਨਐਸਐਸ ਤੋਂ ਅੱਗੇ 10 ਅੰਕਾਂ ਨਾਲ ਓਵਰਆਲ ਟੀਮ ਚੈਂਪੀਅਨ ਬਣ ਕੇ ਉਭਰਿਆ।



ਸਿਕਸ ਬਾਰ ਈਵੈਂਟ ਵਿੱਚ ਉਤਸ਼ਾਹ ਆਪਣੇ ਸਿਖਰ 'ਤੇ ਪਹੁੰਚ ਗਿਆ, ਜਿੱਥੇ ਪੀਪੀਐਸ ਨੇ ਇੱਕ ਦੁਰਲੱਭ ਦੋਹਰੀ ਜਿੱਤ ਪ੍ਰਾਪਤ ਕੀਤੀ। ਬੀਰਕੁੰਵਰ ਸਿੰਘ ਅਤੇ ਧਨਵੀਰ ਸਿੰਘ ਨੇ ਸਾਂਝੇ ਤੌਰ 'ਤੇ ਪਹਿਲਾ ਸਥਾਨ ਹਾਸਲ ਕੀਤਾ, ਦੋਵਾਂ ਨੇ ਬੇਦਾਗ਼ ਤਕਨੀਕ ਦਾ ਪ੍ਰਦਰਸ਼ਨ ਕਰਦੇ ਹੋਏ 5.5-5 ਅੰਕ ਪ੍ਰਾਪਤ ਕੀਤੇ। ਪੀਪੀਐਸ ਦਾ ਦਬਦਬਾ ਜਾਰੀ ਰਿਹਾ ਕਿਉਂਕਿ ਏਕਮਜੀਤ ਸਿੰਘ ਨੇ ਚੌਥਾ ਸਥਾਨ ਪ੍ਰਾਪਤ ਕੀਤਾ, ਜਿਸ ਨਾਲ ਸਕੂਲ ਦੀ ਸਮੁੱਚੀ ਲੀਡ ਹੋਰ ਮਜ਼ਬੂਤ ਹੋਈ।

ਚੈਂਪੀਅਨਸ਼ਿਪ ਨੇ ਵੱਖ-ਵੱਖ ਸ਼੍ਰੇਣੀਆਂ ਵਿੱਚ ਆਪਣੇ ਸਰਵੋਤਮ ਰਾਈਡਰਾਂ ਦਾ ਐਲਾਨ ਵੀ ਕੀਤਾ, ਜਿੱਥੇ ਪੀਪੀਐਸ ਰਾਈਡਰਾਂ ਨੇ ਆਪਣਾ ਦਬਦਬਾ ਕਾਇਮ ਕੀਤਾ। ਲਵਇੰਦਰ ਸਿੰਘ ਨੂੰ ਸਰਵੋਤਮ ਰਾਈਡਰ (ਬੱਚਿਆਂ ਦਾ ਗਰੁੱਪ-99) ਘੋਸ਼ਿਤ ਕੀਤਾ ਗਿਆ। ਗੁਰਿੰਦਰਪ੍ਰਤਾਪ ਸਿੰਘ ਨੂੰ ਸਰਵੋਤਮ ਰਾਈਡਰ (ਬੱਚਿਆਂ ਦਾ ਗਰੁੱਪ-999) ਵਜੋਂ ਸਨਮਾਨਿਤ ਕੀਤਾ ਗਿਆ।

ਈਵੈਂਟਾਂ ਵਿੱਚ ਲਗਾਤਾਰ ਜਿੱਤਾਂ ਅਤੇ ਸ਼ਾਨਦਾਰ ਵਿਅਕਤੀਗਤ ਪ੍ਰਦਰਸ਼ਨਾਂ ਦੇ ਨਾਲ, ਪੰਜਾਬ ਪਬਲਿਕ ਸਕੂਲ, ਨਾਭਾ ਨੇ ਆਲ ਇੰਡੀਆ ਆਈਪੀਐਸਸੀ ਘੋੜਸਵਾਰੀ ਚੈਂਪੀਅਨਸ਼ਿਪ 2025 ਦੀ ਜੇਤੂ ਟਰਾਫੀ ਜਿੱਤੀ, ਜਦੋਂ ਕਿ ਡੇਲੀ ਕਾਲਜ, ਇੰਦੌਰ ਨੇ ਉਪ ਜੇਤੂ ਵਜੋਂ ਸਮਾਪਤ ਕੀਤਾ।

ਡਾ. ਅਮਰਪਾਲ ਸਿੰਘ, ਆਈਏਐਸ (ਸੇਵਾਮੁਕਤ) ਅਤੇ ਵਰਤਮਾਨ ਵਿੱਚ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ (ਪੀਐਸਈਬੀ) ਨੇ ਸਮਾਗਮ ਦੀ ਪ੍ਰਧਾਨਗੀ ਕੀਤੀ ਅਤੇ ਭਾਗੀਦਾਰਾਂ ਨੂੰ ਸਰਟੀਫਿਕੇਟ ਅਤੇ ਟਰਾਫੀਆਂ ਅਤੇ ਅਧਿਕਾਰੀਆਂ ਨੂੰ ਯਾਦਗਾਰੀ ਚਿੰਨ੍ਹ ਦਿੱਤੇ। ਇਸ ਮੌਕੇ ਬੋਲਦਿਆਂ, ਡਾ. ਅਮਰਪਾਲ ਸਿੰਘ ਨੇ ਚੈਂਪੀਅਨਸ਼ਿਪ ਦੇ ਵਧੀਆ ਢੰਗ ਨਾਲ ਨੇਪਰੇ ਚੜ੍ਹਨ ਲਈ ਪੀਪੀਐਸ ਸਪੋਰਟਸ ਸਟਾਫ਼ ਦੀ ਸ਼ਲਾਘਾ ਕੀਤੀ ਅਤੇ ਭਾਗੀਦਾਰਾਂ ਨੂੰ ਘੋੜਸਵਾਰੀ ਖੇਡਾਂ ਨੂੰ ਹੋਰ ਮੁਕਾਬਲੇਬਾਜ਼ ਬਣਾਉਣ ਲਈ ਪੱਧਰ ਨੂੰ ਹੋਰ ਉੱਚਾ ਚੁੱਕਣ ਦਾ ਸੱਦਾ ਦਿੱਤਾ। ਹੈਡਮਾਸਟਰ ਡਾ. ਡੀਸੀ ਸ਼ਰਮਾ ਨੇ ਮੁੱਖ ਮਹਿਮਾਨ ਦਾ ਆਪਣੇ ਰੁਝੇਵਿਆਂ ਵਿੱਚੋਂ ਕੁਝ ਸਮਾਂ ਕੱਢਣ ਲਈ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।

# ਨਵਰੀਤ ਕੌਰ ਸੇਖੋਂ ਨੇ ਮਾਲੇਰਕੋਟਲਾ ਦੇ ਵਧੀਕ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ

**ਮਲੇਰਕੋਟਲਾ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਕੀਤੇ ਗਏ ਤਬਾਦਲਿਆਂ ਤਹਿਤ ਨਵਰੀਤ ਕੌਰ ਨੂੰ ਜ਼ਿਲ੍ਹਾ ਮਾਲੇਰਕੋਟਲਾ ਦਾ ਵਧੀਕ ਡਿਪਟੀ ਕਮਿਸ਼ਨਰ ਲਗਾਇਆ ਗਿਆ ਹੈ। ਉਹਨਾਂ ਨੇ ਅੱਜ ਆਪਣਾ ਅਹੁਦਾ ਸੰਭਾਲ ਲਿਆ। ਜਿਕਰਯੋਗ ਹੈ ਕਿ 2014 ਬੈਚ ਦੇ ਪੀ.ਸੀ.ਐਸ.ਅਧਿਕਾਰੀ ਇਸ ਤੋਂ ਪਹਿਲਾ ਉਹ ਬਤੌਰ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਪਟਿਆਲਾ ਵਿਖੇ ਆਪਣੀਆਂ ਸੇਵਾਵਾਂ ਨਿਭਾ ਰਹੇ ਸਨ। ਨਵਰੀਤ ਕੌਰ ਸੇਖੋਂ ਕੋਲ ਬਤੌਰ ਐਸ.ਡੀ.ਐਮ. ਸੰਗਰੂਰ, ਸਹਾਇਕ ਕਮਿਸ਼ਨਰ ਰੂਪਨਗਰ ਵਜੋਂ ਫੀਲਡ ਅਤੇ ਪ੍ਰਸ਼ਾਸਨਿਕ ਤਾਇਨਾਤੀਆਂ ਦਾ ਵੱਡਾ ਤਜਰਬਾ ਹੈ।



ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਦੀ ਅਗਵਾਈ ਵਿੱਚ ਜ਼ਿਲ੍ਹਾ ਨਿਵਾਸੀਆਂ ਨੂੰ ਵਧੀਆ ਪ੍ਰਸ਼ਾਸ਼ਨਿਕ ਸੇਵਾਵਾਂ ਮੁਹਈਆ ਕਰਵਾਉਣ ਲਈ ਪੁਰਜੋਰ ਯਤਨ ਕਰਨਗੇ। ਸਰਕਾਰ ਦੀਆਂ ਤਰਜ਼ੀਹੀ ਯੋਜਨਾਵਾਂ ਨੂੰ ਜ਼ਮੀਨੀ ਪੱਧਰ ਤੱਕ ਲਿਜਾ ਕੇ ਹਰੇਕ ਯੋਗ ਵਿਅਕਤੀ ਨੂੰ ਉਹਨਾਂ ਦਾ ਲਾਭ ਮੁਹਈਆ ਕਰਵਾਉਣਾ ਉਹਨਾਂ ਦੀ ਪ੍ਰਾਥਮਿਕਤਾ ਰਹੇਗੀ। ਸਰਕਾਰ ਵੱਲੋਂ ਆਮ ਲੋਕਾਂ ਦੀ ਲੋਕ ਭਲਾਈ ਲਈ ਆਰੰਭੀਆਂ ਸਕੀਮਾਂ ਅਤੇ ਪਾਲਿਸੀਆਂ ਨੂੰ ਪਾਰਦਰਸ਼ਤਾ, ਨਿਰੰਤਰਤਾ ਅਤੇ ਤੇਜ਼ੀ ਲਿਆਉਣ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਉਨ੍ਹਾਂ ਕਿਹਾ ਕਿ ਜ਼ਿਲ੍ਹਾਂ ਨਿਵਾਸ਼ੀਆਂ ਨੂੰ ਵਧੀਆਂ ਪ੍ਰਸ਼ਾਸਕੀ ਸੇਵਾਵਾਂ ਦੇਣ ਨੂੰ ਯਕੀਨੀ ਬਣਾਇਆ ਜਾਵੇਗਾ।

ਉਹਨਾਂ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕਰਦਿਆ ਕਿਹਾ ਕਿ ਜ਼ਿਲ੍ਹੇ ਦੇ ਸਰਵਪੱਖੀ ਵਿਕਾਸ ਅਤੇ ਹੋਰ ਸਾਂਝੇ ਕਾਰਜਾਂ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਦਾ ਸਹਿਯੋਗ ਦੇਣ

ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਆਪਣੀ ਡਿਊਟੀ ਇਮਾਨਦਾਰੀ, ਤਨਦੇਹੀ ਅਤੇ ਸਮਰਪੰਨ ਦੀ ਭਾਵਨਾਂ ਨਾਲ ਡਿਊਟੀ ਨਿਭਾਉਣ ਲਈ ਕਿਹਾ। ਜਨ ਹਿੱਤ ਸੇਵਾਵਾਂ ਤੈਅ ਸਮਾਂ ਸੀਮਾ ਵਿਚ ਦੇਣ ਨੂੰ ਯਕੀਨੀ ਬਣਾਇਆ ਜਾਵੇ। ਹਰ ਤਰ੍ਹਾਂ ਦੇ ਦਬਾਅ ਤੋਂ ਮੁਕਤ ਹੋ ਕੇ ਸਰਕਾਰੀ ਕੰਮ-ਕਾਜ ਕੀਤੇ ਜਾਣ।

# ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਨੇ ਦਰਸ਼ਨ ਸਿੰਘ ਲੁਬਾਣਾ, ਆਲ ਇੰਡੀਆ ਚੇਅਰਮੈਨ ਚੁਣੇ ਜਾਣ ਤੇ ਸਨਮਾਨ ਕੀਤਾ

**ਪਟਿਆਲਾ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ ਯੂਨੀਅਨ ਪੰਜਾਬ (1680), ਜਿਲਾ ਸ਼ਾਖਾ ਦੀ ਇਕੱਤਰਤਾ ਸਾਥੀ ਰਾਮ ਲਾਲ ਰਾਮਾ ਸ਼ਹਿਰ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਇਕਤਰਤਾ ਨੇ ਫੈਸਲਾ ਕੀਤਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਪ੍ਰੀਨਿਰਵਾਣ ਦਿਵਸ ਮਿਤੀ 13 ਦਸੰਬਰ 205 ਅਤੇ ਗੁਰਪੁਰਬਾਂ ਨੂੰ ਸਮਰਪਿਤ ਪਾਠ ਸ੍ਰੀ ਸੁਖਮਨੀ ਸਾਹਿਬ ਜੀ ਦੇ 11 ਜਨਵਰੀ 2026 ਨੂੰ ਕਰਵਾਉਣ ਦੀਆਂ ਤਿਆਰੀਆਂ ਲਈ 21 ਮੈਂਬਰੀ ਤਿਆਰੀ ਕਮੇਟੀ ਦਾ ਗਠਨ ਕੀਤਾ ਗਿਆ। ਇਸ ਮੌਕੇ ਤੇ ਇਹ ਵੀ ਫੈਸਲਾ ਕੀਤਾ ਗਿਆ ਕਿ ਕਿਰਤ ਕਾਨੂੰਨਾਂ ਨੂੰ ਮੋਦੀ ਸਰਕਾਰ ਨੇ ਤੋੜ ਮਰੋੜ ਕੇ ਜਾਰੀ ਕਰਨ ਵਿਰੁੱਧ ਮਿਤੀ: 05 ਦਸੰਬਰ 2025 ਨੂੰ ਗੇਟ ਰੈਲੀ ਡਿਪਟੀ ਕਮਿਸ਼ਨਰ ਦਫਤਰ ਅਤੇ ਕੀਤੀ ਜਾਵੇਗੀ। ਇਸ ਦੌਰਾਨ ਇਹ ਯਾਦ ਪੱਤਰ ਮੁੱਖ ਮੰਤਰੀ, ਮੁੱਖ ਸਕੱਤਰ ਤੇ ਸਿਹਤ ਮੰਤਰੀ ਨੂੰ ਦਿੱਤਾ ਜਾਵੇਗਾ, ਜਿਸ ਵਿੱਚ ਮਾਨਯੋਗ ਸੁਪਰੀਮ ਕੋਰਟ ਵਲੋਂ ਕੱਚੇ/ਆਊਟ ਸੋਰਸ ਕਾਮਿਆਂ ਲਈ ਅਗਸਤ 2025 ਵਿੱਚ ਜਾਰੀ ਫੈਸਲਾ ਬਰਾਬਰ—ਕੰਮ—ਬਰਾਬਰ—ਤਨਖਾਹ ਜਾਰੀ ਕਰਨਾ ਸਾਰੇ ਕੱਚੇ ਕਰਮੀਆਂ ਨੂੰ ਵਿਭਾਗਾਂ ਵਿੱਚ ਅਰਜਸਟ ਕਰਕੇ ਸੇਵਾਵਾਂ ਦੀਆਂ ਨਿਯਮਤ ਨਿਯੁਕਤੀਆਂ ਕਰਨਾ ਅਤੇ ਧੰਨ—ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਪਟਿਆਲਾ ਵਿਖੇ ਇੱਕ ਅੱਖਾਂ ਦੇ ਹਸਪਤਾਲ ਦੀ ਤਾਮਿਲ ਕਰਨ ਅਤੇ ਪੁਰਾਣੀ ਪੈਨਸ਼ਨ ਬਹਾਲੀ ਵਰਗੀਆਂ ਮੰਗਾਂ ਦੇ ਯਾਦ ਪੱਤਰ ਸ਼ਾਮਲ ਦਿੱਤੇ ਜਾਣਗੇ।




ਇਕੱਤਰਤਾ ਨੇ ਮਿਤੀ 21 ਅਤੇ 22 ਨਵੰਬਰ ਨੂੰ ਨਵੀਂ ਦਿੱਲੀ ਵਿਖੇ ਆਲ ਇੰਡੀਆ ਸਟੇਟ ਗੌਰਮਿੰਟ ਕਲਾਸ ਫੋਰਥ ਇੰਪਲਾਈਜ਼ ਫੈਡਰੇਸ਼ਨ ਦੀ ਦੋ ਰੋਜਾ ਕਾਨਫਰੰਸ ਵਿੱਚ ਕਾ. ਦਰਸ਼ਨ ਸਿੰਘ ਲੁਬਾਣਾ ਨੂੰ ਫੈਡਰੇਸ਼ਨ ਦੇ ਆਲ ਇੰਡੀਆ ਚੇਅਰਮੈਨ, ਕਾ. ਰਣਜੀਤ ਸਿੰਘ ਰਾਣਵਾ ਨੂੰ ਆਲ ਇੰਡੀਆ ਵਾਇਸ ਪ੍ਰਧਾਨ, ਰਾਮ ਲਾਲ ਰਾਮਾ ਨੂੰ ਆਲ ਇੰਡੀਆ ਦਾ ਆਰਗੇਨਾਇਜਰ ਸਕੱਤਰ ਤੇ ਰਾਮ ਪ੍ਰਸਾਦ ਸਹੋਤਾ ਨੂੰ ਆਲ ਇੰਡੀਆ ਦਾ ਕਾਰਜਕਾਰਨੀ ਮੈਂਬਰ ਸਰਵ ਸੰਮਤੀ ਨਾਲ ਚੁਣੇ ਜਾਣ ਤੇ ਉਹਨਾਂ ਦਾ ਹਾਰਦਿਕ ਅਭਿਨੰਦਨ ਕਰਦੇ ਹੋਏ ਸਨਮਾਨਤ ਕੀਤਾ ਗਿਆ। ਇਸ ਮੌਕੇ ਤੇ ਵੱਖ—ਵੱਖ ਵਿਭਾਗਾਂ ਦੇ ਜ਼ੋ ਪ੍ਰਮੁੱਖ ਆਗੂ ਹਾਜਰ ਸਨ ਉਹਨਾਂ ਵਿੱਚ ਸਰਵ ਸ੍ਰੀ ਦਰਸ਼ਨ ਸਿੰਘ ਲੁਬਾਣਾ, ਰਾਮ ਲਾਲ ਰਾਮਾ, ਰਾਮ ਪ੍ਰਸਾਦ ਸਹੋਤਾ, ਇੰਦਰਪਾਲ ਵਾਲਿਆ, ਲਖਵੀਰ ਸਿੰਘ, ਪ੍ਰੀਤਮ ਚੰਦ ਠਾਕੁਰ, ਬਲਬੀਰ ਸਿੰਘ, ਪ੍ਰਕਾਸ਼ ਸਿੰਘ ਲੁਬਾਣਾ, ਰਾਜੇਸ਼ ਕੁਮਾਰ, ਮੋਦ ਨਾਥ ਸ਼ਰਮਾ, ਪ੍ਰੇਮ ਕੁਮਾਰ, ਰਾਮ ਜ਼ੋਧਾ, ਸਤਿਨਰਾਇਣ ਗੋਨੀ, ਤਰਲੋਚਨ ਮਾਡੂ, ਹਰਬੰਸ ਵਰਮਾ, ਅਮਰਨਾਥ, ਸਵਰਨ ਸਿੰਘ, ਧਰਮਿੰਦਰ, ਸੋਹਨ ਸਿੰਘ, ਰਾਜ ਕੁਮਾਰ ਦੇਵੀਗੜ੍ਹ ਹਾਜਰ ਸਨ।

# ਰੋਪੜ ਵਿਖੇ ਐਨ.ਸੀ.ਸੀ. ਦੇ ਸੀ.ਏ.ਟੀ.ਸੀ. 96 ਕੈਂਪ ਵਿੱਚ ਬਲੱਡ ਡੋਨੇਸ਼ਨ ਕੈਂਪ ਲਗਾਇਆ




**ਪਟਿਆਲਾ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ.ਏ.ਟੀ.ਸੀ. ਕੰਬਾਇਡ, ਐਨੂਅਲ ਟ੍ਰੇਨਿੰਗ ਕੈਂਪ ਵਿਖੇ ਅੱਜ ਬਲੱਡ ਬੈਂਕ ਰੋਪੜ ਦੇ ਸਹਿਯੋਗ ਤੇ ਪੰਜ ਪੰਜਾਬ ਬਟਾਲੀਅਨ ਦੇ ਕਮਾਡਿੰਗ ਅਫਸਰ ਕਰਨਲ ਸੰਦੀਪ ਰਾਏ ਤੇ ਐਡਮਿਨ ਅਫਸਰ ਕਰਨਲ ਪ੍ਰੀਨਿਵਾਸਨ ਦੇ ਦਿਸ਼ਾ ਨਿਰਦੇਸ਼ ਅਨੁਸਾਰ ਖੂਨ ਦਾਨ ਕੈਂਪ ਲਗਾਇਆ ਗਿਆ। ਜਿਸ ਵਿੱਚ 40 ਯੂਨਿਟ ਦੇ ਕਰੀਬ ਖੂਨ ਇਕੱਤਰ ਹੋਇਆ। ਜਿਸ ਕੈਡਿਟਾਂ ਤੋਂ ਇਲਾਵਾ ਐਨ.ਸੀ.ਸੀ. ਅਫਸਰਾਂ ਤੇ ਟ੍ਰੇਨਿੰਗ ਪੀ.ਆਈ. ਸਟਾਫ ਨੇ ਖੂਨਦਾਨ ਕੀਤਾ। ਬਲੱਡ ਬੈਂਕ ਰੋਪੜ ਤੋਂ ਮੋਟੀਵੇਟਰ ਪਰਮਿੰਦਰ ਸਿੰਘ ਨੇ ਦੱਸਿਆ ਕਿ ਬੈਂਕ ਵਿੱਚ ਬਲੱਡ ਦੀ ਅਤੀ ਜਰੂਰਤ ਸੀ ਡੇਂਗੂ ਤੇ ਚਿਕਨਗੁਨੀਆਂ ਦੇ ਬਹੁਤ ਮਰੀਜ ਆ ਰਹੇ ਹਨ। ਉਸੀ ਸਮੇਂ ਐਨ.ਸੀ.ਸੀ. ਅਕੈਡਮੀ ਰੋਪੜ ਵਿਖੇ ਸੀ.ਏ.ਟੀ.ਸੀ. 96 ਪਟਿਆਲਾ ਗਰੁੱਪ ਵੱਲੋਂ ਚੱਲ ਰਿਹਾ ਹੈ। ਐਨ.ਸੀ.ਸੀ.5.ਪੀ.ਬੀ. ਦੇ ਕਮਾਡਿੰਗ ਅਫਸਰਾਂ ਨੇ ਤੁਰੰਤ ਖੂਨਦਾਨ ਕਰਨ ਲਈ ਕੈਡਿਟਾ ਤੇ ਸਟਾਫ ਨੂੰ ਪ੍ਰੇਰਿਤ ਕੀਤਾ। ਸੂਬੇਦਾਰ ਮੇਜਰ ਹਰਵਿੰਦਰ ਸਿੰਘ ਨੇ ਇਸ ਪ੍ਰੋਗਰਾਮ ਨੂੰ ਨੇਪਰੇ ਚਾੜਨ ਦਾ ਜਿੰਮਾ ਲਿਆ।

ਐਸ.ਪੀ.ਬੀ. ਐਨ.ਸੀ.ਸੀ. ਪਟਿਆਲਾ ਦੇ ਕਲੈਰੀਕਲ ਸਟਾਫ ਰੌਹਿਤ ਸਚਦੇਵਾ ਅਕਾਊਂਟੈਂਟ ਮੈਡਮ ਜ਼ਸਵਿੰਦਰ ਕੌਰ / ਪਰਮਜੀਤ ਸਿੰਘ ਸੁਪਰਟੈਂਡੈਂਟ, ਸੀਨੀਅਰ ਸਹਾਇਕ ਹਰਵਿੰਦਰ ਸਿੰਘ, ਬਲਵਿੰਦਰ ਸਿੰਘ, ਗੁਰਦਾਸ ਜੀ ਨੇ ਬੱਚਿਆ ਲਈ ਰਿਫਰੈਸ਼ਮੈਂਟ ਦਾ ਪ੍ਰਬੰਧ ਕੀਤਾ ਗਿਆ। ਸਮੁੱਚੇ ਪ੍ਰੋਗਰਾਮ ਨੂੰ ਤੇ ਬੱਚਿਆਂ ਦਾ ਧੰਨਵਾਦ ਸਵਰਨ ਸਿੰਘ, ਗੌਰਵ ਕਪੂਰ, ਮਨਦੀਪ ਕੁਮਾਰ, ਸੁੰਦਰ ਜੀ, ਸ੍ਰੀ ਸੁਭਾਸ਼ ਕੁਮਾਰ ਨੇ ਇਸ ਮਹਾਦਾਨ ਵਿੱਚ ਯੋਗਦਾਨ ਪਾਉਣ ਲਈ ਡੋਨਰਾਂ ਦਾ ਧੰਨਵਾਦ ਕੀਤਾ ਗਿਆ। ਇਹ ਜਾਣਕਾਰੀ ਲੈਫਟੀਨੈਂਟ ਜਗਦੀਪ ਜ਼ੋਗੀ ਨੇ ਦਿੱਤੀ।

# ਮੇਰੇ ਪੇਕਿਆਂ ਦੇ ਪਿੰਡ ਤੀਆਂ ਜੋਰ ਲੱਗੀਆਂ

ਸਾਉਣ ਮਹੀਨਾ ਦਿਨ ਤੀਆਂ ਦੇ,
ਪਿੱਪਲੀ ਪੀਂਘਾ ਪਾਈਆਂ,
ਭਿੱਜ ਗਈ ਰੂਹ ਮਿੱਤਰਾ, ਸਾਉਣ ਘਟ੍ਹਾਂ ਚੜ੍ਹ ਆਈਆਂ।

ਪੇਕਿਆਂ ਦਾ ਚਾਅ, ਵਿਛੜੀਆਂ ਸਹੇਲੀਆਂ ਦਾ ਸੰਗ, ਨਾਲ ਹੀ ਸਾਉਣ ਦੀ ਚੜ੍ਹੀ ਮਸਤੀ ਵਿੱਚ ਕੁੜੀਆਂ ਗਾਉਂਦੀਆਂ ਹਨ:-

ਆਇਆ ਸਾਉਣ ਮਹੀਨਾ, ਕੁੜੀਓ, ਲੈ ਕੇ ਠੰਡੀਆਂ ਹਵਾਵਾਂ,
ਪੇਕੇ ਘਰੋਂ ਮੈਨੂੰ ਆਈਆਂ ਝਾਂਜਰਾਂ, ਮਾਰ ਅੱਡੀ ਛਣਕਾਵਾਂ,
ਖੱਟਾ ਡੋਰੀਆ ਉੱਡ-ਉੱਡ ਜਾਂਦਾ, ਜਦ ਮੈਂ ਪੀਂਘ ਚੜ੍ਹਾਵਾਂ,
ਸਾਉਣ ਦੇ ਬੱਦਲਾ ਵੇ, ਜਸ ਤੇਰਾ ਮੈਂ ਗਾਵਾਂ।

ਤੀਆਂ ਦਾ ਮੇਲਾ ਔਰਤ ਜਾਤੀ ਦੇ ਮਾਨ-ਸਨਮਾਨ ਅਤੇ ਆਜਾਦੀ ਦੇ ਪ੍ਰਗਟਾਵੇ ਦਾ ਇੱਕ ਸੱਭਿਆਚਾਰਕ ਪਿੜ ਹੁੰਦਾ ਹੈ। ਤੀਆਂ ਦੇ ਦਿਨਾਂ ਵਿੱਚ ਪਿੰਡ ਦੀ ਹਰ ਇੱਕ ਕੁੜੀ ਅਤੇ ਵਿਆਂਹਦੜ ਦਾ ਤਨ-ਮਨ ਗਿੱਧੇ ਨਾਲ ਜੁੜਿਆ ਹੁੰਦਾ ਹੈ। ਇਹ ਭਾਵਨਾ ਇੱਕ ਬੋਲੀ ਰਾਹੀਂ ਪ੍ਰਗਟ ਹੁੰਦੀ ਹੈ:-

ਆਇਆ ਸਾਵਣ ਮਨ ਪ੍ਰਚਾਵਣ,
ਰੱਜੀਆਂ ਮੱਝੀ ਗਾਈਂ,
ਗਿੱਧਿਆ ਪਿੰਡ ਵੜ ਵੇ, ਲਾਮ੍ਹ-ਲਾਮ੍ਹ ਨਾ ਜਾਈਂ।

ਧਨੀ ਰਾਮ ਚਾਤ੍ਰਿਕ ਨੇ ਆਪਣੀ ਕਵਿਤਾ ਦੇ ਇੱਕ ਟੱਪੇ ਰਾਹੀਂ ਸਾਉਣ ਦੇ ਮਹੀਨੇ ਨਾਲ ਮੁਟਿਆਰ ਦੇ ਮੋਹ ਨੂੰ ਇੰਝ ਪ੍ਰਗਟ ਕੀਤਾ ਹੈ:-

ਬਾਲਮਾ ! ਵਾਰ ਨੇ ਤਿਹਾਰੇ, ਦੇ ਜਾ ਸਾਉਣ ਦੇ ਦਿਨ ਉਧਾਰੇ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਔਰਤ ਸਰੂਪ ਵਿੱਚ ਆ ਕੇ, ਸਾਉਣ ਬਾਰੇ ਇੱਕ ਔਰਤ ਦੀ ਭਾਵਨਾ ਨੂੰ ਇੰਝ ਪ੍ਰਗਟ ਕੀਤਾ ਹੈ:-

ਮੰਗੀ ਰੁਣ ਝੁਣ ਲਾਇਆ ਭੈਣੇ ਸਾਵਣ ਆਇਆ।

ਸਾਉਣ ਵਿੱਚ ਸ਼ਿੰਗਾਰ ਰਸ ਦੀ ਪ੍ਰਧਾਨਤਾ : ਸਾਉਣ ਦੇ ਮਹੀਨੇ ਪੂਰੀ ਪ੍ਰਕ੍ਰਿਤੀ ਹੀ ਹਰਿਆਵਲ ਰੂਪੀ ਸ਼ਿੰਗਾਰ ਰਸ ਨਾਲ ਨੱਕੋ-ਨੱਕ ਭਰੀ ਹੁੰਦੀ ਹੈ। ਤੀਆਂ ਦੇ ਮੇਲੇ ਵਿੱਚ ਸ਼ਾਮਿਲ ਕੁੜੀਆਂ ਦੇ ਸ਼ਿੰਗਾਰ ਦੀਆਂ ਤਾਂ ਸਾਰੀਆਂ ਹੱਦਾਂ ਹੀ ਪਾਰ ਹੁੰਦੀਆਂ ਹਨ। ਤੀਜ ਦੀਆਂ ਤੀਆਂ ਦੇ ਮੇਲੇ ਚ ਮੁਟਿਆਰਾਂ ਸਜ ਧਜ ਕੇ ਜਾਂਦੀਆਂ ਹਨ: ਹੱਥ ਮਹਿੰਦੀ ਨਾਲ ਰੰਗੇ ਹੁੰਦੇ ਹਨ। ਕੁਆਰੀਆਂ ਦੀਆਂ ਬਾਹਾਂ ਵਿੱਚ ਚੂੜੀਆਂ ਅਤੇ ਵਿਆਹਦੰੜਾਂ ਦੀਆਂ ਬਾਹਾਂ ਵਿੱਚ ਚੂੜੇ ਛਣਕਦੇ ਹਨ। ਮੁਟਿਆਰਾਂ ਨਵੇਂ ਸੂਟ ਜਾਂ ਘੱਗਰੇ ਪਾਉਂਦੀਆਂ ਹਨ। ਵਿਆਹਦੜਾਂ ਤਾਂ ਸੋਨੇ ਨਾਲ ਵੀ ਲੱਦੀਆਂ ਹੁੰਦੀਆਂ ਹਨ। ਤੀਆਂ ਵਿੱਚ ਮੁਟਿਆਰਾਂ ਦੇ ਸਜ ਧਜ ਕੇ ਆਉਣ ਨੂੰ ਪ੍ਰਗਟ ਕਰਦੀ ਇੱਕ ਬੋਲੀ ਇੰਝ ਹੈ :-

ਨੱਚਾਂ-ਨੱਚਾਂ-ਨੱਚਾਂ, ਨੀ ਮੈਂ ਅੱਗ ਵਾਂਗੂ ਮੱਚਾਂ,
ਮੇਰੀ ਨੱਚਦੀ ਦੀ ਝਾਂਜਰ ਛਣਕੇ ਨੀ,
ਨੀ ਮੈਂ ਨੱਚਣਾ ਪਟੋਲਾ ਬਣਕੇ ਨੀ।

ਮਹਿੰਦੀ ਅਤੇ ਤੀਆਂ ਦਾ ਰਿਸ਼ਤਾ:- ਤੀਆਂ ਬਿਨਾਂ ਸਾਉਣ ਅਧੂਰਾ ਅਤੇ ਮਹਿੰਦੀ ਬਿਨ ਤੀਆਂ। ਔਰਤਾਂ ਲਈ ਗਹਿਣੀਆਂ ਦੇ ਨਾਲ ਮਹਿੰਦੀ ਦਾ ਸ਼ਿੰਗਾਰ ਉੱਤਮ ਮੰਨਿਆ ਗਿਆ ਹੈ। ਸਾਉਣ ਦੀਆਂ ਤੀਆਂ ਦੇ ਮੇਲਿਆ ਵੇਲੇ ਹਰ ਇੱਕ ਘਰ ਵਿੱਚ ਕੁਆਰੀਆਂ ਅਤੇ ਵਿਆਹਦੜਾਂ, ਮਹਿੰਦੀ ਦਾ ਸ਼ਿੰਗਾਰ ਕਰਦੀਆਂ ਹਨ। ਮੁਟਿਆਰਾਂ ਮਹਿੰਦੀ ਦੇ ਲਾਲ ਸੂਹੇ ਰੰਗਾਂ ਵਿੱਚ ਰੰਗੀਆਂ, ਸਿਰ ਫੁਲਕਾਰੀਆਂ ਲੈ ਕੇ ਗਿੱਧੇ ਦੇ ਪਿੜ ਵਿੱਚ ਚੀਚ ਵਹੁਟੀਆਂ ਬਣ-ਬਣ ਨਿੱਤਰਦੀਆਂ ਹਨ, ਜਿਵੇਂ :-

ਬਾਗੀ ਫੇਰਾ ਪਾ ਗਈ ਨੀਂ,
ਗੋਰੀ ਤਿੱਤਲੀ ਬਣਕੇ,
ਹੱਥੀਂ ਤਾਂ ਮਹਿੰਦੀ ਰੰਗਲੀ ਨੀਂ,
ਬਾਹੀਂ ਚੂੜਾ ਛਣਕੇ।

ਤੀਆਂ ਦੇ ਗਿੱਧੇ ਵਿੱਚ ਸ਼ਾਮਿਲ ਪੰਜਾਬ ਦੀਆਂ ਮੁਟਿਆਰਾਂ ਇੰਦਰ ਲੋਕ ਦੀਆਂ ਪਰੀਆਂ ਲੱਗਦੀਆਂ ਹਨ। ਸ਼ਿੰਗਾਰ ਰਸ ਨੂੰ ਸਮਰਪਿਤ ਇੱਕ ਹੋਰ ਬੋਲੀ ਇੰਝ ਹੈ:-

ਨੱਚਣ ਦੀਆਂ ਤੂੰ ਕਰੇਂ ਦਲੀਲਾਂ ਲਹਿੰਗਾ ਜਾਮਣੀ ਪਾਇਆ,
ਨੀ ਅੱਖ ਚੁਫੇਰੇ ਘੁੰਮਦੀ ਤੇਰੀ, ਮੱਥੇ ਚੌਂਕ ਸਜਾਇਆ,
ਨੱਚ ਮਲਕੀਤ ਕੁਰੇ, ਪਿੰਡ ਦੇਖਣ ਨੂੰ ਆਇਆ।

ਗਿੱਧੇ ਦੀ ਇੱਕ ਹੋਰ ਲੋਕ ਬੋਲੀ ਰਾਹੀਂ ਵਿਆਹਦੰੜਾਂ ਦਾ ਸ਼ਿੰਗਾਰ ਚੋ-ਚੋ ਪੈਂਦਾ ਹੈ:-

ਸਾਂਵੀ ਚੁੰਨੀ ਵਾਲੀਏ ਕੁੜੀਏ, ਆਈਐਂ ਗਿੱਧੇ ਵਿੱਚ ਬਣਕੇ,
ਨੀ ਕੰਨੀ ਤੇਰੇ ਝੁਮਕੇ ਸੋਂਹਦੇ, ਗਲ ਕੈਂਠੀ ਦੇ ਮਣਕੇ,
ਨੀ ਤੀਲ੍ਹੀ ਤੇਰੀ ਨੇ ਮੁਲਕ ਮੋਹਲਿਆ, ਬਾਹੀਂ ਚੂੜਾ ਛਣਕੇ,
ਫੇਰ ਕਦ ਨੱਚੇਗੀਂ, ਨੱਚ ਲੈ ਪਟੋਲਾ ਬਣਕੇ।

ਜਦੋਂ ਤੀਆਂ ਦਾ ਗਿੱਧਾ ਪੈਂਦਾ ਹੈ, ਤਾਂ ਮੁਟਿਆਰਾਂ ਪੂਰੇ ਲੋਰ ਚ ਆਕੇ ਨੱਚਦੀਆਂ ਹਨ, ਉਹਨਾਂ ਦੇ ਗਿੱਧੇ ਦੀ ਧਮਕ ਸਾਰੇ ਪਿੰਡ ਵਿੱਚ ਸੁਣਾਈ ਦਿੰਦੀ ਹੈ:-

ਸੁੱਥਣ ਸੂਫ ਦੀ ਸ਼ੀਸ਼ਿਆਂ ਵਾਲੀ, ਨਾਲ ਹਵਾ ਦੇ ਖਹਿੰਦੀ,
ਬਈ ਜਦ ਧਰਤੀ ਤੇ ਅੱਡੀ ਮਾਰਾਂ,
ਧਮਕ ਜਲੰਧਰ ਪੈਂਦੀ,
ਨੀ ਗੁੱਤ ਨਾਗਨੀ ਸਭ ਨੂੰ ਡੰਗੇ, ਆਪ ਡੰਗੀ ਨਾ ਜਾਵੇ,
ਨੱਚਦੀ ਮੇਲਣ ਦਾ, ਲੌਂਗ ਬੋਲੀਆਂ ਪਾਵੇ।

ਗਿੱਧੇ ਵਿੱਚ ਜੇਕਰ ਕੋਈ ਮੁਟਿਆਰ, ਨੱਚਣ ਵਿੱਚ ਨਖਰਾ ਕਰਦੀ ਹੋਵੇ, ਤਾਂ ਦੂਜੀ ਮੁਟਿਆਰ ਬੋਲੀ ਪਾਉਂਦੀ ਹੈ:-

ਜੇ ਨਖਰੋ ਤੂੰ ਨੱਚਣਾ ਜਾਣਦੀ, ਦੇਦੇ ਸ਼ੌਂਕ ਦਾ ਗੇੜਾ,
ਰੂਪ ਤੇਰੇ ਦੀ ਗਿੱਠ-ਗਿੱਠ ਲਾਲੀ, ਤੈਥੋਂ ਸੋਹਣਾ ਕਿਹੜਾ,
ਨੀ ਦੀਵਾ ਕੀ ਕਰਨਾ, ਚਾਨਣ ਹੋਜੂ ਤੇਰਾ।

ਪੰਜਾਬੀ ਲੋਕ ਨਾਚ ਗਿੱਧੇ ਦੀਆਂ ਅਜਿਹੀਆਂ ਹਜਾਰਾਂ ਬੋਲੀਆਂ ਹਨ, ਜਿਨ੍ਹਾਂ ਵਿੱਚ ਸ਼ਿੰਗਾਰ ਰਸ ਦੇ ਨਾਲ ਜੋਸ਼ ਵੀ ਡੁੱਲ-ਡੁੱਲ ਪੈਂਦਾ ਹੈ। ਜਵਾਨੀ ਦੇ ਜੋਸ਼ ਨੂੰ ਪ੍ਰਗਟ ਕਰਦੀ ਇੱਕ ਬੋਲੀ ਦੇਖੋ:-

ਨੀ ਤੂੰ ਨੱਚ ਅੜੀਏ, ਬੋਲੀ ਚੱਕ ਅੜੀਏ,
ਨੀ ਤੂੰ ਅੱਗ ਦੇ ਭਮੂਕੇ ਵਾਂਗੂ ਮੱਚ ਅੜੀਏ।

ਇਹਨਾਂ ਬੋਲੀਆਂ ਦਾ ਰਚਨਹਾਰਾ ਕੋਈ ਇੱਕ ਕਵੀ ਨਹੀਂ ਹੈ, ਸਗੋਂ ਇਹ ਤਾਂ ਲੋਕ ਮਨਾਂ ਦੇ ਬਲਬਲਿਆਂ ਵਿੱਚੋਂ ਆਪ ਮੁਹਾਰੇ ਉਮੰਡੀਆਂ ਹਨ ਅਤੇ ਹੈਰਾਨੀ ਦੀ ਗੱਲ ਇਹ ਹੈ ਕਿ ਹਰ ਇੱਕ ਬੋਲੀ ਸੁਰ ਤਾਲ ਤੇ ਖਰੀ ਉਤਰਦੀ ਹੈ। ਗਿੱਧੇ ਵਿੱਚ ਪੰਜਾਬੀ ਮੁਟਿਆਰ ਆਪਣੀ ਕਲਾ ਅਤੇ ਹੁਸਨ ਦਾ ਪ੍ਰਗਟਾਵਾ ਇੰਝ ਕਰਦੀ ਹੈ :-

ਗਿੱਧਿਆ ਦੇ ਵਿੱਚ ਆਵਾਂ ਨੀ ਮੈਂ, ਪਾਵਾਂ ਨੱਚ ਧਮਾਲਾਂ,
ਪਾਉਣ ਨੀਵੀਆਂ ਮੋਰ ਸ਼ਰਮ ਨਾਲ ਦੇਖ ਮੇਰੀਆਂ ਚਾਲਾਂ,
ਇੱਕ ਜੀ ਕਰਦਾ ਵਿੱਚ ਅੰਬਰਾਂ ਦੇ, ਉੱਡ ਜਾਂ ਕਬੂਤਰ ਬਣਕੇ,
ਛਣਕਾਟਾ ਪੈਂਦਾ ਗਲੀ-ਗਲੀ, ਨੀ ਮੇਰੀ ਐਸੀ ਝਾਂਜਰ ਛਣਕੇ।

ਜਦੋਂ ਪ੍ਰਕ੍ਰਿਤੀ ਪੰਜਾਬੀ ਸੱਭਿਆਚਾਰ ਦੀ ਧਰਾਤਲ ਹੈ, ਤਾਂ ਪੰਛੀਆਂ ਨਾਲ ਇਸ ਦੀ ਸਾਂਝ ਹੋਣੀ ਇੱਕ ਬੁਨਿਆਦੀ ਗੁਣ ਹੈ। ਸਾਉਣ ਦੇ ਮਹੀਨੇ ਵਿੱਚ ਜਿੱਥੇ ਹਰਿਆਵਲ ਆਪਣੇ ਹੁਸਨ ਦੇ ਸ਼ਿਖਰ ਤੇ ਹੁੰਦੀ ਹੈ, ਉੱਥੇ ਹੀ ਪੰਛੀ ਵੀ ਸਾਉਣ ਦੇ ਮਹੀਨੇ ਦਾ ਜਸ਼ਨ ਆਪਣੀਆਂ ਵਿਲੱਖਣ ਸੁਰਾਂ ਨਾਲ ਮਨਾਉਂਦੇ ਹਨ, ਪੰਜਾਬੀ ਮੁਟਿਆਰ ਕੋਇਲ ਨੂੰ ਸੰਬੋਧਿਤ ਹੁੰਦੀ ਕਹਿੰਦੀ ਹੈ:-

ਪ੍ਰੀਤਾਂ ਦੀ ਮੈਨੂੰ ਸਾਂਝ ਬਥੇਰੀ, ਲਾਕੇ ਤੋੜ ਨਿਭਾਵਾਂ,
ਨੀ ਕੋਇਲੇ ਸਾਉਣ ਦੀਏ, ਤੈਨੂੰ ਹੱਥ ਤੇ ਚੋਗ ਚੁਗਾਵਾਂ।

ਮੋਰ ਤਾਂ, ਸਾਉਣ ਦੀ ਪ੍ਰਕ੍ਰਿਤੀ ਦੇਵੀ ਦਾ ਗਹਿਣਾ ਹੈ, ਪੰਜਾਬੀ ਮੁਟਿਆਰ ਕਹਿੰਦੀ ਹੈ:-

ਸਾਉਣ ਦਾ ਮਹੀਨਾ ਬਾਗਾਂ ਵਿੱਚ ਬੋਲਣ ਮੋਰ ਵੇ,
ਜਾਹ ਮੈਂ ਨੀ ਸੌਹਰੇ ਜਾਣਾ, ਗੱਡੀ ਨੂੰ ਖਾਲੀ ਮੋੜ ਵੇ।

ਪੰਜਾਬੀ ਦੇ ਸਿਰਮੌਰ ਕਵੀ ਧਨੀ ਰਾਮ ਚਾਤ੍ਰਿਕ ਨੇ ਸਾਉਣ ਮਹੀਨੇ ਦੀ ਪ੍ਰਕ੍ਰਿਤੀ ਨੂੰ ਇੱਕ ਟੱਪੇ ਰਾਹੀਂ ਇੰਝ ਪ੍ਰਕਟ ਕੀਤਾ ਹੈ :-

ਬਾਗਾਂ ਵਿੱਚ ਕੂਕ ਛਿੜ ਪਈ ਏ, ਮੋਰਾਂ ਦੀ ਜਿੰਦ ਖਿੱੜ ਪਈ ਏ।

ਜਿੱਥੇ ਗਿੱਧਾ, ਤੀਆਂ ਦੇ ਮੇਲੇ ਦਾ ਦਿਲ ਹੈ, ਉੱਥੇ ਪਿੱਪਲ ਤੇ ਪਾਈ ਹੋਈ ਪੀਂਘ ਮੇਲੇ ਦੀ ਆਤਮਾ ਹੈ। ਤੀਆਂ ਦੇ ਮੇਲੇ ਵਿੱਚ ਪਾਈ ਪੀਂਘ ਨੂੰ ਸਮਰਪਿਤ ਇੱਕ ਖੂਬਸੂਰਤ ਬੋਲੀ ਇੰਝ ਹੈ:-

ਸੌਣ ਮਹੀਨਾ ਵਰ੍ਹੇ ਮੇਘਲਾ, ਲਿਸ਼ਕੇ ਜੋਰੋ ਜੋਰ
ਇਹ ਦਿਨ ਤੀਆਂ ਦੇ ਆਏ, ਪੀਂਘਾਂ ਲੈਣ ਹੁਲਾਰੇ ਜੋਰ।

ਜਦੋਂ ਮੁਟਿਆਰਾਂ ਪੀਂਘਾ ਤੇ ਹੀਂਘਾ ਚੜਾਉਂਦੀਆਂ ਹਨ, ਤਾਂ ਉਹਨਾਂ ਵਿੱਚ ਇਹ ਮੁਕਾਬਲਾ ਹੁੰਦਾ ਹੈ ਕਿ ਕੌਣ ਪਿੱਪਲੀ ਦਾ ਸਿਖਰਲਾ ਪੱਤਾ ਤੋੜ ਕੇ ਲਿਆਉਂਦੀ ਹੈ।

ਵੱਲੋ :- ਸਾਉਣ ਦੀ ਪੂਰਨਮਾਸ਼ੀ ਵਾਲੇ ਦਿਨ ਤੀਆਂ ਦਾ ਆਖਰੀ ਦਿਨ ਹੁੰਦਾ ਹੈ। ਜਿਸਨੂੰ ਵੱਲੋ ਪਾਉਣਾ ਕਹਿੰਦੇ ਹਨ। ਇਸ ਦਿਨ ਜਿੱਥੇ ਮੁਟਿਆਰਾਂ ਵਿੱਚ ਗਿੱਧੇ ਦਾ ਜੋਸ਼ ਸ਼ਿਖਰ ਤੇ ਹੁੰਦਾ ਹੈ, ਉੱਥੇ ਹੀ ਉਹਨਾਂ ਵਿੱਚ ਤੀਆਂ ਦੀ ਵਿਦਾਈ ਦੀ ਮਾਯੂਸੀ ਵੀ ਹੁੰਦੀ ਹੈ। ਗਿੱਧੇ ਦੇ ਆਖਰੀ ਪੜਾ ਉੱਪਰ ਮੁਟਿਆਰਾਂ, ਕੁਝ ਖਾਸ ਬੋਲੀਆਂ ਪਾਉਂਦੀਆਂ ਹਨ:-

ਸਾਉਣ ਵੀਰ ਕੱਠੀਆਂ ਕਰੇ, ਭਾਦੋਂ ਚੰਦਰੀ ਵਿਛੋੜੇ ਪਾਵੇ।

ਮੁਟਿਆਰਾਂ ਮਨੋਵਿਗਿਆਨਿਕ ਤੌਰ ਤੇ ਆਸਾਂ ਭਰੀਆਂ ਕਿਰਨਾ ਵਿਖੇਰਦੇ ਹੋਏ ਕਹਿੰਦੀਆਂ ਹਨ:

ਤੀਆਂ ਤੀਜ ਦੀਆਂ, ਵਰ੍ਹੇ ਦਿਨਾਂ ਨੂੰ ਫੇਰ,
ਤੀਆਂ ਤੀਜ ਦੀਆਂ...... . ..........

ਪੇਕੇ ਆਈਆਂ ਮੁਟਿਆਰਾਂ ਆਪਣੇ-ਆਪਣੇ ਮਾਹੀਂ ਨੂੰ ਯਾਦ ਕਰਦੀਆਂ ਕਾਂ ਦੇ ਰਾਹੀਂ ਕਹਿੰਦੀਆਂ ਹਨ : -

ਚੁੰਝ ਤਾਂ ਤੇਰੀ ਕਾਲਿਆਂ ਕਾਵਾਂ, ਸੋਨੇ ਨਾਲ ਮੜ੍ਹਾਵਾਂ,
ਜਾਂ ਆਖੀਂ ਮੇਰੇ ਢੋਲੇ ਨੂੰ ਨਿੱਤ ਔਸੀਆਂ ਪਾਵਾਂ।

## ਪਛਾਣ, ਪ੍ਰਵਾਨਗੀ ਅਤੇ ਪਿਆਰ ਉਡੀਕਦੇ

ਪਛਾਣ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਕਲਾਸ ਵਿਚ ਫਾਲਤੂ ਦੀਆਂ ਹਰਕਤਾਂ ਕਰਦਾ ਹੈ। ਇਸੇ ਪਹਿਲੂ ਕਾਰਨ ਹੀ ਉਹ ਸਕੂਟਰ-ਮੋਟਰਸਾਈਕਲ 'ਤੇ ਸਟੰਟ ਕਰਕੇ ਜਾਣਿਆ ਜਾਣ ਵਿਚ ਖ਼ੁਸ਼ੀ ਮਹਿਸੂਸ ਕਰਦਾ ਹੈ। ਇਹ ਖ਼ੁਸ਼ੀ, ਇਹ ਪਛਾਣ ਜੇ ਮਾਪੇ ਘਰ ਦੇਣ ਤੇ ਸਕੂਲ ਵਿਚ ਅਧਿਆਪਕਾਂ ਤੋਂ ਮਿਲੇ ਤਾਂ ਨੌਜਵਾਨਾਂ ਨੂੰ ਕਿਤੇ ਵੀ ਹੋਰ ਤਲਾਸ਼ਣ/ਭਟਕਣ ਦੀ ਲੋੜ ਨਾ ਜਾਪੇ।

ਜਿਨਸੀ ਸਬੰਧਾਂ ਨੂੰ ਲੈ ਕੇ ਭਟਕਣ ਅਤੇ ਨਤੀਜੇ ਵਜੋਂ ਏਡਜ਼ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੋਣਾ ਵੀ ਇਸੇ ਗਿਆਨ ਦੀ ਘਾਟ ਕਾਰਨ ਵਾਪਰਦਾ ਹੈ ਜੋ ਮਾਪਿਆਂ ਤੋਂ ਆਪਸੀ ਸੰਵਾਦ ਨਾਲ ਹਾਸਲ ਹੋਣਾ ਹੁੰਦਾ ਹੈ। ਸਮੇਂ ਨੇ ਬਹੁਤ ਕੁਝ ਤਬਦੀਲ ਕੀਤਾ ਹੈ। ਨੌਜਵਾਨੀ ਦਾ ਪੜਾਅ ਉਹੀ ਹੈ, ਉਹੀ ਖਾਸੀਅਤਾਂ ਵਾਲਾ। ਉਹੀ ਸੁਪਨੇ ਦੇਖਣ ਵਾਲਾ ਤੇ ਸੁਪਨੇ ਪੂਰੇ ਕਰਨ ਦੇ ਰਾਹ ਪੈਣ ਵਾਲਾ। ਕੋਸ਼ਿਸ਼ ਕਰਨ ਵਾਲਾ, ਮਿਹਨਤ ਕਰਨ ਵਾਲਾ। ਹੁਣ ਦੇਖਣਾ ਇਹ ਹੈ ਕਿ ਅਸੀਂ ਇਨ੍ਹਾਂ ਦੇ ਸੁਪਨਿਆਂ ਵਿਚ ਆਪਣਾ ਕਿੰਨਾ ਕੁ ਹਿੱਸਾ ਪਾਇਆ ਹੈ। ਉਨ੍ਹਾਂ ਦੀ ਮਿਹਨਤ ਕਰਨ ਦੀ ਕੁਦਰਤੀ ਆਦਤ ਨੂੰ ਕਿੰਨਾ ਕੁ ਹੁਲਾਰਾ ਦਿੱਤਾ ਹੈ। ਜਾਂ ਆਪਣੀ ਸੁਖਾਲੀ ਆਰਥਿਕ ਹਾਲਤ ਤਹਿਤ ਉਨ੍ਹਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦੇ ਕੇ ਆਲਸੀ ਬਣਾ ਲਿਆ ਹੈ ਤੇ ਉੱਤੋਂ ਉਨ੍ਹਾਂ ਨੂੰ ਆਲਸੀ ਕਹਿ ਕੇ ਕੋਸਦੇ ਹਾਂ। ਇਕ ਗੱਲ ਸਮਝਣ ਅਤੇ ਚੇਤੇ ਰੱਖਣ ਵਾਲੀ ਹੈ ਕਿ ਅਸੀਂ ਨੌਜਵਾਨਾਂ ਤੋਂ ਆਸ ਕਰਦੇ ਹਾਂ ਉਹ ਚੰਗੇ ਸ਼ਹਿਰੀ, ਜ਼ਿੰਮੇਵਾਰ ਨਾਗਰਿਕ, ਇਮਾਨਦਾਰ ਅਤੇ ਮਿਹਨਤੀ ਹੋਣ, ਪਰ ਕੀ ਅਸੀਂ ਉਨ੍ਹਾਂ ਨੂੰ ਕਿਸੇ ਵੀ ਪੱਧਰ 'ਤੇ ਇਹ ਸਭ ਸਿਖਾਇਆ-ਸਮਝਾਇਆ ਹੈ ਕਿ ਇਹ ਸਭ ਕਿਵੇਂ ਹੁੰਦਾ ਹੈ। ਉਸ ਤੋਂ ਵੱਧ ਜੇਕਰ ਬਿਠਾ ਕੇ ਨਹੀਂ ਦੱਸਿਆ ਤਾਂ ਕੀ ਇਹ ਸਭ ਸਾਡੇ ਆਪਣੇ ਕਿਰਦਾਰ ਦਾ ਹਿੱਸਾ ਹੈ? ਕੀ ਇਹ ਸਾਡੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਝਲਕਦਾ ਹੈ। ਮੰਨ ਲਿਆ ਕਿ ਤੁਸੀਂ ਜਿਸ ਉਮਰ 'ਚ ਮਿਹਨਤ ਕਰਨੀ ਸੀ ਕਰ ਲਈ, ਹੁਣ ਤੁਹਾਨੂੰ ਲੋੜ ਨਹੀਂ ਹੈ, ਪਰ ਕੀ ਬੈਠ ਕੇ ਇਮਾਨਦਾਰੀ ਨਾਲ ਆਪਣੀ ਮਿਹਨਤ ਅਤੇ ਸੰਘਰਸ਼ ਦੇ ਕਿੱਸੇ ਸੁਣਾਏ ਹਨ ਅਤੇ ਉਨ੍ਹਾਂ ਨੂੰ ਅਹਿਸਾਸ ਕਰਵਾਇਆ ਹੈ ਕਿ ਸੰਘਰਸ਼ ਦੀ ਜ਼ਿੰਦਗੀ ਵਿਚ ਕਿੰਨੀ ਅਹਿਮੀਅਤ ਹੈ। ਇਸ ਤੋਂ ਇਲਾਵਾ, ਪੈੜ-ਪੈੜ 'ਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕਰਨਾ, ਉਨ੍ਹਾਂ ਨੂੰ ਸਮਾਂ ਦੇਣਾ ਤੇ ਉਨ੍ਹਾਂ ਦੇ ਮਨ ਵਿਚ ਉੱਠ ਰਹੇ ਉਬਾਲਾਂ-ਖ਼ਿਆਲਾਂ ਨੂੰ ਆਪਣੀ ਜ਼ਿੰਦਗੀ ਵਿਚ ਥਾਂ ਦਿੱਤੀ ਹੈ ਜਾਂ ਇਸ ਦੇ ਉਲਟ ਹਰ ਵੇਲੇ ਝਿੜਕਦੇ, ਭੰਡਦੇ ਅਤੇ ਹੀਣ ਭਾਵਨਾ ਦੇ ਰੂ-ਬ-ਰੂ ਕਰਵਾਉਂਦੇ ਹਾਂ। ਇਸ ਦੀ ਥਾਂ ਉਨ੍ਹਾਂ ਨੂੰ ਪਿਆਰ ਅਤੇ ਇੱਜ਼ਤ ਚਾਹੀਦੀ ਹੈ ਜਿਸ ਦੀ ਅਸੀਂ ਵੀ ਉਨ੍ਹਾਂ ਤੋਂ ਆਸ ਕਰਦੇ ਹਾਂ। ਉਹ ਤਾਂ ਹੀ ਮਿਲੇਗੀ, ਜਦੋਂ ਅਸੀਂ ਖ਼ੁਦ ਅੱਗੇ ਹੋ ਕੇ ਪਹਿਲ ਕਰਾਂਗੇ।

ਸੰਪਰਕ: 98158-08506



ਗੁਰਚਰਨ ਸਿੰਘ

# ਪੰਜਾਬ ਦਾ ਭੁੱਲਿਆ ਵਿਸਰਿਆ ਕਦੀਮੀ ਇਤਿਹਾਸ ਅਤੇ ਇਹਦੇ ਗਣ

ਪੰਜਾਬ ਦਾ ਕਦੀਮੀ ਇਤਿਹਾਸ (Ancient History) ਕੀ ਹੈ? ਪੰਜਾਬ ਦੇ ਉਹ ਮੋਢੀ ਕੌਣ ਸਨ ਜਿਨ੍ਹਾਂ ਨੇ ਨਿਡਰਤਾ ਅਤੇ ਭਾਈਚਾਰਕ ਸਾਂਝ ਦੀ ਨੀਤੀ ਉੱਤੇ ਚਲਦਿਆਂ ਪੰਜਾਬ ਦੀ ਫ਼ਿਜ਼ਾ ਨੂੰ ਮੁਕਤੀ ਬਖ਼ਸ਼ੀ? ਕੀ ਉਨ੍ਹਾਂ ਦਾ ਘੋਲ ਮੁੱਢ-ਕਦੀਮੀ ਸੀ? ਇਹ ਸਵਾਲ ਹਰ ਪੰਜਾਬੀ ਦੇ ਮਨ ਵਿੱਚ ਆਉਂਦਾ ਹੋਵੇਗਾ। ਪੰਜਾਬ ਦੇ ਕਦੀਮੀ ਇਤਿਹਾਸ ਨੂੰ ਜਾਨਣ ਲਈ ਸਾਨੂੰ ਮਿਥਿਹਾਸਕ ਗ੍ਰੰਥਾਂ ਦਾ ਆਸਰਾ ਲੈਣਾ ਪੈਂਦਾ ਹੈ। ਉਨ੍ਹਾਂ ਵਿੱਚ ਪੰਜਾਬ ਬਾਬਤ ਘੱਟ ਜਾਣਕਾਰੀ ਮਿਲਦੀ ਹੈ। ਪੰਜਾਬ ਦੇ ਕਦੀਮੀ ਇਤਿਹਾਸ ਦੇ ਵਸੀਲੇ ਅਤੇ ਸਬੂਤ ਲੱਭਣ ਲਈ ਥੇਹ-ਖੋਜ ਜਾਂ ਪੁਰਾਤਤਵ ਵਿਗਿਆਨ ਵੱਡਾ ਸਹਾਰਾ ਹੈ। ਦੁੱਖ ਦੀ ਗੱਲ ਹੈ ਕਿ ਪੰਜਾਬ ਕੋਲ ਕੋਈ ਪੇਸ਼ੇਵਰ ਥੇਹਖੋਜੀ/ ਪੁਰਾਤਤਵ ਵਿਗਿਆਨੀ ਨਹੀਂ ਹੈ ਜੋ ਥੇਹਾਂ ਤੋਂ ਪੁਖ਼ਤਾ ਸਬੂਤਾਂ ਦੇ ਆਧਾਰ ਉੱਤੇ ਸਹੀ ਇਤਿਹਾਸ ਨੂੰ ਸਾਹਮਣੇ ਲਿਆ ਸਕੇ। ਥੇਹਾਂ ਦੀ ਪੜਤਾਲ ਰਾਹੀਂ ਮੈਂ ਪਿਛਲੇ 15 ਸਾਲਾਂ ਤੋਂ ਪੰਜਾਬ ਦੇ ਇਤਿਹਾਸ ਨੂੰ ਖੋਜਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਪੰਜਾਬ ਦੀਆਂ ਥੇਹਾਂ ਉੱਤੇ ਹੋਈਆਂ ਖੁਦਾਈਆਂ, ਕਦੀਮੀ ਸਿੱਕੇ, ਭਾਂਡੇ, ਪੁਰਾਤਤਵ ਵਿਭਾਗ ਦੀਆਂ ਰਿਪੋਰਟਾਂ ਅਤੇ ਪੰਜਾਬ ਬਾਬਤ ਖੋਜ ਕਰ ਚੁੱਕੇ ਇਤਿਹਾਸਕਾਰਾਂ ਦੇ ਵੱਖਰੇ ਵੱਖਰੇ ਮੱਤਾਂ ਨੂੰ ਬਾਰੀਕੀ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਪੰਜਾਬ ਦੇ ਕਦੀਮੀ ਇਤਿਹਾਸ ਨੂੰ ਸਮਝਣ ਲਈ ਸਾਨੂੰ ਕਦੀਮੀ ਰਾਜਿਆਂ ਅਤੇ ਵੱਡੇ ਸਾਮਰਾਜਾਂ ਵੱਲ ਦੇਖਣਾ ਘੱਟ ਕਰਨਾ ਪਵੇਗਾ ਜਿਵੇਂ ਹੁਣ ਤੱਕ ਦੇ ਖੋਜੀ ਕਰਦੇ ਆਏ ਹਨ। ਪੰਜਾਬ ਦਾ ਕਦੀਮੀ ਇਤਿਹਾਸ ਅਜਿਹੇ ਸਾਮਰਾਜੀ ਲਾਣਿਆਂ ਤੋਂ ਮੁਕਤ ਰਿਹਾ ਹੈ। ਕਦੀਮੀ ਪੰਜਾਬ ਉਨ੍ਹਾਂ ਬਹਾਦਰ ਯੋਧਿਆਂ ਦਾ ਸਿਰਜਿਆ ਹੋਇਆ ਹੈ ਜੋ ਆਵਾਮ ਵੀ ਸਨ ਅਤੇ ਆਗੂ ਵੀ।

ਪੰਜਾਬ ਦੇ ਕਦੀਮੀ ਲੋਕਾਂ ਦੇ ਸਮੂਹਾਂ ਨੂੰ 'ਗਣ' ਦੇ ਨਾਂ ਨਾਲ ਜਾਣਿਆ ਜਾਂਦਾ ਸੀ। 'ਗਣ' ਪਾਲੀ ਬੋਲੀ ਦਾ ਸ਼ਬਦ ਹੈ ਜਿਹਦਾ ਅਰਥ ਸਾਂਝੇ ਖਿੱਤੇ ਅਤੇ ਸਾਂਝੀ ਸੋਚ ਵਾਲੇ ਲੋਕਾਂ ਦੇ ਸਮੂਹ ਤੋਂ ਹੈ ਜੋ ਜਥੇਬੰਦੀ ਦੇ ਰੂਪ ਵਿੱਚ ਵੱਖਰੀ ਪਛਾਣ ਰੱਖਦੇ ਹੋਣ। ਜਦੋਂ ਕੋਈ ਗਣ ਸਿਆਸੀ ਤੌਰ ਉੱਤੇ ਕਿਸੇ ਖਿੱਤੇ ਦੀ ਨੁਮਾਇੰਦਗੀ ਕਰਦਾ ਹੈ, ਉਸ ਖਿੱਤੇ ਨੂੰ ਜਨਪਦ ਕਹਿੰਦੇ ਸਨ। ਕਦੀਮੀ ਭਾਰਤੀ ਇਤਿਹਾਸ ਵਿੱਚ ਜਨਪਦ ਦੋ ਤਰ੍ਹਾਂ ਦੇ ਸਨ। ਸਾਮਰਾਜ ਦੇ ਰੂਪ ਵਿੱਚ ਜਿਵੇਂ ਮਗਧ, ਕਾਸ਼ੀ, ਕੌਸ਼ਲ ਅਤੇ ਹੋਰ ਜਨਪਦ ਜੋ ਗਿਣਤੀ ਵਿੱਚ 16 ਦੱਸੇ ਗਏ ਹਨ। ਦੂਜੀ ਤਰ੍ਹਾਂ ਦੇ ਜਨਪਦ ਜੋ ਸੰਘ (Guilds) ਦੀ ਨੀਤੀ ਉੱਤੇ ਚਲਦੇ ਸਨ। ਸੰਘ ਦਾ ਅਰਥ ਬੁੱਧ ਦੇ ਧੱਮ ਤੋਂ ਨਹੀਂ ਲਿਆ ਜਾ ਸਕਦਾ। ਸੰਘ ਕਦੀਮੀ ਭਾਰਤ ਦਾ ਉਹ ਸਿਆਸੀ ਢਾਂਚਾ ਹੈ ਜਿਹਦਾ ਇਤਿਹਾਸ ਬਹੁਤ ਪੁਰਾਣਾ ਹੈ। ਬੁੱਧ ਤੋਂ ਪਹਿਲਾਂ ਤਕਰੀਬਨ 800 ਤੋਂ 700 ਈਸਾ ਪੂਰਵ ਬਣੇ ਨਵੇਂ ਸਮੂਹਕ ਖਿੱਤੇ, ਸੰਘ ਸਨ। ਮਿਸਾਲ ਵਜੋਂ, ਬੁੱਧ ਦਾ ਜਨਮ ਜਿਸ ਸ਼ੱਕ ਗਣ ਵਿੱਚ ਹੋਇਆ ਉਹ ਅੱਠ ਖਿੱਤਿਆਂ ਦਾ ਸੰਘ ਸੀ। ਬੁੱਧ ਨੇ ਧੱਮ ਦੀ ਸਿੱਖਿਆ ਸੰਘ ਦੀ ਨੀਤੀ ਦੇ ਮੁਤਾਬਿਕ ਦਿੱਤੀ। ਸੰਘ ਵਿੱਚ ਆਮ ਲੋਕਾਂ ਦੀ ਸਾਂਝੀ ਰਾਇ ਅਤੇ ਆਪਸੀ ਸਹਿਮਤੀ ਸਭ ਤੋਂ ਅਹਿਮ ਸੀ। ਮੌਜੂਦਾ ਪੰਚਾਇਤੀ ਰਾਜ ਪ੍ਰਬੰਧ ਇਸੇ ਸੰਘ ਅਤੇ ਗਣ ਦਾ ਰੂਪ ਹੈ।

ਉੱਤਰੀ ਭਾਰਤ ਵਿੱਚ ਸੈਂਕੜੇ ਗਣ ਸਨ ਪਰ ਮਿਲੇ ਸਿੱਕਿਆਂ ਦੇ ਆਧਾਰ ਉੱਤੇ 20 ਕੁ ਗਣਾਂ ਬਾਰੇ ਪਤਾ ਲੱਗ ਸਕਿਆ ਹੈ। ਚੜ੍ਹਦੇ ਪੰਜਾਬ ਵਿੱਚ ਬਿਆਸ ਦਰਿਆ ਤੋਂ ਲੈ ਕੇ ਮਾਲਵੇ ਤੱਕ ਅੱਠ ਗਣਾਂ ਬਾਰੇ ਪਤਾ ਲੱਗਦਾ ਹੈ। ਬਿਸਤ-ਦੋਆਬ ਜਾਂ ਜਲੰਧਰ ਦੋਆਬ ਵਿੱਚ ਰਾਜਨਾ, ਓਦੁਮਬਰਾ, ਤ੍ਰਿਕਟ, ਕੁਨਿੰਦਾ ਅਤੇ ਵਾਮਿਕੀ ਸਨ। ਮਾਲਵੇ ਦੇ ਖਿੱਤੇ ਵਿੱਚ ਵਰਿਸ਼ਨੀ, ਯੋਧੇ ਅਤੇ ਮਾਲਵਾ ਗਣ ਸਨ। ਇਨ੍ਹਾਂ ਗਣਾਂ ਦੀ ਤਫ਼ਸੀਲ ਕਦੀਮੀ ਭਾਰਤੀ ਗਰੰਥਾਂ ਤੋਂ ਵੀ ਮਿਲਦੀ ਹੈ। ਮਿਸਾਲ ਵਜੋਂ ਕੁਨਿੰਦਾ ਗਣ ਦੇ ਹਵਾਲੇ ਰਾਮਾਇਣ, ਮਹਾਮਿਊਰੀ, ਯੂਨਾਨੀ ਲੇਖਕ ਪਟੋਲਮੀ, ਭਗਵਤ ਪੁਰਾਣ ਅਤੇ ਮਾਰਕੰਡੇ ਪੁਰਾਣ ਵਿੱਚ ਮਿਲਦੇ ਹਨ। ਇਸ ਗਣ ਨੂੰ ਪਾਣਿਨੀ ਨੇ ਆਪਣੀ ਲਿਖਤ 'ਅਸ਼ਟਾਧਿਆਇ' ਵਿੱਚ ਅਯੁੱਧਜੀਵੀ ਸੰਘ ਅਤੇ ਬਿਸਤ-ਦੋਆਬ ਦੇ ਸੱਤ ਗਣਾਂ ਵਿੱਚੋ ਇੱਕ ਕਿਹਾ ਸੀ। ਇਸ ਦਾ ਮਤਲਬ ਹੈ ਕਿ ਇਹ ਗਣ ਸੰਘ ਦੇ ਰੂਪ ਵਿੱਚ ਸਭ ਤੋਂ ਤਾਕਤਵਰ ਸੀ।

ਇਹਦੇ ਸਿੱਕਿਆਂ ਤੋਂ ਪਤਾ ਲੱਗਦਾ ਹੈ ਕਿ ਇਹਦਾ ਆਗੂ ਅਮੋਘਭੂਤੀ ਸੀ। ਰਾਜਨਾ ਗਣ ਦਾ ਜ਼ਿਕਰ ਪਤੰਜਲੀ (180 ਈਸਾ ਪੂਰਵ), ਮਹਾਭਾਰਤ ਅਤੇ ਬ੍ਰਿਹਤ ਸੰਹਿਤਾ ਵਿੱਚ ਮਿਲਦਾ ਹੈ। ਓਦੁਮਬਰਾ ਗਣ ਬਿਸਤ-ਦੋਆਬ ਖਿੱਤੇ ਦੀ ਸ਼ੈਵ-ਰਵਾਇਤ ਦਾ ਗਣ ਸੀ। ਇਹ ਗਣ ਬਿਸਤ-ਦੋਆਬ ਦੀਆਂ ਸ਼ਿਵਾਲਕ ਪਹਾੜੀਆਂ ਵਿੱਚ ਹੁਸ਼ਿਆਰਪੁਰ ਤੋਂ ਪਠਾਨਕੋਟ ਤੱਕ ਫੈਲਿਆ ਹੋਇਆ ਸੀ। ਓਦੁਮਬਰਾ ਪ੍ਰਾਕਿਰਤ ਬੋਲੀ ਦਾ ਸ਼ਬਦ ਹੈ ਜਿਹਦਾ ਅਰਥ ਬਰੋਟੇ ਦਾ ਰੁੱਖ ਹੁੰਦਾ ਹੈ। ਇਨ੍ਹਾਂ ਦੇ ਸਿੱਕਿਆਂ ਤੋਂ ਤਿੰਨ ਆਗੂਆਂ ਦੇ ਨਾਂ ਮਿਲਦੇ ਹਨ: ਧਾਰਘੋਸ਼, ਰੁਦਰਦਾਸ ਅਤੇ ਸ਼ਿਵਦਾਸ। ਵਾਮਿਕੀ ਗਣ ਵੀ ਬਿਸਤ-ਦੋਆਬ ਖਿੱਤੇ ਦੀ ਸ਼ੈਵ-ਰਵਾਇਤ ਦਾ ਗਣ ਸੀ। ਵਾਮਿਕੀ ਦਾ ਅਰਥ ਬੁਣਕਰ ਜਾਂ ਜੁਲਾਹਾ ਹੁੰਦਾ ਹੈ। ਇਹਦਾ ਸੰਬੰਧ ਕੱਪੜੇ ਦੀ ਬੁਣਾਈ ਅਤੇ ਵਪਾਰ ਨਾਲ ਰਿਹਾ ਹੋਵੇਗਾ। ਇਸ ਗਣ ਦਾ ਖਿੱਤਾ ਬਿਸਤ-ਦੋਆਬ ਵਿੱਚ ਹੁਸ਼ਿਆਰਪੁਰ ਤੋਂ ਪਠਾਨਕੋਟ ਤੱਕ ਸੀ। ਵਾਮਿਕੀ ਗਣ ਦੀ ਤਫ਼ਸੀਲ ਸਾਨੂੰ ਮਹਾਭਾਰਤ ਅਤੇ ਵਰਹਾਮਿਹੀਰ ਦੇ ਛੇਵੀਂ ਸਦੀ ਦੇ ਗ੍ਰੰਥ ਬ੍ਰਿਹਤ ਸੰਹਿਤਾ ਵਿੱਚ ਮਿਲਦੀ ਹੈ। ਵਾਮਿਕੀ ਗਣ ਦੇ ਸਿੱਕਿਆਂ ਦੇ ਆਧਾਰ ਉੱਤੇ ਇਹਦੇ ਦੋ ਆਗੂਆਂ ਦਾ ਪਤਾ ਲੱਗਿਆ ਹੈ: ਭਾਵਵਰਮਨ ਅਤੇ ਰੁਦਰਵਰਮਨ। ਤ੍ਰਿਕਟ ਜਾਂ ਤ੍ਰਿਗਰਤ ਗਣ ਜਲੰਧਰ ਵਿੱਚ ਸੀ। ਪਾਣਿਨੀ ਮੁਤਾਬਿਕ ਇਹ ਜਨਪਦ ਰੱਥ ਚਲਾਉਣ, ਯੁੱਧ ਕਲਾ ਅਤੇ ਤੀਰ-ਕਮਾਨ ਵਿੱਦਿਆ ਵਿੱਚ ਮਾਹਿਰ ਸੀ।



ਮਾਲਵਾ ਗਣ ਪੰਜਾਬ ਦੇ ਮੌਜੂਦਾ ਮਾਲਵਾ ਖਿੱਤੇ ਦਾ ਗਣ ਸੀ। ਇਹਦਾ ਇੱਕ ਸਮੂਹ ਰਾਜਸਥਾਨ ਤੋਂ ਹੁੰਦਾ ਹੋਇਆ ਮੱਧ ਪ੍ਰਦੇਸ਼ ਵਿੱਚ ਚਲਾ ਗਿਆ। ਉਸ ਖਿੱਤੇ ਦਾ ਨਾਮ ਵੀ ਮਾਲਵਾ ਦੱਸਿਆ ਜਾਂਦਾ ਹੈ। ਵਰਿਸ਼ਨੀ ਗਣ ਮਾਲਵਾ ਖਿੱਤੇ ਦਾ ਹੋਰ ਬਹਾਦਰ ਗਣ ਸੀ ਜਿਹਨੇ ਸਤਲੁਜ ਦੇ ਕੰਢੇ ਲੁਧਿਆਣਾ ਦੇ ਕਸਬੇ ਸੁਨੇਤ (ਕਦੀਮੀ ਨਾਮ ਸੁਨੇਤਰਾ) ਨੂੰ ਰਾਜਧਾਨੀ ਬਣਾਇਆ। ਸਿੱਕਿਆਂ ਉੱਤੇ ਹੁਣ ਤੱਕ ਪੜ੍ਹੇ ਗਏ ਕੁੱਲ 10 ਆਗੂਆਂ ਦਾ ਪਤਾ ਲੱਗਿਆ ਹੈ: ਯਜਨਸੋਮਾ, ਵਿਆਗਰ ਸੈਨਾ, ਵਿਆਗਰ ਸੱਤਰ, ਜਾਇਸਾ, ਵਾਸੁ ਸੈਨਾ, ਜੈਸੋਮਾ, ਯੱਜ ਦੇਵਾ, ਸੱਤਰਗੁਪਤ, ਬਲਵਾਹਨ ਅਤੇ ਵੇਸ਼ਾ।

ਯੋਧੇ ਗਣ ਦੀ ਰਾਜਧਾਨੀ ਹਰਿਆਣਾ ਵਿੱਚ ਰੋਹਤਕ ਜ਼ਿਲ੍ਹੇ ਦੇ ਖੋਖਰਾਕੋਟ ਪਿੰਡ ਵਿੱਚ ਸੀ। ਯੋਧੇ ਪੰਜਾਬ ਦੇ ਮਾਲਵੇ ਦੇ ਖਿੱਤੇ ਦੀ ਵੀ ਰੱਖਿਆ ਕਰਦੇ ਸਨ। ਯੋਧੇ ਗਣ ਅਤੇ ਵਰਿਸ਼ਨੀ ਗਣ ਸੰਘ ਦੇ ਰੂਪ ਵਿੱਚ ਸਨ ਜੋ ਆਪਸੀ ਸਿਆਸੀ ਸਾਂਝ ਦਾ ਸਬੂਤ ਹੈ। ਸੁਨੇਤ ਦੀ ਖੁਦਾਈ ਤੋਂ ਹੋਰ ਅਹਿਮ ਸਬੂਤ ਮਿਲਿਆ ਹੈ ਜਿਹਨੂੰ ਇਤਿਹਾਸਕਾਰਾਂ ਨੇ ਤਵੱਜੋ ਨਹੀਂ ਦਿੱਤੀ। ਸੁਨੇਤ ਉੱਤੇ ਪਹਿਲੀ ਸਦੀ ਵਿੱਚ ਕੁਸ਼ਾਣਾਂ ਨੇ ਹਮਲਾ ਕੀਤਾ ਸੀ। ਸੁਨੇਤ ਦੀ ਖੁਦਾਈ ਵਿੱਚ ਕੁਸ਼ਾਣ ਰਾਜਿਆਂ ਦੇ ਸਿੱਕੇ ਘੱਟ ਗਿਣਤੀ ਵਿੱਚ ਮਿਲੇ ਹਨ ਪਰ ਉਸੇ ਕਾਲ ਵਿੱਚ ਯੋਧੇ ਗਣ ਦੇ 30 ਹਜ਼ਾਰ ਸਿੱਕਿਆਂ ਦੇ ਸਾਂਚੇ ਮਿਲੇ ਹਨ। ਇੱਥੋਂ ਮਿਲੀ ਮੋਹਰ ਉੱਤੇ 'ਯੋਧੇ ਗਨਸਿਆ ਜੈ' ਲਿਖਿਆ ਮਿਲਿਆ ਹੈ। ਇਹਦਾ ਅਰਥ ਹੈ 'ਯੋਧੇ ਗਣ ਦੀ ਹਮੇਸ਼ਾ ਜੈ ਰਹੇ'। ਕੁਸ਼ਾਣ, ਵਰਿਸ਼ਨੀ ਗਣ ਅਤੇ ਯੋਧੇ ਸਮਕਾਲੀ ਸਨ ਪਰ ਅਜਿਹਾ ਕੀ ਹੋਇਆ ਕਿ ਕੁਸ਼ਾਣ ਇੱਥੇ ਟਿਕ ਨਹੀਂ ਸਕੇ? ਅਸਲ ਵਿੱਚ ਯੋਧੇ ਅਤੇ ਪੰਜਾਬ ਦੇ ਹੋਰ ਗਣਾਂ ਨੇ ਕੁਸ਼ਾਣ ਸਾਮਰਾਜ ਵਿਰੁੱਧ ਸਾਂਝੀ ਜੰਗ ਲੜੀ ਸੀ। ਯੋਧਿਆਂ ਨੇ ਕੁਸ਼ਾਣਾਂ ਨੂੰ ਤਿੰਨ ਵਾਰ ਹਰਾਇਆ। ਯੋਧੇ ਗਣ ਦੇ ਵੱਖ ਵੱਖ ਸਿੱਕਿਆਂ ਉੱਤੇ 'ਇੱਕ, ਦੋ ਅਤੇ ਤਿੰਨ' ਅਤੇ 'ਯੋਧੇ ਗਨਸਿਆ ਜੈ' ਲਿਖਿਆ ਮਿਲਦਾ ਹੈ। ਇਹ ਕੁਸ਼ਾਣਾਂ ਉੱਤੇ ਜਿੱਤ ਦਾ ਇਸ਼ਾਰਾ ਅਤੇ ਬਿੰਬ ਹੈ। ਤਿੰਨ ਜੰਗਾਂ ਵਿੱਚੋਂ ਪਹਿਲੀ ਜੰਗ ਸੁਨੇਤ ਵਿੱਚ ਲੜੀ ਗਈ ਸੀ। ਜਿੱਤ ਦੀ ਖ਼ੁਸ਼ੀ ਵਿੱਚ ਯੋਧੇ ਗਣ ਨੇ 10 ਹਜ਼ਾਰ ਸਾਂਚੇ ਬਣਾ ਕੇ ਆਪਣੇ ਸਿੱਕੇ ਜਾਰੀ ਕੀਤੇ।

ਮਥੁਰਾ, ਉਜੈਨ ਅਤੇ ਉੱਤਰ ਪ੍ਰਦੇਸ਼ ਵਿੱਚ ਇਰਾਨੀ ਸੂਬੇਦਾਰਾਂ ਦੇ ਕਬਜ਼ਿਆਂ ਦਾ ਜ਼ਿਕਰ ਮਿਲਦਾ ਹੈ। ਇਨ੍ਹਾਂ ਦੇ ਸਿੱਕਿਆਂ ਤੋਂ ਪਤਾ ਲੱਗਦਾ ਹੈ ਕਿ ਇਹ ਇਰਾਨੀ ਜਾਗੀਰਦਾਰ ਆਪਣੇ ਆਪਣੇ ਖਿੱਤੇ ਦੇ ਮਾਲਿਕ ਸਨ। ਇਹ ਪੰਜਾਬ ਤੋਂ ਹੋ ਕੇ ਅੱਗੇ ਪੂਰਬ ਵੱਲ ਗਏ ਸਨ। ਘੁੜਾਮ, ਸੰਘੋਲ ਅਤੇ ਸੁਨੇਤ ਦੀਆਂ ਖੁਦਾਈਆਂ ਤੋਂ ਇਨ੍ਹਾਂ ਦੇ ਕੁਝ ਸਿੱਕੇ ਮਿਲੇ ਹਨ। ਸਿੱਕਿਆਂ ਦੀ ਗਿਣਤੀ ਨਾਮ-ਨਿਹਾਦ ਹੈ ਜੋ ਤਕਰੀਬਨ 15 ਬਣਦੀ ਹੈ। ਇਹ ਇਰਾਨੀ ਜਾਗੀਰਦਾਰ ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਵਿੱਚ ਆਪਣੇ ਰਾਜ ਕਾਇਮ ਕਰਨ ਵਿੱਚ ਤਾਂ ਸਫ਼ਲ ਰਹੇ ਪਰ ਪੰਜਾਬ ਦੇ ਗਣਾਂ ਨੇ ਇਨ੍ਹਾਂ ਨੂੰ ਖਦੇੜ ਦਿੱਤਾ ਸੀ। ਸਿੱਕਿਆਂ ਤੋਂ ਇਨ੍ਹਾਂ ਰਾਜਿਆਂ ਦੇ ਨਾਂ ਅਜਾਮਿੱਤਰ, ਮਾਹੀਮਿੱਤਰ, ਇੰਦਰਮਿੱਤਰ, ਭਾਨੂਮਿੱਤਰ ਵਗੈਰਾ ਮਿਲਦੇ ਹਨ।

ਅਗਰੋਹਾ ਵਾਲਾ ਸ਼ਿਲਾਲੇਖ ਪੰਜਾਬ ਦੇ ਗਣਾਂ ਦੀ ਸਿਆਸੀ ਨੀਤੀ ਬਾਬਤ ਪਹੁੰਚ ਨੂੰ ਬਿਆਨ ਕਰਦਾ ਹੈ। ਇਸ ਮੁਤਾਬਿਕ ਗਣ ਦਾ ਆਗੂ ਜਮਹੂਰੀ ਤਰੀਕੇ ਨਾਲ ਚੁਣਿਆ ਜਾਂਦਾ ਸੀ ਜਿਹਦੇ ਵਿੱਚ ਆਵਾਮ ਦੀ ਪੂਰੀ ਪੁੱਗਤ ਸੀ। ਸ਼ਿਲਾਲੇਖ ਦੱਸਦਾ ਹੈ ਕਿ ਯੋਧੇ ਗਣ ਦਾ ਆਗੂ ਲੋਕਾਂ ਰਾਹੀਂ ਚੁਣਿਆ ਗਿਆ ਹੈ ਜਿਹਨੂੰ ਮਹਾਂਖਤਰਪ ਅਤੇ ਮਹਾਂਸੈਨਾਪਤੀ ਕਿਹਾ ਗਿਆ ਹੈ। ਸ਼ਿਲਾਲੇਖ ਵਿੱਚ ਮਹਾਂਖਤਰਪ ਸ਼ਬਦ ਵਾਚਣ ਯੋਗ ਹੈ। ਮਹਾਂਖਤਰਪ ਸ਼ਬਦ ਇਰਾਨੀ ਮੂਲ ਦਾ ਹੈ ਅਤੇ ਪਾਲੀ ਬੋਲੀ ਵਿੱਚ ਇਹ ਖਤਰਪ ਹੈ। ਸੰਸਕ੍ਰਿਤ ਬੋਲਣ ਵਾਲੇ ਇਰਾਨੀ ਮੂਲ ਦੇ ਲੋਕ ਆਪਣੇ ਸਿੱਕਿਆਂ ਅਤੇ ਲੇਖਾਂ ਵਿੱਚ ਕਸ਼ਤਰਪ ਲਿਖਦੇ ਸਨ। ਕਸ਼ਤਰਪ ਦਾ ਅਰਥ ਕਿਸੇ ਖਿੱਤੇ ਦਾ ਸੂਬੇਦਾਰ (Governor) ਹੁੰਦਾ ਸੀ। ਕਸ਼ਤਰਪ ਢਾਂਚੇ ਵਿੱਚ ਮਹਾਰਾਜਾ ਹਰ ਖਿੱਤੇ ਵਿੱਚ ਆਪਣੇ ਸੂਬੇਦਾਰ ਥਾਪਦਾ ਸੀ ਅਤੇ ਉਹ ਰਾਜੇ ਕਹਾਉਂਦੇ ਸਨ। ਮਹਾਰਾਜਾ ਦੇ ਅਧੀਨ ਰਾਜੇ ਉਸ ਖਿੱਤੇ ਦੇ ਪ੍ਰਸ਼ਾਸਨ ਬਾਬਤ, ਵਿੱਤੀ ਅਤੇ ਕਾਨੂੰਨੀ ਮਸਲਿਆਂ ਨੂੰ ਹੱਲ ਕਰਦੇ ਸਨ। ਇਰਾਨ ਦਾ ਇਹ ਜਗੀਰਦਾਰੀ ਢਾਂਚਾ ਗਣਾਂ ਦੇ ਢਾਂਚੇ ਤੋਂ ਵੱਖਰਾ ਸੀ। ਇਨ੍ਹਾਂ ਇਰਾਨੀ ਸੂਬੇਦਾਰਾਂ ਨੇ ਭਾਰਤ ਵਿੱਚ ਸਭ ਤੋਂ ਪਹਿਲਾਂ ਜਾਗੀਰਦਾਰੀ ਢਾਂਚੇ ਨੂੰ ਕਾਨੂੰਨੀ ਮਾਨਤਾ ਦਿੱਤੀ ਜੋ ਗੁਪਤ ਕਾਲ ਸਮੇਂ ਸਾਮਰਾਜਵਾਦੀ ਨੀਤੀ ਦੀ ਰੀੜ੍ਹ ਦੀ ਹੱਡੀ ਸਾਬਿਤ ਹੋਇਆ। ਪੰਜਾਬ ਅਤੇ ਹਰਿਆਣਾ ਵਿੱਚੋਂ ਇਰਾਨੀ ਸੂਬੇਦਾਰ ਖਦੇੜ ਦਿੱਤੇ ਗਏ ਅਤੇ ਉੱਤਰ ਪ੍ਰਦੇਸ਼ ਵੱਲ ਚਲੇ ਗਏ ਸਨ। ਕਿਹਾ ਜਾ ਸਕਦਾ ਹੈ ਕਿ ਯੋਧਿਆਂ ਨੇ ਖਤਰਪਾਂ ਨੂੰ ਖਦੇੜ ਕੇ ਮਹਾਂਖਤਰਪ ਦੀ ਉਪਾਧੀ ਧਾਰਨ ਕੀਤੀ।

ਪੰਜਾਬ ਦੇ ਗਣਾਂ ਦੀ ਇੱਕਜੁੱਟਤਾ ਉਨ੍ਹਾਂ ਦੀ ਅਸਲੀ ਤਾਕਤ ਸੀ। ਸਿਕੰਦਰ ਧਾੜਵੀ ਨਾਲ ਟੱਕਰ ਲੈਣ ਵਾਲਾ ਪੋਰਸ ਪੁਰੂ ਗਣ ਦਾ ਆਗੂ ਸੀ। ਇਤਿਹਾਸਕਾਰਾਂ ਨੇ ਇਸ ਤੱਥ ਵੱਲ ਕਦੇ ਧਿਆਨ ਨਹੀਂ ਦਿੱਤਾ ਕਿ ਇੰਨੇ ਵੱਡੇ ਸਾਮਰਾਜ ਦੇ ਰਾਜੇ ਸਿਕੰਦਰ ਨੂੰ ਪੰਜਾਬ ਦਾਖ਼ਲ ਹੁੰਦੇ ਸਾਰ ਹਾਰ ਦਾ ਸਾਹਮਣਾ ਕਿਉਂ ਕਰਨਾ ਪਿਆ। ਪੁਰੂ ਗਣ ਦੇ ਨਾਲ ਹੋਰ ਕਈ ਭਾਈਵਾਲ ਗਣ ਸ਼ਾਮਿਲ ਸਨ ਜਿਨ੍ਹਾਂ ਕਰਕੇ ਸਿਕੰਦਰ ਨੂੰ ਭਾਰੀ ਨੁਕਸਾਨ ਹੋਇਆ। ਗਣਾਂ ਦੇ ਸਿਆਸੀ-ਪ੍ਰਬੰਧ ਦਾ ਆਧਾਰ ਛੇ ਦਰਿਆ ਅਤੇ ਉਨ੍ਹਾਂ ਦੀਆਂ ਸਹਾਇਕ ਨਦੀਆਂ ਸਨ ਜਿਨ੍ਹਾਂ ਦੇ ਕੰਢਿਆਂ ਉੱਤੇ ਇਨ੍ਹਾਂ ਦੇ ਵਸੇਬ ਸਨ। ਪੰਜਾਬ ਦੇ ਦਰਿਆਈ ਢਾਂਚੇ ਨੂੰ ਪਾਰ ਕਰ ਕੇ ਗਣਾਂ ਉੱਤੇ ਹਮਲੇ ਕਰਨਾ ਸੌਖਾ ਕੰਮ ਨਹੀਂ ਸੀ। ਇਹੀ ਕਾਰਨ ਹੈ ਕਿ ਪੰਜਾਬ ਵਿੱਚ ਮਿੱਤਰ ਰਾਜੇ, ਕੁਸ਼ਾਣ, ਸਿਥੀਆਈ, ਯੂਨਾਨੀ ਅਤੇ ਪਾਰਥੀ ਰਾਜਿਆਂ ਦੇ ਸਿੱਕੇ ਘੱਟ ਗਿਣਤੀ ਵਿੱਚ ਮਿਲਦੇ ਹਨ। ਸਿਰਫ਼ ਪਾਰਥੀ ਸੂਬੇਦਾਰ ਗੋਂਡੋਫਰਨਿਸ ਦੇ ਸਿੱਕੇ ਮਿਲਦੇ ਹਨ। ਉਹਨੇ ਬਿਆਸ ਦਰਿਆ ਪਾਰ ਕਰਕੇ ਗਣਾਂ ਉੱਤੇ ਹਮਲਾ ਕੀਤਾ ਸੀ ਪਰ ਉਹ ਜ਼ਿਆਦਾ ਦੇਰ ਨਹੀਂ ਟਿਕ ਸਕਿਆ। ਮਾਲਵੇ ਵਿੱਚ ਉਹਨੂੰ ਹਰਾ ਦਿੱਤਾ ਗਿਆ। ਮਾਲਵੇ ਦੀਆਂ ਥੇਹਾਂ ਤੋਂ ਉਹਦੇ ਸਿੱਕੇ ਬਿਸਤ-ਦੋਆਬ ਦੇ ਮੁਕਾਬਲੇ ਘੱਟ ਮਿਲਦੇ ਹਨ। ਗੋਂਡੋਫਰਨਿਸ ਤੋਂ ਬਾਅਦ ਉਹਦੇ ਵਾਰਿਸ ਮਥੁਰਾ ਚਲੇ ਗਏ ਅਤੇ ਉੱਥੇ ਆਪਣਾ ਰਾਜ ਕਾਇਮ ਕੀਤਾ। ਉਹਦੇ ਵਾਰਿਸਾਂ ਰਾਜੂਵੂਲਾ ਅਤੇ ਹਗਮਾਸਾ ਦੇ ਸਿੱਕੇ ਮਥੁਰਾ ਵਿੱਚ ਮਿਲਦੇ ਹਨ।




ਗਣਾਂ ਦੇ ਧਰਮਾਂ ਬਾਬਤ ਇਨ੍ਹਾਂ ਦੇ ਸਿੱਕਿਆਂ ਉੱਤੇ ਉੱਕਰੇ ਨਿਸ਼ਾਨਾਂ ਤੋਂ ਪਤਾ ਲੱਗਦਾ ਹੈ। ਇਹ ਕੁਦਰਤ ਪੂਜਾ, ਮਾਤਰੀ ਪੂਜਾ ਜਾਂ ਧਰਤੀ ਮਾਤਾ, ਆਵਾਮੀ ਦੇਵਤੇ ਸ਼ਿਵ ਅਤੇ ਬੁੱਧ ਧੱਮ ਦੇ ਉਪਾਸ਼ਕ ਸਨ। ਬ੍ਰਾਹਮਣੀ ਗਰੰਥਾਂ ਵਿੱਚ ਇਨ੍ਹਾਂ ਨੂੰ ਕਿਤੇ ਖੱਤਰੀ ਅਤੇ ਕਿਤੇ ਬ੍ਰਾਹਮਣ ਜਾਤੀ ਨਾਲ ਜੋੜ ਕੇ ਇਤਿਹਾਸ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਗਈ ਹੈ। ਮਿਸਾਲ ਵਜੋਂ, ਮਹਾਭਾਰਤ ਵਿੱਚ ਕੁਨਿੰਦਾ ਗਣ ਨੂੰ ਅਰਜੁਨ ਨੇ ਹਰਾਇਆ ਦੱਸਿਆ ਗਿਆ ਹੈ। ਤ੍ਰਿਕਟ ਦੇ ਰਾਜਾ ਸੁਦਾਸ ਨੂੰ ਮਹਾਭਾਰਤ ਦੀ ਲੜਾਈ ਲਈ ਬੁਲਾਇਆ ਗਿਆ ਸੀ। ਵਰਿਸ਼ਨੀ ਗਣ ਨੂੰ ਕ੍ਰਿਸ਼ਨ ਦੇ ਖਾਨਦਾਨ ਵਿੱਚੋਂ ਦੱਸਿਆ ਗਿਆ ਹੈ। ਇਹ ਸਭ ਪੰਜਾਬ ਦੇ ਗਣਾਂ ਅਤੇ ਸੰਘ ਦੇ ਉਦਾਰਵਾਦੀ, ਜਮਹੂਰੀ ਅਤੇ ਬਹਾਦਰੀ ਭਰੇ ਇਤਿਹਾਸ ਨੂੰ ਆਪਣੇ ਨਾਮ ਲਿਖਵਾਉਣ ਦੀ ਮਸ਼ਕ ਦਾ ਹਿੱਸਾ ਰਿਹਾ ਹੈ। ਗਣਾਂ ਦੇ ਸਿੱਕੇ ਮਿਲਣੇ ਬਰਤਾਨਵੀ ਕਾਲ ਤੋਂ ਸ਼ੁਰੂ ਹੋ ਗਏ ਸਨ ਜਿਹਦਾ ਸਿਹਰਾ ਕਨਿੰਘਮ ਨੂੰ ਦਿੱਤਾ ਜਾਂਦਾ ਹੈ। ਦੁੱਖ ਦੀ ਗੱਲ ਹੈ ਕਿ ਬਰਤਾਨਵੀ ਅਤੇ ਹੋਰ ਇਤਿਹਾਸਕਾਰਾਂ ਨੇ ਪੰਜਾਬ ਦੇ ਗਣਾਂ ਨੂੰ ਮਹਿਜ਼ ਕਬੀਲੇ ਕਹਿ ਕੇ ਸਿੱਕਿਆਂ ਤੱਕ ਸਮੇਟ ਦਿੱਤਾ। ਪੰਜਾਬ ਦੇ ਗਣਾਂ ਦੇ ਸਿਆਸੀ, ਸੱਭਿਆਚਾਰਕ, ਵਪਾਰਕ, ਸਮਾਜਿਕ ਅਤੇ ਧਾਰਮਿਕ ਇਤਿਹਾਸ ਨੂੰ ਹੁਣ ਤੱਕ ਦਬਾਈ ਰੱਖਿਆ ਗਿਆ ਹੈ। ਅੱਜ ਲੋੜ ਹੈ ਕਿ ਸਹੀ ਇਤਿਹਾਸ ਖੋਜਣ ਲਈ ਥੇਹਖੋਜ ਲੱਭਤਾਂ ਨੂੰ ਆਧਾਰ ਬਣਾਇਆ ਜਾਵੇ ਅਤੇ ਸੱਚ ਲੱਭਣ ਦੀ ਜਗਿਆਸਾ ਵਿੱਚ ਅਸੀਂ ਜੜ੍ਹਾਂ ਨੂੰ ਮੁੜ ਫਰੋਲ ਸਕੀਏ।

### ਸੰਘੋਲ ਅਤੇ ਗਣ

ਹਿਊਨਸਾਂਗ ਮੁਤਾਬਿਕ ਇਸ ਖਿੱਤੇ ਨੂੰ ਸਤਦਰੂ ਕਿਹਾ ਜਾਂਦਾ ਹੈ। ਲਗਭਗ 400 ਸਾਲ ਈਸਾ ਪੂਰਵ ਵਿੱਚ ਇਹ ਵਰਿਸ਼ਨੀ ਗਣ ਦਾ ਖਿੱਤਾ ਸੀ। ਸੰਘੋਲ ਦੀ ਖੁਦਾਈ ਤੋਂ ਵਰਿਸ਼ਨੀ ਗਣ ਦੇ ਦੋ ਸਿੱਕੇ ਵੀ ਮਿਲੇ ਹਨ। ਵਰਿਸ਼ਨੀ ਗਣ ਦੇ ਸਿੱਕੇ ਉੱਪਰ ਧੱਮ ਚੱਕਰ ਹੈ ਜਿਸ ਤੋਂ ਪਤਾ ਚੱਲਦਾ ਹੈ ਕਿ ਇਹ ਗਣ ਬੋਧੀ ਸੀ। ਇਸ ਲਈ ਸੰਘੋਲ ਦੇ ਸਤੂਪ ਦਾ ਮੁੱਢਲਾ ਕੰਮ ਵਰਿਸ਼ਨੀ ਗਣ ਨੇ ਹੀ ਸ਼ੁਰੂ ਕੀਤਾ ਹੋਵੇਗਾ ਜਿਸਦਾ ਵਿਸਥਾਰ ਪਹਿਲੀ ਈਸਵੀ ਵਿੱਚ ਕੁਸ਼ਾਣ ਰਾਜਾ ਕਨਿਸ਼ਕ ਨੇ ਕੀਤਾ। ਵਰਿਸ਼ਨੀ ਗਣ ਦੀ ਰਾਜਧਾਨੀ ਸੁਨੇਤ ਦੀ 1983 ਵਿੱਚ ਹੋਈ ਖੁਦਾਈ ਤੋਂ ਯੋਧੇ ਗਣ ਦੇ ਸਿੱਕਿਆਂ ਦੇ 30 ਹਜ਼ਾਰ ਸਾਂਚੇ ਮਿਲੇ ਸਨ। ਇਸ ਦਾ ਅਰਥ ਇਹ ਹੋਇਆ ਕਿ ਯੋਧੇ ਗਣ ਵਰਿਸ਼ਨੀ ਗਣ ਦਾ ਸਹਾਈ ਸੀ ਅਤੇ ਇਹ ਮਾਲਵੇ ਦੇ ਖਿੱਤੇ ਦੀ ਅਗਵਾਈ ਕਰ ਰਹੇ ਸਨ। ਯੋਧੇ ਗਣ ਇੱਕ ਵਪਾਰਕ ਗਣ ਸੀ। ਇਸ ਦਾ ਸਬੂਤ ਇਹ ਹੈ ਕਿ ਪੂਰੇ ਉੱਤਰੀ ਭਾਰਤ ਤੇ ਪਾਕਿਸਤਾਨ ਤੱਕ ਖੁਦਾਈਆਂ ਤੋਂ ਉਸ ਦੇ ਸਿੱਕੇ ਸਭ ਤੋਂ ਵੱਡੀ ਤਾਦਾਦ ਵਿੱਚ ਮਿਲੇ ਹਨ। ਇਸ ਲਈ ਯੋਧੇ ਗਣ ਅਤੇ ਵਰਿਸ਼ਨੀ ਗਣ ਦਾ ਵਪਾਰ ਦਾ ਕੇਂਦਰ ਸੰਘੋਲ ਸੀ। ਸੰਘੋਲ ਪੰਜਾਬ ਵਿੱਚ ਰੇਸ਼ਮੀ ਰਾਹ ਦਾ ਅਹਿਮ ਕੇਂਦਰ ਸੀ। ਸੰਘੋਲ ਦੀ ਖੁਦਾਈ ਤੋਂ ਮਿਲੀ ਮੋਹਰ ਉੱਤੇ ਤਕਸ਼ਿਲਾ ਲਿਖਿਆ ਮਿਲਿਆ ਹੈ ਜੋ ਇਸ ਦੀ ਪੁਸ਼ਟੀ ਕਰਦਾ ਹੈ। ਮਥੁਰਾ ਕਲਾ ਦੀਆਂ ਮੂਰਤੀਆਂ ਅਤੇ ਕੁਝ ਮੂਰਤੀਆਂ ਗੰਧਾਰ ਕਲਾ ਦੀਆਂ ਵੀ ਮਿਲਦੀਆਂ ਹਨ ਜੋ ਸੰਘੋਲ ਦੇ ਅਹਿਮ ਵਪਾਰਕ ਕੇਂਦਰ ਹੋਣ ਦਾ ਸਬੂਤ ਦਿੰਦੀਆਂ ਹਨ। ਇਸ ਤਰ੍ਹਾਂ ਸੰਘੋਲ ਤੋਂ ਗੰਗਾ ਦੇ ਮੈਦਾਨਾਂ ਅਤੇ ਤਕਸ਼ਿਲਾ ਤੱਕ ਵਪਾਰ ਹੁੰਦਾ ਸੀ। ਸੰਘੋਲ ਤੋਂ ਕੁਝ ਵਪਾਰੀਆਂ ਦੀਆਂ ਮੋਹਰਾਂ ਮਿਲੀਆਂ ਹਨ। ਦਵਿੰਦਰ ਹਾਂਡਾ ਨੇ ਆਪਣੀ ਕਿਤਾਬ 'ਸਟੱਡੀਜ਼ ਇਨ ਐਨਸ਼ੀਅੰਟ ਕੋਇਨਜ਼' ਵਿੱਚ ਇਨ੍ਹਾਂ ਦੇ ਨਾਮ ਬਾਲਭੱਦਰ, ਦਾਮੀਕੱਸ, ਦੇਵਦਾਸ, ਜੀਵਬੱਲ, ਸ੍ਰੀ ਬੁੱਧੀਵਾਸੁ, ਨੰਦੀਪੁਰਸ਼, ਸ੍ਰੀ ਵਿਸ਼ਨੂਦਾਸ ਅਤੇ ਗੋਕਸ਼ੂਰਕ ਦੱਸੇ ਹਨ।



# ਚੰਗਾ ਸੋਚੋਗੇ ਤਾਂ ਚੰਗਾ ਹੀ ਮਾਣੋਗੇ

ਪ੍ਰੋਫੈਸਰ ਮਨਜੀਤ ਤਿਆਗੀ

ਮਾਨਸਿਕ ਤਣਾਅ ਆਧੁਨਿਕ ਯੁੱਗ ਦੀ ਦੇਣ ਹੈ। ਤਣਾਅ ਸਾਡੀਆਂ ਖ਼ੁਸ਼ੀਆਂ ਨੂੰ ਨਿਗਲ ਰਿਹਾ ਹੈ ਤੇ ਸਾਡੀਆਂ ਸਮੱਸਿਆਵਾਂ ਨੂੰ ਵਧਾ ਰਿਹਾ ਹੈ। ਅੱਜ ਦੇ ਜ਼ਿਆਦਾਤਰ ਲੋਕ ਬੇਚੈਨੀ ਦੇ ਸ਼ਿਕਾਰ ਹਨ। ਬੇਚੈਨ ਵਿਅਕਤੀ ਹਮੇਸ਼ਾਂ ਕਾਹਲੀ ਵਿੱਚ ਹੁੰਦਾ ਹੈ, ਉਹ ਛੇਤੀ ਖਿਝ ਜਾਂਦਾ ਹੈ। ਉਸ ਦੀ ਸੋਚ ਨਕਾਰਾਤਮਕ ਹੋ ਜਾਂਦੀ ਹੈ। ਉਹ ਸ਼ਾਂਤ ਚਿਤ ਹੋ ਕੇ ਨਹੀਂ ਬੈਠ ਸਕਦਾ, ਨਾ ਹੀ ਕਿਸੇ ਚੀਜ਼ ਜਾਂ ਕੰਮ 'ਤੇ ਧਿਆਨ ਕੇਂਦਰਿਤ ਕਰ ਸਕਦਾ ਹੈ। ਅੱਜ ਦਾ ਮਨੁੱਖ ਖਪਤ ਸੱਭਿਆਚਾਰ ਵਿੱਚ ਲੁਪਤ ਹੋ ਕੇ ਆਪਣੀ ਸਾਰੀ ਉਮਰ ਦੌਲਤ ਜਾਂ ਚੀਜ਼ਾਂ ਦਾ ਢੇਰ ਵਧਾਉਣ ਲਈ ਲਾ ਦਿੰਦਾ ਹੈ। ਅੰਤ ਉਸ ਨੂੰ ਨਿਰਾਸ਼ਾ ਹੀ ਝੱਲਣੀ ਪੈਂਦੀ ਹੈ ਕਿਉਂਕਿ ਖ਼ੁਸ਼ੀ ਦਾ ਸਬੰਧ ਧਨ ਨਾਲ ਨਹੀਂ ਮਨ ਨਾਲ ਹੈ।

ਆਮ ਤੌਰ 'ਤੇ ਰੀਝਾਂ ਪੂਰੀਆਂ ਕਰਨ ਲਈ ਸਾਡਾ ਮਨ ਭੜਕਦਾ ਰਹਿੰਦਾ ਹੈ, ਪਰ ਸਾਧਨ ਸੀਮਤ ਹੋਣ ਕਾਰਨ ਨਿਰਾਸ਼ਾ ਹੀ ਪੱਲੇ ਪੈਂਦੀ ਹੈ। ਇਸ ਲਈ ਆਪਣੀਆਂ ਆਸਾਂ ਵਿੱਚ ਕਮੀ ਲਿਆ ਕਿ ਜੋ ਤੁਹਾਡੇ ਕੋਲ ਹੈ ਉਸ ਵਿੱਚ ਹੀ ਖੁਸ਼ ਰਹਿਣਾ ਸਿੱਖੋ। ਸਰੀਰ ਨੂੰ ਸਮਰੱਥਾ ਅਨੁਸਾਰ ਸਰਗਰਮ ਰੱਖਣ ਨਾਲ ਨਾ ਸਿਰਫ਼ ਸਮਾਂ ਹੀ ਚੰਗੇ ਤਰੀਕੇ ਨਾਲ ਬੀਤਦਾ ਹੈ ਸਗੋਂ ਮਨ ਵਿੱਚ ਫਾਲਤੂ ਵਿਚਾਰ ਵੀ ਨਹੀਂ ਆਉਂਦੇ। ਜਦੋਂ ਮਨੁੱਖ ਪੈਸੇ ਦਾ ਪੁੱਤ ਬਣ ਜਾਂਦਾ ਹੈ ਤਾਂ ਉਹ ਸੋਚਦਾ ਹੈ ਕਿ ਪੈਸੇ ਨਾਲ ਸਾਰੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾ ਸਕਦਾ ਹੈ, ਪਰ ਇਹ ਗ਼ਲਤ ਧਾਰਨਾ ਹੈ ਕਿਉਂਕਿ ਅਨੇਕਾਂ ਸਮੱਸਿਆਵਾਂ ਹਨ ਜਿਨ੍ਹਾਂ ਨਾਲ ਤੁਸੀਂ ਆਪਣੀ ਸੂਝ-ਬੂਝ ਨਾਲ ਨਿਪਟ ਸਕਦੇ ਹੋ। ਜਿਵੇਂ ਤਣਾਅ ਨਾਲ ਪੈਦਾ ਹੋਈਆਂ ਸਮੱਸਿਆਵਾਂ ਦਾ ਹੱਲ ਆਰਾਮ ਕਰਕੇ ਹੀ ਕੀਤਾ ਜਾ ਸਕਦਾ ਹੈ। ਪੈਸੇ ਨਾਲ ਬੈੱਡ ਤਾਂ ਖਰੀਦਿਆ ਜਾ ਸਕਦਾ ਹੈ, ਪਰ ਨੀਂਦ ਜਾਂ ਆਰਾਮ ਨਹੀਂ ਖਰੀਦਿਆ ਜਾ ਸਕਦਾ।

ਆਪਣੀਆਂ ਸਮਰੱਥਾਵਾਂ 'ਤੇ ਭਰੋਸਾ ਰੱਖ ਕੇ ਆਪਣੀਆਂ ਸਕਾਰਾਤਮਕ ਤੇ ਨਕਾਰਾਤਮਕ ਆਦਤਾਂ ਦਾ ਮੁਲਾਂਕਣ ਕਰੋ। ਸੁਪਨਿਆਂ ਨੂੰ ਅਸਲੀਅਤ ਵਿੱਚ ਬਦਲਣ ਲਈ ਲੋੜੀਂਦੀ ਯੋਗਤਾ ਹੋਣੀ ਜ਼ਰੂਰੀ ਹੈ। ਜੇ ਤੁਹਾਡੀ ਯੋਗਤਾ ਤੁਹਾਡੇ ਸੁਪਨਿਆਂ ਨਾਲ ਮੇਲ ਨਹੀਂ ਖਾਂਦੀ ਤਾਂ ਨਿਰਾਸ਼ਾ ਹੀ ਪੱਲੇ ਪੈਂਦੀ ਹੈ। ਲਾਲਚ ਵਿੱਚ ਆ ਕੇ ਇੱਕੋ ਵੇਲੇ ਕਈ ਕੰਮ ਕਰਨ ਨਾਲ ਤੁਹਾਡਾ ਸਰੀਰ ਥਕਾਵਟ ਨਾਲ ਨਿਢਾਲ ਹੋ ਜਾਂਦਾ ਹੈ ਤਾਂ ਇਸ ਦਾ ਕੋਈ ਲਾਭ ਨਹੀਂ ਹੋਵੇਗਾ। ਲੋੜਾਂ ਤੈਅ ਕਰਕੇ ਆਪਣੀਆਂ ਸਮਰੱਥਾਵਾਂ ਮੁਤਾਬਕ ਕੰਮ ਕਰਨ ਨਾਲ ਤੁਸੀਂ ਆਪਣੇ ਕੰਮ ਦਾ ਅਤੇ ਆਰਾਮ ਦਾ ਆਨੰਦ ਮਾਣ ਸਕਦੇ ਹੋ।

ਦੂਜਿਆਂ ਦੀ ਜੀਵਨਸ਼ੈਲੀ ਦੇਖ ਕੇ ਦੁਖੀ ਨਾ ਹੋਵੋ ਤੇ ਨਾ ਹੀ ਫੇਸਬੁੱਕ 'ਤੇ ਆਪਣੇ ਦੋਸਤਾਂ ਦੀਆਂ ਛੁੱਟੀਆਂ ਦੀਆਂ ਤਸਵੀਰਾਂ ਦੇਖ ਕੇ ਈਰਖਾ ਕਰੋ ਕਿਉਂਕਿ ਤੁਸੀਂ ਨਹੀਂ ਜਾਣਦੇ ਕਿ ਤੁਹਾਡੇ ਦੋਸਤ ਅਤੇ ਪਤੀ-ਪਤਨੀ ਵਿਚਾਲੇ ਕੀ ਹੁੰਦਾ ਹੈ? ਆਪਣੇ ਜੀਵਨ ਨੂੰ ਹੋਰਾਂ ਦੇ ਜਿਉਣ ਢੰਗ ਨਾਲ ਨਾ ਦੇਖੋ। ਹਰ ਕਿਸੇ ਦਾ ਆਪਣਾ ਇੱਕ ਤਰੀਕਾ ਹੁੰਦਾ ਹੈ, ਜੋ ਉਸ ਲਈ ਕੰਮ ਕਰਦਾ ਹੈ। ਤੁਹਾਨੂੰ ਆਪਣਾ ਤਰੀਕਾ ਆਪ ਲੱਭਣਾ ਪਵੇਗਾ। ਇਸ ਲਈ ਤੁਸੀਂ ਉਹ ਜੀਵਨ ਜੀਵੋ ਜਿਸ ਦੀ ਤੁਹਾਨੂੰ ਚਾਹਤ ਹੈ। ਇਹ ਤੁਹਾਡੀ ਆਪਣੀ ਜ਼ਿੰਦਗੀ ਹੈ ਇਸ ਨੂੰ ਦੂਜਿਆਂ ਦੀਆਂ ਇੱਛਾਵਾਂ ਵਿੱਚ ਜਕੜਨਾ ਵੀ ਨਿਰਾਸ਼ਾ ਨੂੰ ਹੀ ਸੱਦਾ ਦਿੰਦਾ ਹੈ। ਦੂਜਿਆਂ ਤੋਂ ਵੀ ਜ਼ਿਆਦਾ ਉਮੀਦਾਂ ਨਾ ਰੱਖੋ ਕਿਉਂਕਿ ਜਦੋਂ ਕੋਈ ਤੁਹਾਡੀ ਉਮੀਦ 'ਤੇ ਖਰਾ ਨਹੀਂ ਉਤਰਦਾ ਤਾਂ ਮਨ ਨੂੰ ਠੇਸ ਪਹੁੰਚਦੀ ਹੈ। ਖ਼ੁਸ਼ ਰਹਿਣ ਦੀ ਕੋਸ਼ਿਸ਼ ਕਰੋ ਅਤੇ ਬੇਵਜ੍ਹਾ ਦੇ ਡਰ ਛੱਡ ਕੇ ਭਰਪੂਰ ਜ਼ਿੰਦਗੀ ਜੀਵੋ।

ਬੀਤੇ ਸਮੇਂ ਵਿੱਚ ਵਾਪਰੀਆਂ ਘਟਨਾਵਾਂ ਨੂੰ ਅਸੀਂ ਬਦਲ ਨਹੀਂ ਸਕਦੇ ਤੇ ਨਾ ਹੀ ਭਵਿੱਖ ਦੀ ਅਨਿਸ਼ਚਿਤਤਾ ਸਾਡੇ ਹੱਥ ਵਿੱਚ ਹੈ। ਇਸ ਲਈ ਅਤੀਤ ਦਾ ਪਛਤਾਵਾ ਤੇ ਭਵਿੱਖ ਦਾ ਫ਼ਿਕਰ ਛੱਡ ਕੇ ਵਰਤਮਾਨ ਸਮੇਂ ਵਿੱਚ ਖੁਸ਼ ਰਹਿਣ ਦੀ ਆਦਤ ਪਾਉ। ਜਿਹੜੇ ਡਰਾਈਵਰ ਗੱਡੀ ਦੇ ਪਿਛਲੇ ਦ੍ਰਿਸ਼ ਦੇਖਣ ਵਾਲੇ ਸ਼ੀਸ਼ੇ ਵਿੱਚ ਜ਼ਿਆਦਾ ਝਾਕਦੇ ਹਨ ਉਨ੍ਹਾਂ ਦੇ ਐਕਸੀਡੈਂਟ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਅਕਸਰ ਅਸੀਂ ਅਜਿਹੀਆਂ ਘਟਨਾਵਾਂ ਬਾਰੇ ਚਿੰਤਤ ਰਹਿੰਦੇ ਹਾਂ ਜੋ ਕਦੇ ਵਾਪਰਨੀਆਂ ਹੀ ਨਹੀਂ ਹੁੰਦੀਆਂ।

ਭਾਵੇਂ ਚਿੰਤਾਵਾਂ ਮਨੁੱਖ ਲਈ ਇੱਕ ਸੁਭਾਵਿਕ ਵਰਤਾਰਾ ਹਨ ਕਿਉਂਕਿ ਉਹ ਹੱਡ-ਮਾਸ ਦਾ ਬਣਿਆ ਦਿਲ ਤੇ ਦਿਮਾਗ਼ ਰੱਖਣ ਵਾਲਾ ਜੀਵ ਹੈ, ਕੋਈ ਮਸ਼ੀਨ ਨਹੀਂ। ਪਰ ਜਿੱਥੋਂ ਤੱਕ ਹੋ ਸਕੇ ਡਰ ਅਤੇ ਚਿੰਤਾਵਾ ਉੱਪਰ ਕਾਬੂ ਪਾ ਕੇ ਖੁਸ਼ ਰਹਿਣ ਦਾ ਯਤਨ ਕਰਨਾ ਚਾਹੀਦਾ ਹੈ। ਆਪਣੇ ਨਜ਼ਰੀਏ ਨੂੰ ਬਦਲ ਕੇ ਤੁਸੀਂ ਖ਼ੁਸ਼ ਰਹਿ ਸਕਦੇ ਹੋ। ਜੇ ਬਾਹਰ ਮੀਂਹ ਪੈ ਰਿਹਾ ਹੈ ਤੇ ਤੁਸੀਂ ਬਾਹਰ ਕਿਸੇ ਜ਼ਰੂਰੀ ਕੰਮ ਜਾਣਾ ਹੈ ਤਾਂ ਦੁਖੀ ਨਾ ਹੋਵੋ ਕਿਉਂਕਿ ਤੁਹਾਡੇ ਦੁਖੀ ਹੋਣ ਨਾਲ ਮੀਂਹ ਰੁਕਣ ਨਹੀਂ ਲੱਗਾ, ਪਰ ਤੁਹਾਡੇ ਕੋਲ ਇੱਕ ਹੋਰ ਬਦਲ ਹੈ ਕਿ ਤੁਸੀਂ ਛੱਤਰੀ ਲੈ ਕੇ ਆਪਣੇ ਕੰਮ ਲਈ ਬਾਹਰ ਜਾ ਸਕਦੇ ਹੋ।

ਜੇ ਤੁਸੀਂ ਜ਼ਿੰਦਗੀ ਤੋਂ ਉਕਤਾ ਗਏ ਹੋ ਤਾਂ ਤੁਹਾਨੂੰ ਜੀਵਨਸ਼ੈਲੀ ਵਿੱਚ ਬਦਲਾਅ ਲਿਆਉਣ ਦੀ ਜ਼ਰੂਰਤ ਹੈ। ਤੁਸੀਂ ਦੂਜਿਆਂ ਨੂੰ ਬਦਲ ਨਹੀਂ ਸਕਦੇ ਸਿਰਫ਼ ਸਲਾਹ ਦੇ ਸਕਦੇ ਹੋ। ਪਰ ਸਹੀ ਦਿਸ਼ਾ ਵਿੱਚ ਊਰਜਾ ਲਾ ਕੇ ਤੁਸੀਂ ਦੂਜਿਆਂ ਲਈ ਉਦਾਹਰਨ ਬਣ ਸਕਦੇ ਹੋ। ਆਪਣੇ ਕੰਮ ਦੇ ਬੋਝ ਨੂੰ ਘਟਾ ਕੇ ਵਿਹਲੇ ਸਮੇਂ ਵਿੱਚ ਮਨ ਦੀ ਕੈਨਵਸ 'ਤੇ ਸੁਖਦਾਈ ਦ੍ਰਿਸ਼ ਸਿਰਜੋ।

੧ਅਜਿਹੇ ਪਲਾਂ ਨੂੰ ਯਾਦ ਕਰੋ ਜਿਨ੍ਹਾਂ ਨਾਲ ਤੁਹਾਡੇ ਮਨ ਨੂੰ ਸਕੂਨ ਮਿਲੇ। ਇਹ ਪਲ ਤੁਹਾਡੇ ਸਕੂਲ, ਕਾਲਜ ਵਿੱਚੋਂ ਫਸਟ ਆਉਣ, ਤੁਹਾਡੇ ਵਿਆਹ ਨਾਲ, ਪ੍ਰੇਮਿਕਾ ਨਾਲ ਘੁੰਮਣ, ਪਹਿਲੀ ਵਾਰ ਮੁੱਖ ਮਹਿਮਾਨ ਬਣਨਾ, ਨੌਕਰੀ ਪ੍ਰਾਪਤ ਕਰਨ ਆਦਿ ਨਾਲ ਸਬੰਧਤ ਹੋ ਸਕਦੇ ਹਨ। ਜਦੋਂ ਤੁਸੀਂ ਇਕਾਗਰ ਮਨ ਨਾਲ ਕਿਸੇ ਰੁਮਾਂਚਿਤ ਘਟਨਾ ਨੂੰ ਯਾਦ ਕਰਦੇ ਹੋ ਤਾਂ ਕਾਲਪਨਿਕ ਸ਼ਕਤੀ ਨਾਲ ਫਿਰ ਉਸੇ ਮਾਹੌਲ ਵਿੱਚ ਰੰਗੇ ਜਾਂਦੇ ਹੋ ਤੇ ਤੁਹਾਡੀ ਜ਼ਿੰਦਗੀ ਵਿੱਚ ਰੰਗਤ ਆ ਜਾਂਦੀ ਹੈ। ਗਜ਼ਿੰਦਗੀ ਵਿੱਚ ਆਉਣ ਵਾਲੀਆਂ ਮੁਸੀਬਤਾਂ ਅਤੇ ਸਮੱਸਿਅਵਾਂ ਬਾਰੇ ਸੋਚਣਾ ਤਾਂ ਠੀਕ ਹੈ, ਪਰ ਬਹੁਤ ਜ਼ਿਆਦਾ ਸੋਚਣਾ ਠੀਕ ਨਹੀਂ ਕਿਉਂਕਿ ਹਰ ਸਮੇਂ ਸਮੱਸਿਆਵਾਂ ਨੂੰ ਦਿਮਾਗ਼ ਵਿੱਚ ਰੱਖ ਕੇ ਖ਼ੁਸ਼ ਰਹਿਣਾ ਸੰਭਵ ਨਹੀਂ। ਖ਼ੁਸ਼ ਰਹਿਣਾ ਇੱਕ ਮਾਨਸਿਕ ਅਵਸਥਾ ਹੀ ਹੈ। ਜੇ ਤੁਸੀਂ ਖ਼ੁਸ਼ ਰਹਿਣ ਦੀ ਅਵਸਥਾ ਮਨ ਵਿੱਚ ਧਾਰ ਲਵੋਂ ਤਾਂ ਤੁਹਾਨੂੰ ਕੋਈ ਵੀ ਬਾਹਰੀ ਤਾਕਤ ਦੁਖੀ ਨਹੀਂ ਕਰ ਸਕਦੀ।

ਸੰਪਰਕ: 98140-96108

## ਰੱਬ ਦਾ ਜੀਅ

ਵੇ ਮਾਰ ਨਾ ਦਿਓ ਜੇ ,ਜਾਏਖਣਿਆ ਦਿਉ ??
ਰੱਬ ਦਾ ਜੀਅ ਐ''
ਦਰਵਾਜ਼ੇ ਵਿੱਚ ਚਿੜੀਆਂ ਦੇ ਪਾਏ ਆਲ੍ਹਣੇ ਵਿੱਚੋਂ ਡਿੱਗੇ ਬੋਟ ਨੂੰ ਬਚਾਉਂਦਿਆਂ
ਚਰਖਾ ਕੱਤਦੀ ਬੇਬੇ ਬੋਟ ਦੇ ਦੁਆਲੇ ਹੋਏ ਜਵਾਕਾਂ ਵੱਲ੍ਹ ਨੂੰ ਭੱਜਦੀ ਬੋਲੀ ...!
''ਵਾਖਰੂ ! ਆਲ੍ਹਣੇ 'ਚੋਂ ਡਿੱਗੇ ਵੀ ਕਦੇ ਬਚੇ ਆ ਭਲਾ ??"
ਚਿੜੀ ਜ਼ੋਰ-ਸ਼ੋਰ ਨਾਲ ਚਿੜ੍ਹ-ਚਿੜ੍ਹ ਕਰ ਰਹੀ ਸੀ ,
ਬੇਵੱਸ , ਕਦੇ ਐਧਰ ਨੂੰ ਉੱਡਦੀ ,ਕਦੇ ਦੂਜੇ ਪਾਸੇ ਨੂੰ ਭੱਜਦੀ ,ਮਾਂ ਦਾ ਮੋਹ ਤੜਫ਼ਾ ਰਿਹਾ ਸੀ , ਬੱਚੇ ਨੂੰ ਬਚਾਉਣ ਲਈ .. !
"ਭਲਾ ! ਐਨਾਂ ਨੇ ਕਿਹੜਾ ਕਮਾਈ ਖਾਣੀ ਐ ਜੁਆਕਾਂ ਦੀ !
ਵਿਚਾਰੀਆਂ ਜਿਉਣ ਜੋਗੀਆਂ ਨੇ , ਉੱਡੀਆਂ ਫਿਰਦੀਆਂ ਸਾਰਾ ਦਿਨ ਚੋਗ ਚੁਗਾਉਂਦੀਆਂ ਬੋਟਾਂ ਨੂੰ ..!
ਕਦੇ ਵਿਚਾਰੀਆਂ ਦੀ ਧੌਣ ਲਹਿ ਜਾਂਦੀ ਐ ਪੱਖੇ ਵਿੱਚ ਵੱਜ ਕੇ, ਕਦੇ ਗਰਮੀ ਨਾਲ ਫੁੜਕ ਕੇ ਡਿੱਗ ਪੈਂਦੀਆਂ .. ਬਸ
ਰੱਬ ਨੇ ਆਹੂਰੇ ਲਾਏ ਐ , ਸਭ ਜੀਆ ਜੰਤ !
ਜੇ ਆਹ ਜਵਾਕਾਂ ਦਾ ਮਿੱਠਾ ਮੋਹ ਨਾ ਪਾਉਂਦਾ , ਤਾਂ ਫਿਰ ਧਰਤੀ ਤੇ ਜੀਵ ਪਰਿੰਦਾ ਕਾਹਦਾ ਹੋਣਾ ਸੀ .. ??
ਬੇਬੇ ਬੋਲਦੀ ਗਈ ,ਨਾਲੇ ਡਿੱਗੇ ਬੋਟ ਨੂੰ ਚੁੱਕ ਕੇ ਦਰਵਾਜ਼ੇ ਦੇ ਵਿੱਚ ਬਣੇ ਆਲ੍ਹੇ ਵਿੱਚ ਰੱਖ ਦਿੱਤਾ .. !!
ਭਾਵੇਂ ਉਦੋਂ ਸਮਝਾ ਛੋਟੀਆਂ ਸਨ ..ਪਰ ਮਾਂ ਅਤੇ ਮਾਂ ਦੀ ਮਮਤਾ ਅਤੇ ਰੱਬ ਦੀ ਹੋਂਦ ਦੇ ਅਰਥ ਬੇਬੇ ਦੇ ਬੋਲਾਂ ਨੇ ਚੰਗੀ ਤਰ੍ਹਾਂ ਸਮਝਾ ਦਿੱਤੇ ਸਨ ...!!

ਰਾਜਵਿੰਦਰ ਕੌਰ ਵੜਿੰਗ

# ਥਾਰ ਮਾਲਕ ਨੇ ਡੀਜੀਪੀ ਨੂੰ ਭੇਜਿਆ ਕਾਨੂੰਨੀ ਨੋਟਿਸ





**ਚੰਡੀਗੜ੍ਹ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਡਾਇਰੈਕਟਰ ਜਨਰਲ ਆਫ ਪੁਲੀਸ (ਡੀਜੀਪੀ) ਓਪੀ ਸਿੰਘ ਨੂੰ ਗੁਰੂਗ੍ਰਾਮ ਦੇ ਇੱਕ ਥਾਰ ਮਾਲਕ ਵੱਲੋਂ ਕਾਨੂੰਨੀ ਨੋਟਿਸ ਭੇਜਿਆ ਗਿਆ ਹੈ। ਇਹ ਨੋਟਿਸ ਡੀਜੀਪੀ ਦੀ ਹਾਲ ਹੀ ਦੀ ਟਿੱਪਣੀ ਤੋਂ ਭੇਜਿਆ ਗਿਆ ਹੈ, ਜਿਸ ਵਿੱਚ ਉਨ੍ਹਾਂ ਨੇ ਥਾਰ ਮਾਲਕਾਂ ਨੂੰ ਪਾਗਲ ("crazy") ਦੱਸਿਆ ਸੀ ਅਤੇ ਕਿਹਾ ਸੀ ਕਿ ਉਹ ਸ਼ਰਾਰਤੀ ਹਰਕਤਾਂ ਲਈ ਜਾਣੇ ਜਾਂਦੇ ਹਨ।ਸੈਕਟਰ 102 ਦੇ ਵਸਨੀਕ ਸਰਵੋ ਮਿੱਤਲ ਨੇ ਆਪਣੇ ਵਕੀਲ ਰਾਹੀਂ ਇਹ ਨੋਟਿਸ ਭੇਜਿਆ ਹੈ, ਜਿਸ ਵਿੱਚ 15 ਦਿਨਾਂ ਦੇ ਅੰਦਰ ਬਿਨਾਂ ਸ਼ਰਤ ਲਿਖਤੀ ਮੁਆਫੀ ਅਤੇ ਟਿੱਪਣੀਆਂ ਨੂੰ ਰਸਮੀ ਤੌਰ 'ਤੇ ਵਾਪਸ ਲੈਣ ਦੀ ਮੰਗ ਕੀਤੀ ਗਈ ਹੈ। ਜੇ ਡੀਜੀਪੀ ਇਸ ਦੀ ਪਾਲਣਾ ਕਰਨ ਵਿੱਚ ਅਸਫਲ ਰਹਿੰਦੇ ਹਨ, ਤਾਂ ਮਿੱਤਲ ਨੇ ਮਾਣਹਾਨੀ ਦੀ ਕਾਰਵਾਈ ਸ਼ੁਰੂ ਕਰਨ ਦੀ ਚੇਤਾਵਨੀ ਦਿੱਤੀ ਹੈ।ਜ਼ਿਕਰਯੋਗ ਹੈ ਕਿ 8 ਨਵੰਬਰ ਨੂੰ ਇੱਕ ਪ੍ਰੈਸ ਕਾਨਫਰੰਸ ਦੌਰਾਨ ਸਿੰਘ ਨੇ ਦੱਸਿਆ ਸੀ ਕਿ ਪੁਲੀਸ ਅਕਸਰ ਮਹਿੰਦਰਾ ਥਾਰ ਐੱਸਯੂਵੀ ਅਤੇ ਰਾਇਲ ਐਨਫੀਲਡ ਬੁਲੇਟ ਮੋਟਰਸਾਈਕਲਾਂ ਨੂੰ ਜਾਂਚ ਲਈ ਕਿਉਂ ਰੋਕਦੀ ਹੈ। ਉਨ੍ਹਾਂ ਕਿਹਾ ਸੀ ਕਿ ਇਹ ਵਾਹਨ ਅਕਸਰ ਲਾਪਰਵਾਹੀ ਵਾਲੇ ਵਿਵਹਾਰ ਨਾਲ ਜੁੜੇ ਹੁੰਦੇ ਹਨ।ਸਿੰਘ ਨੇ ਕਿਹਾ ਸੀ, ਜੇ ਇਹ ਥਾਰ ਹੈ, ਤਾਂ ਅਸੀਂ ਇਸਨੂੰ ਕਿਵੇਂ ਜਾਣ ਦੇ ਸਕਦੇ ਹਾਂ?... ਸਾਰੇ ਗੁੰਡੇ ਅਨਸਰ ਇਨ੍ਹਾਂ ਦੋਵਾਂ ਦੀ ਵਰਤੋਂ ਕਰਦੇ ਹਨ। ਵਾਹਨ ਦੀ ਚੋਣ ਤੁਹਾਡੀ ਮਾਨਸਿਕਤਾ ਨੂੰ ਦਰਸਾਉਂਦੀ ਹੈ। ਉਨ੍ਹਾਂ ਨੇ ਪਿਛਲੀਆਂ ਘਟਨਾਵਾਂ ਦਾ ਹਵਾਲਾ ਦਿੱਤਾ ਜਿਸ ਵਿੱਚ ਇੱਕ ਏਸੀਪੀ ਦੇ ਪੁੱਤਰ ਦਾ ਥਾਰ ਚਲਾਉਂਦੇ ਸਮੇਂ ਇੱਕ ਘਾਤਕ ਹਾਦਸੇ ਵਿੱਚ ਸ਼ਾਮਲ ਹੋਣ ਦਾ ਮਾਮਲਾ ਵੀ ਸ਼ਾਮਲ ਹੈ। ਉਨ੍ਹਾਂ ਅੱਗੇ ਕਿਹਾ ਕਿ ਪੁਲੀਸ ਕਰਮਚਾਰੀਆਂ ਵਿੱਚ ਵੀ, ਜਿਸ ਕੋਲ ਵੀ ਥਾਰ ਹੈ, ਉਹ ਪਾਗਲ ਹੋਵੇਗਾ। ਮਿੱਤਲ, ਜਿਸ ਨੇ ਜਨਵਰੀ 2023 ਵਿੱਚ 30 ਲੱਖ ਰੁਪਏ ਤੋਂ ਵੱਧ ਵਿੱਚ ਆਪਣੀ ਥਾਰ ਖਰੀਦੀ ਸੀ, ਨੇ ਕਿਹਾ ਕਿ ਉਸ ਨੇ ਇਸਨੂੰ ਸੁਰੱਖਿਆ ਅਤੇ ਭਰੋਸੇਯੋਗਤਾ ਕਾਰਨ ਚੁਣਿਆ ਸੀ। ਨੋਟਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਸਿੰਘ ਦੀਆਂ ਟਿੱਪਣੀਆਂ ਮਜ਼ਾਕ ਉਡਾਉਣ ਵਾਲੀਆਂ, ਅਪਮਾਨਜਨਕ ਅਤੇ ਬੇਬੁਨਿਆਦ ਸਨ, ਜਿਸ ਕਾਰਨ ਸ਼ਿਕਾਇਤਕਰਤਾ ਨੂੰ ਸ਼ਰਮਿੰਦਗੀ ਅਤੇ ਤਣਾਅ ਹੋਇਆ ਕਿਉਂਕਿ ਵੀਡੀਓ ਵਾਇਰਲ ਹੋਣ ਤੋਂ ਬਾਅਦ ਦੋਸਤਾਂ, ਰਿਸ਼ਤੇਦਾਰਾਂ ਅਤੇ ਗੁਆਂਢੀਆਂ ਨੇ ਉਸ ਤੋਂ ਸਵਾਲ ਕੀਤੇ।ਨੋਟਿਸ ਵਿੱਚ ਦਲੀਲ ਦਿੱਤੀ ਗਈ ਹੈ ਕਿ ਡੀਜੀਪੀ ਦੇ ਸ਼ਬਦਾਂ ਦਾ ਮਹੱਤਵਪੂਰਨ ਪ੍ਰਭਾਵ ਹੈ ਅਤੇ ਇਸ ਲਈ ਉਨ੍ਹਾਂ ਨੇ ਮਿੱਤਰ ਸਮੇਤ ਥਾਰ ਮਾਲਕਾਂ ਦੀ ਸਾਖ ਨੂੰ ਗੰਭੀਰ ਨੁਕਸਾਨ ਪਹੁੰਚਾਇਆ ਹੈ।ਅਦਾਕਾਰਾ ਪਨਾਗ ਨੇ ਵੀ ਜਨਤਕ ਤੌਰ 'ਤੇ ਇਸ ਗੱਲ ਦੀ ਆਮ ਧਾਰਨਾ (generalisation) ਦੀ ਆਲੋਚਨਾ ਕੀਤੀ। ਉਨ੍ਹਾਂ ਲਿਖਿਆ, "ਥਾਰ ਅਤੇ ਬੁਲੇਟ ਪ੍ਰਤੀਕ ਭਾਰਤੀ ਬ੍ਰਾਂਡ ਹਨ ਜਿਨ੍ਹਾਂ ਦੀ ਉਨ੍ਹਾਂ ਦੀ ਸਮਰੱਥਾ ਅਤੇ ਸ਼ੈਲੀ ਲਈ ਪ੍ਰਸ਼ੰਸਾ ਕੀਤੀ ਜਾਂਦੀ ਹੈ। ਉਨ੍ਹਾਂ ਨੂੰ ਨੀਵਾਂ ਦਿਖਾਉਣਾ ਕਿਸੇ ਕੰਮ ਦਾ ਨਹੀਂ ਹੈ।" ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪ੍ਰਭਾਵਸ਼ਾਲੀ ਕਾਨੂੰਨ ਲਾਗੂ ਕਰਨਾ ਮਜ਼ਬੂਤ ਪ੍ਰਣਾਲੀਆਂ ਤੋਂ ਆਉਂਦਾ ਹੈ, ਨਾ ਕਿ ਨਾਗਰਿਕਾਂ ਬਾਰੇ ਉਨ੍ਹਾਂ ਦੇ ਵਾਹਨਾਂ ਦੇ ਅਧਾਰ 'ਤੇ ਧਾਰਨਾਵਾਂ ਬਣਾਉਣ ਤੋਂ।

# ਮਹਿਲਾ ਥਾਣੇ ਦੇ ਬਾਹਰ ਲੰਘੀ ਦੇਰ ਰਾਤ ਹੋਇਆ ਧਮਾਕਾ; ਪੰਜ ਨੌਜਵਾਨ ਹਿਰਾਸਤ ਵਿੱਚ

**ਸਿਰਸਾ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੋਂ ਦੇ ਮਹਿਲਾ ਥਾਣੇ ਦੇ ਬਾਹਰ 'ਤੇ ਲੰਘੀ ਦੇਰ ਰਾਤ ਹੋਏ ਧਮਾਕਾ ਹੋਇਆ। ਧਮਾਕੇ ਦਾ ਸੂਹ ਲਾਊ ਏਜੰਸੀਆਂ ਤੇ ਪੁਲੀਸ ਮੁਲਾਜ਼ਮਾਂ ਨੂੰ ਪਤਾ ਨਹੀਂ ਲੱਗਿਆ। ਧਮਾਕਾ ਕੀਤੇ ਜਾਣ ਦੀ ਇੱਕ ਵੀਡੀਓ ਵੀ ਵਾਇਰਲ ਹੋ ਰਹੀ ਹੈ। ਇਸ ਮਾਮਲੇ 'ਚ ਪੁਲੀਸ ਨੇ ਪੰਜ ਨੌਜਵਾਨਾਂ ਨੂੰ ਰਿਹਾਸਤ ਵਿੱਚ ਲਿਆ ਹੈ। ਧਮਾਕੇ ਦੀ ਜਿੰਮੇਵਾਰੀ ਖਾਲਿਸਤਾਨ ਲਿਬਰੇਸ਼ਨ ਫੋਰਸ (KLF) ਵੱਲੋਂ ਲਈ ਗਈ ਹੈ।ਸ਼ੋਸ਼ਲ ਮੀਡੀਆ 'ਤੇ ਵਾਇਰਲ ਖਾਲਿਸਤਾਨ ਗਰੁੱਪ ਕਿੰਗ ਸ਼ੂਟਰ ਦੇ ਨਾਂ ਤੋਂ ਬਣੇ ਇਸਟਾਗ੍ਰਾਮ 'ਤੇ ਸ਼ੇਅਰ ਕੀਤਾ ਗਿਆ ਹੈ। ਜਿਸ ਵਿੱਚ ਹਮਲੇ ਦੀ ਸਾਜਿਸ਼ ਰਚੀ ਗਈ। ਹਲਾਂਕਿ ਇਸ ਧਮਾਕੇ ਨਾਲ ਕੋਈ ਜਾਨ-ਮਾਲ ਦਾ ਨੁਕਸਾਨ ਨਹੀਂ ਹੋਇਆ ਹੈ। ਧਮਾਕੇ ਦੀ ਜੋ ਸਮਗਰੀ ਮਿਲੀ ਹੈ, ਉਸ ਨੂੰ ਜਾਂਚ ਲਈ ਭੇਜਿਆ ਗਿਆ ਹੈ।ਪੁਲੀਸ , ਸਾਈਬਰ ਤੇ ਸੀਨ ਆਫ਼ ਕਰਾਈਮ ਦੀਆਂ ਟੀਮਾਂ ਸਬੂਤ ਇਕੱਠੇ ਕਰਨ 'ਚ ਲੱਗੀਆਂ ਹੋਈਆਂ ਹਨ। ਨੇੜੇ ਦੀਆਂ ਦੁਕਾਨਾਂ ਦੀ ਸੀਸੀਟੀਵੀ ਫੁਟੇਜ ਪੁਲੀਸ ਵੱਲੋਂ ਖੰਗਾਲੀ ਜਾ ਰਹੀ ਹੈ।ਸੂਤਰਾਂ ਮੁਤਾਬਕ ਇਹ ਇੱਕ ਵਿਸਫੋਟਕ ਧਮਾਕਾ ਸੀ। ਇਸ ਮਾਮਲੇ ਵਿੱਚ ਪੁਲੀਸ ਨੇ ਪੰਜ ਨੌਜਵਾਨਾਂ ਨੂੰ ਹਿਰਾਸਤ ਵਿੱਚ ਲਿਆ ਹੈ। ਪੁਲੀਸ ਉਨ੍ਹਾਂ ਨੂੰ ਲੈ ਕੇ ਰਾਣੀਆਂ, ਖਾਰੀਆਂ ਤੇ ਕਈ ਹੋਰ ਥਾਵਾਂ 'ਤੇ ਨਿਸ਼ਾਨਦੇਹੀ



ਕਰਵਾ ਰਹੀ ਹੈ। ਇਨ੍ਹਾਂ ਨੌਜਵਾਨਾਂ ਦੀ ਉਮਰ 20 ਤੋਂ 25 ਸਾਲ ਦੱਸੀ ਜਾ ਰਹੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਨੌਜਵਾਨਾਂ ਤੋਂ ਕੁਝ ਸ਼ਕੀ ਚੀਜਾਂ ਮਿਲੀਆਂ ਹਨ।ਐਸਪੀ ਦੀਪਕ ਸਹਾਰਨ ਨੇ ਦੱਸਿਆ ਹੈ ਕਿ ਇਸ ਮਾਮਲੇ ਵਿੱਚ ਕੇਸ ਦਰਜ ਕਰ ਲਿਆ ਗਿਆ ਹੈ। ਪੰਜ ਵਿਅਕਤੀਆਂ ਨੂੰ ਰਿਹਾਸਤ ਵਿੱਚ ਲਿਆ ਗਿਆ ਹੈ। ਇਸ ਮਾਮਲੇ ਦੀ ਜਾਂਚ ਲਈ SIT ਦਾ ਗਠਨ ਕੀਤਾ ਗਿਆ ਹੈ। ਜਲਦੀ ਇਸ ਬਾਰੇ ਹੋਰ ਖੁਲਾਸਾ ਕੀਤਾ ਜਾਵੇਗਾ।

# ਹਲਕਾ ਗਿੱਲ ਵਿੱਚ ਅਹਿਮ ਮੀਟਿੰਗ, ਜ਼ਿਲਾ ਪਰਿਸ਼ਦ ਅਤੇ ਬਲਾਕ ਸੰਮਤੀ ਚੋਣਾਂ ਲਈ ਰਣਨੀਤੀ ਤਿਆਰ

**ਲੁਧਿਆਣਾ, 3 ਦਸੰਬਰ**
**-ਕੁਲਦੀਪ ਦੁੱਗਰੀ-**
**-ਕੌਮੀ ਪੱਤ੍ਰਿਕਾ ਬਿਊਰੋ-**



ਹਲਕਾ ਗਿੱਲ ਵਿੱਚ ਇਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ, ਜਿਸ ਵਿਚ ਆਉਣ ਵਾਲੀਆਂ ਜ਼ਿਲਾ ਪਰਿਸ਼ਦ ਅਤੇ ਬਲਾਕ ਸੰਮਤੀ ਚੋਣਾਂ ਬਾਰੇ ਵਿਸ਼ੇਸ਼ ਰੂਪ ਨਾਲ ਚਰਚਾ ਕੀਤੀ ਗਈ। ਮੀਟਿੰਗ ਦਾ ਉਦੇਸ਼ ਚੋਣੀ ਤਿਆਰੀਆਂ ਦਾ ਜਾਇਜ਼ਾ ਲੈਣਾ ਅਤੇ ਹਲਕੇ ਦੀਆਂ ਵੱਖ-ਵੱਖ ਯੂਨਿਟਾਂ ਵਿਚ ਸਹਿਯੋਗ ਨੂੰ ਹੋਰ ਮਜ਼ਬੂਤ ਕਰਨਾ ਸੀ।

ਮੀਟਿੰਗ ਦੀ ਅਗਵਾਈ ਅਬਜ਼ਰਵਰ ਸ. ਰਣਜੀਤ ਸਿੰਘ ਢਿੱਲੋਂ ਨੇ ਕੀਤੀ। ਇਸ ਮੌਕੇ ਪ੍ਰਧਾਨ ਚੰਦ ਸਿੰਘ, ਇੰਚਾਰਜ ਐਡਵੋਕੇਟ ਪ੍ਰੇਮ ਸਿੰਘ ਹਰਨਾਮਪੁਰਾ, ਮੈਂਬਰ ਚਰਨ ਸਿੰਘ ਆਲਮਗੀਰ, ਹਰਪਾਲ ਸਿੰਘ ਜੱਲਾ, ਮਲਕੀਤ ਸਿੰਘ ਰਾਣਾ ਸਮੇਤ ਅਕਾਲੀ ਦਲ ਦੇ ਬਹੁਤ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

ਬੈਠਕ ਦੌਰਾਨ ਵਰਤਮਾਨ ਹਾਲਾਤਾਂ, ਚੋਣੀ ਰਣਨੀਤੀਆਂ, ਬੂਥ-ਲੈਵਲ ਤਿਆਰੀਆਂ ਅਤੇ ਲੋਕਾਂ ਤੱਕ ਪਾਰਟੀ ਦੀ ਨੀਤੀ ਪਹੁੰਚਾਉਣ ਦੇ ਮੱਦੇਨਜ਼ਰ ਕਈ ਮਹੱਤਵਪੂਰਨ ਫ਼ੈਸਲੇ ਲਏ ਗਏ। ਨੇਤਾਵਾਂ ਨੇ ਜ਼ਮੀਨੀ ਪੱਧਰ 'ਤੇ ਮਜ਼ਬੂਤੀ ਅਤੇ ਵਰਕਰਾਂ ਦੇ ਏਕਜੁੱਟ ਹੋਣ 'ਤੇ ਜ਼ੋਰ ਦਿੱਤਾ।

ਮੀਟਿੰਗ ਦੇ ਅੰਤ 'ਤੇ ਅਕਾਲੀ ਦਲ ਲੀਡਰਸ਼ਿਪ ਨੇ ਯਕੀਨ ਜਤਾਇਆ ਕਿ ਗੱਲਬਾਤ ਅਤੇ ਸੁਚਿੰਤਿਤ ਯੋਜਨਾਬੰਦੀ ਦੇ ਆਧਾਰ 'ਤੇ ਹਲਕਾ ਗਿੱਲ ਚੋਣਾਂ ਵਿੱਚ ਮਜ਼ਬੂਤ ਨਤੀਜੇ ਦੇਵੇਗਾ।

# ਮਾਂ ਅਤੇ ਉਸਦੇ ਪ੍ਰੇਮੀ ਦੀ ਲਾਸ਼ ਥਾਣੇ ਲੈ ਕੇ ਪਹੁੰਚਿਆ ਨੌਜਵਾਨ

**ਸਿਰਸਾ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਰਸਾ ਵਿੱਚ ਵੀਰਵਾਰ ਰਾਤ ਨੂੰ ਦੋਹਰੇ ਕਤਲ ਦਾ ਮਾਮਲਾ ਸਾਹਮਣੇ ਆਇਆ ਹੈ। ਇੱਕ ਨੌਜਵਾਨ ਨੇ ਆਪਣੀ ਮਾਂ ਅਤੇ ਉਸ ਦੇ ਕਥਿਤ ਪ੍ਰੇਮੀ ਨੂੰ ਇਤਰਾਜ਼ਯੋਗ ਹਾਲਤ ਵਿੱਚ ਦੇਖਿਆ, ਜਿਸ ਤੋਂ ਬਾਅਦ ਉਹ ਗੁੱਸੇ ਵਿੱਚ ਪਾਗਲ ਹੋ ਗਿਆ। ਇਸ ਤੋਂ ਖਫ਼ਾ ਨੌਜਵਾਨ ਨੇ ਆਪਣੀ ਮਾਂ ਅਤੇ ਉਸ ਦੇ ਕਥਿਤ ਪ੍ਰੇਮੀ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ।

ਐਨਾ ਹੀ ਨਹੀਂ ਸ਼ੁੱਕਰਵਾਰ ਸਵੇਰੇ ਨੌਜਵਾਨ ਦੋਵਾਂ ਦੀਆਂ ਲਾਸ਼ਾਂ ਨੂੰ ਇੱਕ ਪਿਕਅੱਪ ਗੱਡੀ ਵਿੱਚ ਪਾ ਕੇ ਸਦਰ ਥਾਣੇ ਪਹੁੰਚਿਆ ਅਤੇ ਵਾਰਦਾਤ ਨੂੰ ਅੰਜਾਮ ਦੇਣ ਦੀ ਗੱਲ ਕਬੂਲ ਵੀ ਕੀਤੀ।

ਗੌਰਤਲਬ ਹੈ ਕਿ ਸਿਰਸਾ ਦੇ ਸਦਰ ਥਾਣਾ ਖੇਤਰ ਦੇ ਪਿੰਡ ਥੇਹੜ ਸਿਕੰਦਰਪੁਰ ਵਿੱਚ ਵੀਰਵਾਰ ਦੇਰ ਰਾਤ ਕਰੀਬ 2 ਵਜੇ ਰਾਜਕੁਮਾਰ ਨਾਂ ਦੇ ਨੌਜਵਾਨ ਨੇ ਆਪਣੀ ਮਾਂ ਅੰਗੂਰੀ ਦੇਵੀ (42 ਸਾਲ) ਅਤੇ ਉਸ ਦੇ ਪ੍ਰੇਮੀ ਲੇਖਰਾਜ (45 ਸਾਲ) ਦਾ ਚੁੰਨੀ ਨਾਲ ਗਲਾ ਘੁੱਟ ਕੇ ਕਤਲ ਕਰ ਦਿੱਤਾ।

ਪੁਲਿਸ ਅਨੁਸਾਰ ਨੌਜਵਾਨ ਨੇ ਦੋਵਾਂ ਨੂੰ ਇਤਰਾਜ਼ਯੋਗ ਹਾਲਤ ਵਿੱਚ ਦੇਖ ਲਿਆ ਸੀ, ਜਿਸ ਤੋਂ ਬਾਅਦ ਉਸ ਨੇ ਦੋਹਰੇ ਕਤਲ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਸ਼ੁੱਕਰਵਾਰ ਸਵੇਰੇ ਕਰੀਬ 9:00 ਵਜੇ ਦੋਸ਼ੀ ਰਾਜਕੁਮਾਰ ਆਪਣੀ ਮਾਂ ਅਤੇ ਉਸਦੇ ਪ੍ਰੇਮੀ ਦੀਆਂ ਲਾਸ਼ਾਂ ਨੂੰ ਪਿਕਅੱਪ ਗੱਡੀ ਵਿੱਚ ਪਾ ਕੇ ਸਿਰਸਾ ਦੇ ਸਦਰ ਥਾਣੇ ਪਹੁੰਚਿਆ ਅਤੇ ਪੁਲੀਸ ਨੂੰ ਸਾਰੀ ਵਾਰਦਾਤ ਬਾਰੇ ਜਾਣਕਾਰੀ ਦਿੱਤੀ।

ਪੁਲਿਸ ਅਨੁਸਾਰ ਦੋਸ਼ੀ ਨੌਜਵਾਨ ਨੇ ਦੱਸਿਆ ਕਿ ਉਸ ਨੇ ਆਪਣੀ ਮਾਂ ਨੂੰ ਪਹਿਲਾਂ ਵੀ ਕਈ ਵਾਰ ਸਮਝਾਇਆ ਸੀ, ਪਰ ਉਹ ਨਹੀਂ ਮੰਨੀ। ਪਿੰਡ ਥੇਹੜ ਸਿਕੰਦਰਪੁਰ ਵਿੱਚ ਹੋਏ ਇਸ ਦੋਹਰੇ ਕਤਲ ਤੋਂ ਬਾਅਦ ਸਨਸਨੀ ਫੈਲ ਗਈ ਹੈ ਅਤੇ ਲੋਕਾਂ ਵਿੱਚ ਤਰ੍ਹਾਂ-ਤਰ੍ਹਾਂ ਦੀਆਂ ਚਰਚਾਵਾਂ ਹਨ। ਡੀਐੱਸਪੀ ਰਾਜੇਸ਼ ਕੁਮਾਰ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਦੋਵਾਂ ਲਾਸ਼ਾਂ ਦਾ ਪੋਸਟਮਾਰਟਮ ਲਈ ਭੇਜਿਆ ਗਿਆ ਹੈ।

# ਪਾਕਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਗਾਉਣ ਦਾ ਮਾਮਲਾ

**ਚੰਡੀਗੜ੍ਹ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਭਾਰਤ-ਪਾਕਿਸਤਾਨ ਜੰਗ ਦੌਰਾਨ ਕਥਿਤ ਤੌਰ 'ਤੇ 'ਪਾਕਿਸਤਾਨ ਜ਼ਿੰਦਾਬਾਦ' ਦਾ ਨਾਅਰਾ ਲਗਾਉਣ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਨੂੰ ਜ਼ਮਾਨਤ ਦੇ ਦਿੱਤੀ ਗਈ ਹੈ।ਜਸਟਿਸ ਰਾਜੇਸ਼ ਭਾਰਦਵਾਜ ਨੇ ਫੈਸਲਾ ਸੁਣਾਉਂਦੇ ਹੋਏ ਕਿਹਾ, ਇਲਜ਼ਾਮਾਂ ਦੀ ਸੱਚਾਈ ਦਾ ਮੁਲਾਂਕਣ ਸਿਰਫ਼ ਮੁਕੱਦਮੇ ਦੀ ਸਮਾਪਤੀ ਤੋਂ ਬਾਅਦ ਅਤੇ ਹੇਠਲੀ ਅਦਾਲਤ ਦੇ ਸਾਹਮਣੇ ਦੋਵਾਂ ਧਿਰਾਂ ਦੁਆਰਾ ਪੇਸ਼ ਕੀਤੇ ਜਾਣ ਵਾਲੇ ਸਬੂਤਾਂ ਦੇ ਆਧਾਰ 'ਤੇ ਹੀ ਕੀਤਾ ਜਾਵੇਗਾ। ਇਹ ਹੁਕਮ ਜਸਟਿਸ ਭਾਰਦਵਾਜ ਦੇ ਬੈਂਚ ਦੇ ਸਾਹਮਣੇ ਸੁਣਵਾਈ ਦੌਰਾਨ ਆਇਆ। ਬੈਂਚ ਨੂੰ ਦੱਸਿਆ ਗਿਆ ਕਿ ਦੋਸ਼ੀ 9 ਮਈ ਨੂੰ ਪਿੰਜੌਰ ਥਾਣੇ ਵਿੱਚ ਭਾਰਤੀ ਨਿਆ ਸੰਹਿਤਾ (BNS) ਦੀਆਂ ਧਾਰਾਵਾਂ ਤਹਿਤ ਦਰਜ ਕੀਤੇ ਗਏ ਕੇਸ ਵਿੱਚ ਛੇ ਮਹੀਨੇ ਅਤੇ 11 ਦਿਨਾਂ ਤੋਂ ਹਿਰਾਸਤ ਵਿੱਚ ਹੈ। ਉਸ ਨੂੰ 10 ਮਈ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਸ ਦੀ ਜ਼ਮਾਨਤ ਅਰਜ਼ੀ ਪੰਚਕੂਲਾ ਦੇ ਵਧੀਕ ਸੈਸ਼ਨ ਜੱਜ ਵੱਲੋਂ 13 ਅਗਸਤ ਨੂੰ ਖਾਰਜ ਕਰ ਦਿੱਤੀ ਗਈ ਸੀ, ਜਿਸ ਤੋਂ ਬਾਅਦ ਉਸ ਨੇ ਹਾਈ ਕੋਰਟ ਤੱਕ ਪਹੁੰਚ ਕੀਤੀ।

ਬੈਂਚ ਨੇ ਨੋਟ ਕੀਤਾ ਕਿ ਐਫਆਈਆਰ ਇੱਕ ਸ਼ਿਕਾਇਤ 'ਤੇ ਆਧਾਰਿਤ ਸੀ ਜਿਸ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਅਮੀਨ ਨੇ ਉਸ ਸਮੇਂ 'ਪਾਕਿਸਤਾਨ ਜ਼ਿੰਦਾਬਾਦ' ਦਾ ਨਾਅਰਾ ਲਗਾਇਆ ਸੀ,ਜਦੋਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਜੰਗ ਚੱਲ ਰਹੀ ਸੀ ਅਤੇ ਇਸ ਤਰ੍ਹਾਂ ਉਸ ਨੇ ਦੇਸ਼ ਵਿਰੁੱਧ ਦੇਸ਼ਧ੍ਰੋਹ ਦਾ ਕੰਮ ਕੀਤਾ।ਪਟੀਸ਼ਨਕਰਤਾ ਵੱਲੋਂ ਸੀਨੀਅਰ ਵਕੀਲ ਕਸ਼ਿਤੀਜ ਸ਼ਰਮਾ, ਵਕੀਲ ਸ਼ੋਬਿਤ ਸ਼ਰਮਾ ਅਤੇ ਪ੍ਰਗੁਣ ਗੋਇਲ ਦੇ ਨਾਲ ਪੇਸ਼ ਹੋਏ ਅਤੇ ਦਲੀਲ ਦਿੱਤੀ ਕਿ ਉਸ 'ਤੇ ਝੂਠਾ ਮੁਕੱਦਮਾ ਚਲਾਇਆ ਗਿਆ ਹੈ ਅਤੇ ਦੀ ਧਾਰਾ 152 ਤਹਿਤ ਅਪਰਾਧ — ਜੋ ਭਾਰਤ ਦੀ ਪ੍ਰਭੂਸੱਤਾ, ਏਕਤਾ ਅਤੇ ਅਖੰਡਤਾ ਨੂੰ ਖਤਰੇ ਵਿੱਚ ਪਾਉਂਦੇ ਹਨ, ਐਫਆਈਆਰ ਵਿੱਚ ਲਗਾਏ ਗਏ ਦੋਸ਼ਾਂ ਨੂੰ ਪੜ੍ਹਨ ਤੋਂ ਬਾਅਦ ਵੀ ਨਹੀਂ ਬਣਦਾ।ਜ਼ਮਾਨਤ ਦਾ ਵਿਰੋਧ ਕਰਦਿਆਂ, ਰਾਜ ਨੇ ਦੱਸਿਆ ਕਿ ਪਟੀਸ਼ਨਕਰਤਾ ਵਿਰੁੱਧ ਐਫਆਈਆਰ ਵਿੱਚ ਆਪਰੇਸ਼ਨ ਦੌਰਾਨ ਜਦੋਂ ਦੋਵੇਂ ਦੇਸ਼ ਜੰਗ ਵਿੱਚ ਸਨ, ਪਾਕਿਸਤਾਨ ਜ਼ਿੰਦਾਬਾਦ ਦਾ ਨਾਅਰਾ ਲਗਾਉਣ ਸੰਬੰਧੀ ਖਾਸ ਦੋਸ਼ ਲਗਾਏ ਗਏ ਸਨ। ਬੈਂਚ ਨੂੰ ਦੱਸਿਆ ਗਿਆ ਕਿ ਜਾਂਚ ਦੌਰਾਨ ਲਗਾਏ ਗਏ ਦੋਸ਼ ਸਹੀ ਢੰਗ ਨਾਲ ਸਥਾਪਿਤ ਕੀਤੇ ਗਏ ਹਨ। ਇਸ ਵਿੱਚ ਅੱਗੇ ਕਿਹਾ ਗਿਆ ਕਿ ਚਲਾਨ ਪੇਸ਼ ਕਰ ਦਿੱਤਾ ਗਿਆ ਹੈ ਪਰ ਅਜੇ ਦੋਸ਼ ਤੈਅ ਕੀਤੇ ਜਾਣੇ ਬਾਕੀ ਹਨ।ਰਿਕਾਰਡ ਦੀ ਜਾਂਚ ਕਰਨ ਅਤੇ ਵਿਰੋਧੀ ਦਲੀਲਾਂ ਸੁਣਨ ਤੋਂ ਬਾਅਦ, ਬੈਂਚ ਨੇ ਨੋਟ ਕੀਤਾ ਕਿ ਪਟੀਸ਼ਨਕਰਤਾ ਦਾ ਕੋਈ ਹੋਰ ਅਪਰਾਧਿਕ ਪਿਛੋਕੜ ਨਹੀਂ ਹੈ, ਜਾਂਚ ਪੂਰੀ ਹੋ ਚੁੱਕੀ ਹੈ ਅਤੇ ਮੁਕੱਦਮਾ ਅਜੇ ਸ਼ੁਰੂ ਹੋਣਾ ਬਾਕੀ ਹੈ।ਜਸਟਿਸ ਭਾਰਦਵਾਜ ਨੇ ਕਿਹਾ, BNS ਦੀ ਧਾਰਾ 152 ਤਹਿਤ ਅਪਰਾਧ ਲਈ ਐਫਆਈਆਰ ਦੀ ਪ੍ਰਵਾਨਗੀ ਸੰਬੰਧੀ ਉਠਾਈ ਗਈ ਦਲੀਲ ਮੁਕੱਦਮੇ ਦਾ ਵਿਸ਼ਾ ਹੋਵੇਗੀ ਅਤੇ ਇਸ ਲਈ, ਇਹ ਅਦਾਲਤ ਕੇਸ ਦੇ ਗੁਣਾਂ 'ਤੇ ਕੋਈ ਟਿੱਪਣੀ ਕਰਨ ਤੋਂ ਗੁਰੇਜ਼ ਕਰੇਗੀ। ਜ਼ਮਾਨਤ ਦੇਣ ਦੇ ਆਧਾਰ ਲੱਭਦੇ ਹੋਏ, ਅਦਾਲਤ ਨੇ ਸਿੱਟਾ ਕੱਢਿਆ, ਦੋਵਾਂ ਧਿਰਾਂ ਦੁਆਰਾ ਚੁੱਕੀਆਂ ਗਈਆਂ ਦਲੀਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਰਿਕਾਰਡ ਦੀ ਜਾਂਚ ਕਰਦੇ ਹੋਏ, ਅਦਾਲਤ ਦੀ ਰਾਏ ਹੈ ਕਿ ਪਟੀਸ਼ਨਕਰਤਾ ਦਾ ਵਕੀਲ ਜ਼ਮਾਨਤ ਦੇਣ ਲਈ ਇੱਕ ਕੇਸ ਬਣਾਉਣ ਵਿੱਚ ਸਫ਼ਲ ਹੋਇਆ ਹੈ।

# ਯੁੱਧ ਨਸ਼ਿਆਂ ਵਿਰੁੱਧ: 272ਵੇਂ ਦਿਨ, ਪੰਜਾਬ ਪੁਲਿਸ ਵੱਲੋਂ 699 ਗ੍ਰਾਮ ਹੈਰੋਇਨ, 84 ਹਜ਼ਾਰ ਰੁਪਏ ਦੀ ਡਰੱਗ ਮਨੀ ਸਮੇਤ 95 ਨਸ਼ਾ ਤਸਕਰ ਗ੍ਰਿਫ਼ਤਾਰ

**ਚੰਡੀਗੜ੍ਹ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ ਨਸ਼ਾ ਵਿਰੁੱਧ ਜੰਗ ÷ਯੁੱਧ ਨਸ਼ਿਆਂ ਵਿਰੁੱਧ÷ ਨੂੰ ਲਗਾਤਾਰ 272ਵੇਂ ਦਿਨ ਵੀ ਜਾਰੀ ਰੱਖਦਿਆਂ, ਪੰਜਾਬ ਪੁਲਿਸ ਨੇ ਅੱਜ 268 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੌਰਾਨ ਸੂਬੇ ਭਰ ਵਿੱਚ 74 ਐਫਆਈਆਰਜ਼ ਦਰਜ ਕਰਕੇ 95 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 272 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 38,444 ਹੋ ਗਈ ਹੈ।

ਇਸ ਛਾਪੇਮਾਰੀ ਦੇ ਨਤੀਜੇ ਵਜੋਂ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 699 ਗ੍ਰਾਮ ਹੈਰੋਇਨ, 1.4 ਕਿਲੋਗ੍ਰਾਮ ਅਫੀਮ, 519 ਨਸ਼ੀਲੀਆਂ ਗੋਲੀਆਂ ਅਤੇ 84,000 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।

ਇਸ ਆਪਰੇਸ਼ਨ ਦੌਰਾਨ 52 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 800 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 100 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 268 ਛਾਪੇ ਮਾਰੇ ਹਨ। ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 275 ਸ਼ੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ ਹੈ।

ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ – ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) – ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ 'ਡੀ-ਅਡਿਕਸ਼ਨ' ਹਿੱਸੇ ਵਜੋਂ ਅੱਜ 42 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਐਸਡੀਐਮ ਨੇ ਅੰਗਦਾਨ ਪ੍ਰਣ ਮੁਹਿੰਮ ਹੁਸ਼ਿਆਰਪੁਰ ਸਬ-ਡਵੀਜ਼ਨ ਦੇ ਲੋਕਾਂ ਨੂੰ ਵੱਧ ਚੜ੍ਹ ਕੇ ਹਿੱਸਾ ਲੈਣ ਦੇ ਲਈ ਕੀਤਾ ਪ੍ਰੇਰਿਤ

**ਹੁਸ਼ਿਆਰਪੁਰ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉਪ-ਮੰਡਲ ਮੈਜਿਸਟ੍ਰੇਟ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਅੰਗ ਦਾਨ ਪ੍ਰਣ ਮੁਹਿੰਮ ਦੀ ਸ਼ੁਰੂਆਤ ਕੀਤੀ, ਇਸਨੂੰ 'ਮਨੁੱਖਤਾ ਦੀ ਸੇਵਾ ਦਾ ਸਭ ਤੋਂ ਉੱਚਾ ਰੂਪ' ਦੱਸਿਆ।

ਐਸਡੀਐਮ ਨੇ ਕਿਹਾ ਕਿ ਇੱਕ ਵਿਅਕਤੀ ਦੁਆਰਾ ਅੰਗ ਦਾਨ ਕਰਨ ਨਾਲ ਕਈ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ ਅਤੇ ਇਹ ਪਹਿਲ ਸਮਾਜ ਵਿੱਚ ਸੰਵੇਦਨਸ਼ੀਲਤਾ, ਹਮਦਰਦੀ ਅਤੇ ਜੀਵਨ ਬਚਾਉਣ ਦੀ ਸਮੂਹਿਕ ਭਾਵਨਾ ਨੂੰ ਮਜ਼ਬੂਤ ਕਰਦੀ ਹੈ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਹੁਸ਼ਿਆਰਪੁਰ ਜ਼ਿਲ੍ਹੇ ਦੇ ਨਾਲ-ਨਾਲ ਸਬ-ਡਵੀਜ਼ਨ ਪੱਧਰ 'ਤੇ ਸਿਹਤ ਵਿਭਾਗ ਦੀ ਨਿਗਰਾਨੀ ਹੇਠ ਵਿਆਪਕ ਤੌਰ 'ਤੇ ਚਲਾਈ ਜਾ ਰਹੀ ਹੈ।

ਗੁਰਸਿਮਰਨਜੀਤ ਕੌਰ ਨੇ ਸਾਰੇ ਸਤਿਕਾਰਯੋਗ ਨਾਗਰਿਕਾਂ, ਪੰਚਾਇਤ ਪ੍ਰਤੀਨਿਧੀਆਂ, ਸਰਪੰਚਾਂ, ਨੰਬਰਦਾਰਾਂ, ਸਮਾਜ ਸੇਵਕਾਂ, ਧਾਰਮਿਕ ਸੰਗਠਨਾਂ, ਯੁਵਾ ਵਲੰਟੀਅਰਾਂ ਅਤੇ ਭਾਈਚਾਰੇ ਦੇ ਪ੍ਰਭਾਵਸ਼ਾਲੀ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਨੇਕ ਕਾਰਜ ਵਿੱਚ ਉਤਸ਼ਾਹ ਨਾਲ ਯੋਗਦਾਨ ਪਾਉਣ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਅੰਗ ਦਾਨ ਦਾ ਪ੍ਰਣ ਲੈਣ ਲਈ ਪ੍ਰੇਰਿਤ ਕਰਨ।ਐਸਡੀਐਮ ਨੇ ਕਿਹਾ ਕਿ ਕੋਈ ਵੀ ਨਾਗਰਿਕ ਸਿਹਤ ਵਿਭਾਗ ਵੱਲੋਂ ਜਾਰੀ ਕੀਤੇ ਗਏ ਕਿਊਆਰ ਕੋਡ, ਐਪ ਲਿੰਕ ਅਤੇ ਪੋਰਟਲ ਰਾਹੀਂ ਆਪਣੇ ਅੰਗ ਦਾਨ ਸਹੁੰ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਸਰਲ ਅਤੇ ਸੁਰੱਖਿਅਤ ਢੰਗ ਨਾਲ ਪੂਰਾ ਕਰ ਸਕਦਾ ਹੈ। ਉਨ੍ਹਾਂ ਇਹ ਵੀ ਭਰੋਸਾ ਦਿੱਤਾ ਕਿ ਜਾਗਰੂਕਤਾ ਅਤੇ ਰਜਿਸਟ੍ਰੇਸ਼ਨ ਨੂੰ ਉਤਸ਼ਾਹਿਤ ਕਰਨ ਲਈ ਪ੍ਰਸ਼ਾਸਕੀ ਪੱਧਰ 'ਤੇ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਸਾਨੂੰ ਮਿਲ ਕੇ ਹੁਸ਼ਿਆਰਪੁਰ ਸਬ-ਡਵੀਜ਼ਨ ਨੂੰ ਅੰਗ ਦਾਨ ਜਾਗਰੂਕਤਾ ਅਤੇ ਰਜਿਸਟ੍ਰੇਸ਼ਨ ਦੇ ਖੇਤਰ ਵਿੱਚ ਇੱਕ ਉਦਾਹਰਣ ਬਣਾਉਣਾ ਚਾਹੀਦਾ ਹੈ, ਤਾਂ ਜੋ ਸਾਡੀ ਸਮੂਹਿਕ ਪਹਿਲ ਕਿਸੇ ਦੇ ਜੀਵਨ ਵਿੱਚ ਨਵੀਂ ਉਮੀਦ ਅਤੇ ਇੱਕ ਨਵੀਂ ਸਵੇਰ ਲਿਆ ਸਕੇ।

# ਹਰਿਆਣਾ ਸਰਕਾਰ ਨੇ ਸਰਕਾਰੀ ਕਾਲੇਜ ਜਾਖੌਲੀ ਦਾ ਨਾਮ ਬਦਲਣ ਨੂੰ ਦਿੱਤੀ ਮੰਜ਼ੂਰੀ : ਮਹਿਪਾਲ ਢਾਂਡਾ

**ਚੰਡੀਗੜ੍ਹ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਿੱਖਿਆ ਮੰਤਰੀ ਸ੍ਰੀ ਮਹਿਪਾਲ ਢਾਂਡਾ ਨੇ ਦੱਸਿਆ ਕਿ ਸੂਬੇ ਸਰਕਾਰ ਨੇ ਇਤਿਹਾਸਕ ਮਹੱਤਵ ਅਤੇ ਮਹਾਨ ਭਾਰਤੀ ਪਰੰਪਰਾ ਦਾ ਸਨਮਾਨ ਕਰਦੇ ਹੋਏ ਸਰਕਾਰੀ ਕਾਲੇਜ ਜਾਖੌਲੀ (ਸੋਨੀਪਤ ) ਦਾ ਨਾਮ ਬਦਲ ਕੇ ਸਮ੍ਰਾਟ ਪ੍ਰਿਥਵੀਰਾਜ ਚੌਹਾਨ ਸਰਕਾਰੀ ਕਾਲੇਜ, ਜਾਖੌਲੀ ਕਰਨ ਨੂੰ ਰਸਮੀ ਮੰਜ਼ੂਰੀ ਪ੍ਰਦਾਨ ਕਰ ਦਿੱਤੀ ਗਈ ਹੈ। ਇਹ ਫੈਸਲਾ ਉੱਚ ਸਿੱਖਿਆ ਵਿਭਾਗ ਵੱਲੋਂ ਭੇਜੇ ਗਏ ਪ੍ਰਸਤਾਵ 'ਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਮੰਜ਼ੂਰੀ ਤੋਂ ਬਾਅਦ ਲਿਆ ਗਿਆ ਹੈ।

ਸਿੱਖਿਆ ਮੰਤਰੀ ਨੇ ਕਿਹਾ ਕਿ ਸਮ੍ਰਾਟ ਪ੍ਰਿਥਵੀਰਾਜ ਚੌਹਾਨ ਭਾਰਤੀ ਇਤਿਹਾਸ ਵਿੱਚ ਅਦੁਤੀ ਬਹਾਦਰੀ, ਹਿੰਮਤ ਅਤੇ ਰਾਸ਼ਟਰ ਭਾਵਨਾ ਦੇ ਪ੍ਰਤੀਕ ਰਹੇ ਹਨ ਅਤੇ ਉਨ੍ਹਾਂ ਦੇ ਨਾਮ 'ਤੇ ਕਾਲੇਜ ਦਾ ਨਾਮਕਰਨ ਨੌਜੁਆਨਾਂ ਵਿੱਚ ਦੇਸ਼ ਭਗਤੀ, ਅਗਵਾਈ ਦੀ ਸਮਰਥਾ ਅਤੇ ਇਤਿਹਾਸਕ ਚੇਤਨਾ ਨੂੰ ਪ੍ਰੋਤਸਾਹਿਤ ਕਰੇਗਾ।

ਉਨ੍ਹਾਂ ਨੇ ਕਿਹਾ ਕਿ ਰਾਜ ਸਰਕਾਰ ਸੂਬੇ ਦੇ ਵਿਦਿਅਕ ਸੰਸਥਾਨਾਂ ਨੂੰ ਸਿਰਫ਼ ਵਿਦਿਅਕ ਕੇਂਦਰ ਹੀ ਨਹੀਂ ਸਗੋਂ ਸਾਂਸਕ੍ਰਿਤਿਕ ਅਤੇ ਇਤਿਹਾਸਕ ਮੁੱਲਾਂ ਦੇ ਸੰਵਾਹਕ ਵੱਜੋਂ ਵਿਕਸਿਤ ਕਰਨ ਲਈ ਪ੍ਰਤੀਬੱਧ ਹੈ।

ਉਨ੍ਹਾਂ ਨੇ ਕਿਹਾ ਕਿ ਇਹ ਬਦਲਾਵ ਨਾ ਸਿਰਫ਼ ਵਿਦਿਅਕ ਵਾਤਾਵਰਨ ਨੂੰ ਮਜਬੂਤ ਕਰੇਗਾ ਸਗੋਂ ਵਿਦਿਆਰਥੀਆਂ ਨੂੰ ਆਪਣੇ ਗੌਰਵਸ਼ਾਲੀ ਪਿਛੋਕੜ ਤੋਂ ਸਮ੍ਰਾਟ ਪ੍ਰਿਥਵੀਰਾਜ ਚੌਹਾਨ ਸਰਕਾਰੀ ਕਾਲੇਜ, ਜਾਖੌਲੀ ਕਰਨ ਨੂੰ ਰਸਮੀ ਮੰਜ਼ੂਰੀ ਪ੍ਰਦਾਨ ਕਰ ਦਿੱਤੀ ਗਈ ਹੈ। ਇਹ ਫੈਸਲਾ ਉੱਚ ਸਿੱਖਿਆ ਵਿਭਾਗ ਵੱਲੋਂ ਭੇਜੇ ਗਏ ਪ੍ਰੇਰਣਾ ਲੈਣ ਦਾ ਮੌਕਾ ਵੀ ਪ੍ਰਦਾਨ ਕਰੇਗਾ।

# ਪੰਜਾਬ ਦੇ 2 ਆਈ.ਏ.ਐਸ. ਅਤੇ 57 ਪੀ.ਸੀ.ਐਸ. ਅਧਿਕਾਰੀਆਂ ਦੇ ਤਬਾਦਲੇ

**ਚੰਡੀਗੜ੍ਹ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵਲੋਂ 2 ਆਈ.ਏ.ਐਸ. ਅਤੇ 57 ਪੀ.ਸੀ.ਐਸ. ਅਧਿਕਾਰੀਆਂ ਦੇ ਤਬਾਦਲੇ ਕੀਤੇ ਗਏ ਹਨ। ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਵਲੋਂ ਜਾਰੀ ਹੁਕਮ ਮੁਤਾਬਿਕ ਬਦਲੇ ਗਏ ਆਈ.ਏ.ਐਸ. ਅਧਿਕਾਰੀਆਂ ਵਿਚ ਹਰਜਿੰਦਰ ਸਿੰਘ ਆਈ.ਏ.ਐਸ. ਨੂੰ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ), ਬਰਨਾਲਾ ਅਤੇ ਜਸਪਿੰਦਰ ਸਿੰਘ ਆਈ.ਏ.ਐਸ. ਨੂੰ ਕਮਿਸ਼ਨਰ, ਨਗਰ ਨਿਗਮ, ਮੋਗਾ ਲਗਾਇਆ ਗਿਆ ਹੈ। ਇਸੇ ਤਰ੍ਹਾਂ ਬਦਲੇ ਗਏ ਪੀ.ਸੀ.ਐਸ. ਅਧਿਕਾਰੀਆਂ ਵਿਚ ਸੁਖਪ੍ਰੀਤ ਸਿੰਘ ਸਿੱਧੂ ਪੀ.ਸੀ.ਐਸ. ਨੂੰ ਸੰਯੁਕਤ ਸਕੱਤਰ, ਸਕੂਲ ਸਿੱਖਿਆ ਵਿਭਾਗ ਅਤੇ ਵਾਧੂ ਚਾਰਜ ਸੰਯੁਕਤ ਸਕੱਤਰ, ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ ਲਗਾਇਆ ਗਿਆ ਹੈ। ਇਸੇ ਤਰ੍ਹਾਂ ਸੰਜੀਵ ਸ਼ਰਮਾ ਨੂੰ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਪਠਾਨਕੋਟ, ਸ੍ਰੀਮਤੀ ਪੂਜਾ ਸਿਆਲ ਨੂੰ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਫਤਿਹਗੜ੍ਹ ਸਾਹਿਬ, ਅਮਿਤ ਬੈਂਬੀ ਨੂੰ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਬਰਨਾਲਾ, ਸ੍ਰੀਮਤੀ ਮਨਦੀਪ ਕੌਰ ਨੂੰ ਸਕੱਤਰ, ਰੀਜਨਲ ਟਰਾਂਸਪੋਰਟ ਅਥਾਰਿਟੀ, ਜਲੰਧਰ, ਹਰਜੀਤ ਸਿੰਘ ਸੰਧੂ ਨੂੰ ਸੰਯੁਕਤ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ਅਤੇ ਵਾਧੂ ਚਾਰਜ ਸੰਯੁਕਤ ਸਕੱਤਰ, ਪੰਜਾਬ ਮੰਡੀ ਬੋਰਡ, ਸ੍ਰੀਮਤੀ ਨਿਧੀ ਕੁਮੁਧ ਬੰਬਾ ਨੂੰ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਫਿਰੋਜ਼ਪੁਰ, ਸ੍ਰੀਮਤੀ ਹਰਜੋਤ ਕੌਰ ਨੂੰ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਫਰੀਦਕੋਟ, ਸ੍ਰੀਮਤੀ ਸ਼ਿਖਾ ਭਗਤ ਨੂੰ ਵਧੀਕ ਡਿਪਟੀ ਕਮਿਸ਼ਨਰ ਫਗਵਾੜਾ, ਸ੍ਰੀਮਤੀ ਅਨੁਪ੍ਰੀਤ ਕੌਰ ਨੂੰ ਐਸ.ਡੀ.ਐਮ ਗੁਰਦਾਸਪੁਰ, ਅਮਿਤ ਸਰੀਨ ਨੂੰ ਸੰਯੁਕਤ ਸਕੱਤਰ ਸੂਚਨਾ ਤਕਨੀਕ ਉਦਯੋਗ ਤਰੱਕੀ ਵਿਭਾਗ, ਮਿਸ ਅਨੁਮ੍ਰਿਤਾ ਜੌਹਲ ਨੂੰ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮਾਨਸਾ, ਸ੍ਰੀਮਤੀ ਨਵਰੀਤ ਕੌਰ ਸੇਖੋਂ ਨੂੰ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮਲੇਰਕੋਟਲਾ, ਅਵੀਕੇਸ਼ ਗੁਪਤਾ ਨੂੰ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਰੂਪਨਗਰ, ਕੰਵਲਜੀਤ ਸਿੰਘ ਨੂੰ ਐਸ.ਡੀ.ਐਮ ਦਸੂਆ ਅਤੇ ਵਾਧੂ ਚਾਰਜ ਐਸ.ਡੀ.ਐਮ ਮੁਕੇਰੀਆਂ, ਬਲਬੀਰ ਰਾਜ ਸਿੰਘ ਨੂੰ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ਼ਹੀਦ ਭਗਤ ਸਿੰਘ ਨਗਰ, ਅਰਵਿੰਦ ਕੁਮਾਰ ਨੂੰ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਫਿਰੋਜ਼ਪੁਰ, ਗੁਰਸਿਮਰਨ ਸਿੰਘ ਢਿੱਲੋਂ ਨੂੰ ਵਧੀਕ ਡਿਪਟੀ ਚਾਰਜ ਕਮਿਸ਼ਨਰ, ਨਗਰ ਨਿਗਮ, ਬਟਾਲਾ, ਜਗਦੀਪ ਸਹਿਗਲ ਨੂੰ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੋਗਾ, ਅੰਕੁਰ ਮਹਿੰਦਰੂ ਨੂੰ ਵਧੀਕ ਡਿਪਟੀ ਕਮਿਸ਼ਨਰ, ਖੰਨਾ, ਸ੍ਰੀਮਤੀ ਸਵਾਤੀ ਨੂੰ ਐਸ.ਡੀ.ਐਮ ਖੰਨਾ, ਵਿਕਾਸ ਹੀਰਾ ਨੂੰ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸੰਗਰੂਰ, ਸ੍ਰੀਮਤੀ ਵੀਰਪਾਲ ਕੌਰ ਨੂੰ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਫਾਜ਼ਿਲਕਾ, ਸੂਬਾ ਸਿੰਘ ਨੂੰ ਐਸ.ਡੀ.ਐਮ ਫਤਿਹਗੜ੍ਹ ਸਾਹਿਬ, ਸ੍ਰੀਮਤੀ ਕਨੂੰ ਗਰਗ ਨੂੰ ਐਸ.ਡੀ.ਐਮ ਨਾਭਾ, ਕੇਸ਼ਵ ਗੋਇਲ ਨੂੰ ਸੰਯੁਕਤ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ਅਤੇ ਵਾਧੂ ਚਾਰਜ ਵਧੀਕ ਮੈਨੇਜਿੰਗ ਡਾਇਰੈਕਟਰ, ਮਿਲਕਫੈਡ, ਨਮਨ ਮਾਰਕਨ ਨੂੰ ਐਸ.ਡੀ.ਐਮ ਰਾਜਪੁਰਾ, ਸ੍ਰੀਮਤੀ ਇਸਮਤ ਵਿਜੈ ਸਿੰਘ ਨੂੰ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਪਟਿਆਲਾ, ਸ੍ਰੀ ਲਾਲ ਵਿਸ਼ਵਾਸ ਬੈਂਸ ਨੂੰ 1 ਨੂੰ ਰੀਜਨਲ ਟਰਾਂਸਪੋਰਟ ਅਫਸਰ, ਸੰਗਰੂਰ, ਬਲਜਿੰਦਰ ਸਿੰਘ ਢਿੱਲੋਂ ਨੂੰ ਐਸ.ਡੀ.ਐਮ ਰੂਪਨਗਰ, ਸੰਜੀਵ ਕੁਮਾਰ ਨੂੰ ਸੰਯੁਕਤ ਡਾਇਰੈਕਟਰ, ਸਥਾਨਕ ਸਰਕਾਰ, ਕੰਵਰਜੀਤ ਸਿੰਘ ਨੂੰ ਐਸ.ਡੀ.ਐਮ ਜਲਾਲਾਬਾਦ ਅਤੇ ਵਾਧੂ ਚਾਰਜ ਰੀਜਨਲ ਟਰਾਂਸਪੋਰਟ ਅਫਸਰ, ਫਾਜ਼ਿਲਕਾ, ਕਿਰਪਾਲ ਵੀਰ ਸਿੰਘ ਨੂੰ ਸਹਾਇਕ ਕਮਿਸ਼ਨਰ (ਜਨਰਲ), ਸੰਗਰੂਰ, ਅਮਨਪ੍ਰੀਤ ਸਿੰਘ ਨੂੰ ਐਸ.ਡੀ.ਐਮ ਬਾਬਾ ਬਕਾਲਾ ਅਤੇ ਵਾਧੂ ਚਾਰਜ ਐਸ.ਡੀ.ਐਮ ਅੰਮ੍ਰਿਤਸਰ ਗਗਨਦੀਪ ਸਿੰਘ ਨੂੰ ਸਕੱਤਰ, ਰੀਜਨਲ ਟਰਾਂਸਪੋਰਟ ਅਥਾਰਟੀ ਬਠਿੰਡਾ ਅਤੇ ਵਾਧੂ ਚਾਰਜ ਰੀਜਨਲ ਟਰਾਂਸਪੋਰਟ ਅਫਸਰ, ਫਰੀਦਕੋਟ ਪ੍ਰੀਤਇੰਦਰ ਸਿੰਘ ਬੈਂਸ ਨੂੰ ਐਸ.ਡੀ.ਐਮ ਮਜੀਠਾ, ਹਰਜਿੰਦਰ ਸਿੰਘ ਜੱਸਲ ਨੂੰ ਐਸ.ਡੀ.ਐਮ ਸਰਦੂਲਗੜ੍ਹ, ਮਿਸ ਉਪਿੰਦਰਜੀਤ ਕੌਰ ਨੂੰ ਐਸ.ਡੀ.ਐਮ ਜਗਰਾਓਂ ਸ੍ਰੀਮਤੀ ਹਰਜੋਤ ਕੌਰ ਨੂੰ ਐਸ.ਡੀ.ਐਮ ਪਟਿਆਲਾ ਅਤੇ ਵਾਧੂ ਚਾਰਜ ਸਹਾਇਕ ਕਮਿਸ਼ਨਰ (ਜਨਰਲ), ਪਟਿਆਲਾ, ਸਾਰੰਗਪ੍ਰੀਤ ਸਿੰਘ ਔਜਲਾ ਨੂੰ ਐਸ ਡੀ ਐਮ ਬਾਘਾ ਪੁਰਾਣਾ, ਸੁਖਪਾਲ ਸਿੰਘ ਨੂੰ ਐਸ.ਡੀ.ਐਮ ਦੁਧਨ ਸਾਧਾ, ਸੰਜੀਵ ਕੁਮਾਰ ਨੂੰ ਐਸ.ਡੀ.ਐਮ ਖਡੂਰ ਸਾਹਿਬ, ਗੁਰਮੰਦਰ ਸਿੰਘ ਮਨੇਸ ਨੂੰ ਐਸ.ਡੀ.ਐਮ ਬਟਾਲਾ ਅਤੇ ਵਾਧੂ ਚਾਰਜ ਮੁੱਖ ਮੰਤਰੀ ਖੇਤਰੀ ਅਫਸਰ, ਗੁਰਦਾਸਪੁਰ, ਸ੍ਰੀਮਤੀ ਜਯੋਤਸਨਾ ਸਿੰਘ ਨੂੰ ਐਸ.ਡੀ.ਐਮ ਕਲਾਨੌਰ ਅਤੇ ਵਾਧੂ ਚਾਰਜ ਐਸ.ਡੀ.ਐਮ ਦੀਨਾ ਨਗਰ, ਗੁਰਦੇਵ ਸਿੰਘ ਧੰਮ ਨੂੰ ਐਸ.ਡੀ.ਐਮ ਮੋਰਿੰਡਾ, ਅਜੀਤ ਪਾਲ ਸਿੰਘ ਨੂੰ ਐਸ.ਡੀ.ਐਮ ਬਰਨਾਲਾ, ਮਨਜੀਤ ਸਿੰਘ ਰਾਜਲਾ ਨੂੰ ਐਸ.ਡੀ. ਐਮ ਨਿਹਾਲ ਸਿੰਘ ਵਾਲਾ, ਬੇਅੰਤ ਸਿੰਘ ਸਿਧੂ ਨੂੰ ਐਸ.ਡੀ.ਐਮ ਮਹਿਲ ਕਲਾਂ, ਸਿਮਰਨਜੀਤ ਸਿੰਘ ਨੂੰ ਐਸ.ਡੀ.ਐਮ ਭਿਖੀਵਿੰਡ ਅਤੇ ਵਾਧੂ ਚਾਰਜ ਐਸ.ਡੀ.ਐਮ ਪੱਟੀ, ਪਾਇਲ ਗੋਇਲ ਨੂੰ ਐਸ ਡੀ ਐਮ ਰਾਏਕੋਟ ਅਤੇ ਵਾਧੂ ਚਾਰਜ ਸਹਾਇਕ ਕਮਿਸ਼ਨਰ (ਜਨਰਲ) ਲੁਧਿਆਣਾ, ਨਵਜੋਤ ਸ਼ਰਮਾ ਨੂੰ ਰੀਜਨਲ ਟਰਾਂਸਪੋਰਟ ਅਫਸਰ ਗੁਰਦਾਸਪੁਰ ਅਤੇ ਵਾਧੂ ਚਾਰਜ ਐਸ.ਡੀ.ਐਮ ਫਤਿਹਗੜ੍ਹ ਚੂੜੀਆਂ, ਅਮਨਦੀਪ ਸਿੰਘ ਮਾਵੀ ਨੂੰ ਮੁੱਖ ਮੰਤਰੀ ਖੇਤਰੀ ਅਵਸਰ ਫਾਜ਼ਿਲਕਾ ਅਤੇ ਵਾਧੂ ਚਾਰਜ ਐਸ.ਡੀ.ਐਮ ਫਾਜ਼ਿਲਕਾ, ਜਸਜੀਤ ਸਿੰਘ ਨੂੰ ਸੰਯੁਕਤ ਕਮਿਸ਼ਨਰ, ਨਗਰ ਨਿਗਮ, ਮੁਹਾਲੀ, ਖੁਸ਼ਪ੍ਰੀਤ ਸਿੰਘ ਨੂੰ ਐਸ.ਡੀ.ਐਮ. ਲੋਪੋਕੇ, ਰਾਕੇਸ਼ ਪ੍ਰਕਾਸ਼ ਨੂੰ ਐਸ.ਡੀ.ਐਮ ਲਹਿਰਾਗਾਗਾ ਅਤੇ ਵਾਧੂ ਚਾਰਜ ਐਸ.ਡੀ.ਐਮ ਮੂਨਕ, ਲਵਪ੍ਰੀਤ ਸਿੰਘ ਨੂੰ ਐਸ.ਡੀ.ਐਮ ਟਾਂਡਾ ਅਤੇ ਨਵਦੀ ਸਿੰਘ ਨੂੰ ਐਸ.ਡੀ.ਐਮ ਨਕੋਦਰ ਅਤੇ ਵਾਧੂ ਚਾਰਜ ਮੁੱਖ ਮੰਤਰੀ ਖੇਤਰੀ ਅਫਸਰ, ਜਲੰਧਰ ਲਗਾਇਆ ਗਿਆ ਹੈ।

# ਹਰਿਆਣਾ ਵਿੱਚ ਸੀਨੀਅਰ ਕਰਮਚਾਰੀਆਂ ਦੇ ਤਨਖਾਹ ਸਟੇਪਿੰਗ-ਅੱਪ, ਵਿੱਤੀ ਸ਼ਕਤੀਆਂ ਰੀ-ਡੇਲੀਗੇਟ ਕਰਨ ਦੇ ਸੰਬੰਧ ਵਿੱਚ ਨਵੇਂ ਨਿਰਦੇਸ਼

**ਚੰਡੀਗੜ੍ਹ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਸੀਨੀਅਰ ਕਰਮਚਾਰੀਆਂ ਦੇ ਤਨਖਾਹ/ ਏਸੀਪੀਐਲ ਨੂੰ ਜੂਨੀਅਰ ਕਰਮਚਾਰੀਆਂ ਦੇ ਬਰਾਬਰ ਸਟੇਪਿੰਗ-ਅੱਪ ਕੀਤੇ ਜਾਣ ਦੀ ਪ੍ਰਕ੍ਰਿਆ ਨੂੰ ਸੁਵਿਵਸਥਿਤ ਕਰਨ ਦੇ ਸਬੰਧ ਵਿੱਚ ਮਹਤੱਵਪੂਰਣ ਨਿਰਦੇਸ਼ ਜਾਰੀ ਕੀਤੇ ਹਨ। ਨਾਲ ਹੀ, ਵਿੱਤੀ ਸ਼ਕਤੀਆਂ ਰੀ-ਡੇਲੀਗੇਟ ਕਰਨ ਨਾਲ ਜੁੜੇ ਪੀਐਫਆਰ ਵਾਲਯੂਮ-1 ਦੇ ਨਿਯਮ 19.1 ਦੇ ਨੀਚੇ ਨੋਟ 5 ਦੇ ਸਬੰਧ ਵਿੱਚ ਵੀ ਸਥਿਤੀ ਸਪਸ਼ਟ ਕੀਤੀ ਗਈ ਹੈ।

ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ, ਜਿਨ੍ਹਾਂ ਦੇ ਕੋਲ ਵਿੱਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਦੀ ਜਿਮੇਵਾਰੀ ਵੀ ਹੈ, ਵੱਲੋਂ ਇਸ ਸਬੰਧ ਵਿੱਚ ਦੋ ਵੱਖ-ਵੱਖ ਪੱਤਰ ਜਾਰੀ ਕੀਤੇ ਗਏ ਹਨ।

ਵਿੱਤ ਵਿਭਾਗ ਨੇ ਸਪਸ਼ਟ ਕੀਤਾ ਹੈ ਕਿ 20 ਦਸੰਬਰ, 2024 ਨੂੰ ਜਾਰੀ ਨਿਰਦੇਸ਼ਾਂ ਅਨੁਸਾਰ, ਸੀਨੀਅਰ ਕਰਮਚਾਰੀ ਦੀ ਤਨਖਾਹ/ਏਸੀਪੀਐਲ ਜੂਨੀਅਰ ਕਰਮਚਾਰੀ ਦੇ ਬਰਾਬਰ ਸਾਰੀ ਸਟੇਪਿੰਗ-ਅੱਪ ਕੀਤਾ ਜਾ ਸਕਦਾ ਹੈ, ਜਦੋਂ ਸੀਨੀਅਰ ਕਰਮਚਾਰੀ ਐਚਸੀਐਸ (ਏਸੀਪੀ) ਨਿਯਮ, 2016 ਤਹਿਤ ਏਸੀਪੀ ਦੇ ਯੋਗ ਹੋਣ। ਹਾਲਾਂਕਿ ਜੇਕਰ ਜੂਨੀਅਰ ਕਰਮਚਾਰੀ ਨੂੰ ਨਿਜੀ ਕਾਰਣਾਂ ਨਾਲ ਵੱਧ ਤਨਖਾਹ ਪ੍ਰਾਪਤ ਹੋ ਰਹੀ ਹੈ ਤਾਂ ਉਸ ਸਥਿਤੀ ਵਿੱਚ ਸਟੇਪਿੰਗ-ਅੱਪ ਭੁਗਤਾਨ ਨਹੀਂ ਹੋਵੇਗਾ।

ਇਹ ਦੇਖਣ ਵਿੱਚ ਆਇਆ ਹੈ ਕਿ ਵਿਭਾਗਾਂ ਵੱਲੋਂ ਇੰਨ੍ਹਾਂ ਮਾਮਲਿਆਂ ਦੀ ਜਾਂਚ ਖੁਦ ਕਰਨ ਦੀ ਥਾਂ ਇੰਨ੍ਹਾਂ ਨੂੰ ਵਿੱਤ ਵਿਭਾਗ ਨੂੰ ਭੇਜਿਆ ਜਾ ਰਿਹਾ ਹੈ। ਆਖੀਰ ਸਾਰੇ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਅਜਿਹੇ ਮਾਮਲਿਆਂ ਦੀ ਜਾਂਚ ਆਪਣੇ ਪੱਧਰ 'ਤੇ ਕਰਨ ਅਤੇ ਸਿਰਫ ਉਨ੍ਹਾਂ ਹੀ ਮਾਮਲਿਆਂ ਦਾ ਵੇਰਵਾ ਪੂਰਨ ਤੱਥਾਂ ਸਮੇਤ ਵਿੱਤ ਵਿਭਾਗ ਨੂੰ ਭੇਜਣ ਜੋ ਉਪਰੋਕਤ ਆਦੇਸ਼ਾਂ ਦੇ ਦਾਇਰੇ ਵਿੱਚ ਨਹੀਂ ਆਉਂਦੇ।

ਇਸ ਤੋਂ ਇਲਵਾ, ਵਿੱਤ ਵਿਭਾਗ ਨੇ ਪੀਐਫਆਰ ਵਾਲਿਯੂਮ-1 ਦੇ ਨਿਯਮ 19.1 ਦੇ ਹੇਠਾਂ ਦਿੱਤੇ ਗਏ ਨੋਟ 5 ਦੇ ਸਬੰਧ ਵਿੱਚ ਵੀ ਵਿਸਤਾਰ ਸਪਸ਼ਟੀਕਰਣ ਜਾਰੀ ਕੀਤਾ ਹੈ। ਵਿਭਾਗ ਵੱਲੋਂ ਜਾਰੀ ਇੱਕ ਪੱਤਰ ਅਨੁਸਾਰ, ਇਹ ਦੇਖਣ ਵਿੱਚ ਆਇਆ ਹੈ ਕਿ ਕੁੱਝ ਵਿਭਾਗ ਪ੍ਰਮੁੱਖ ਆਪਣੀ ਵਿੱਤੀ ਸ਼ਕਤੀਆਂ ਫੀਲਡ ਅਧਿਕਾਰੀਆਂ ਨੂੰ ਰੀ-ਡੇਲੀਗੇਟ ਕਰ ਰਹੇ ਹਨ, ਜੋ ਨਿਯਮਾਂ ਦੇ ਵਿਰੁੱਧ ਹਨ। ਪ੍ਰਸਾਸ਼ਨਿਕ ਵਿਭਾਗ ਸਿਰਫ ਆਪਣੇ ਵਿਭਾਗ ਵਿੱਚ ਕੰਮ ਕਰ ਰਹੇ ਗਜਟਿਡ ਅਧਿਕਾਰੀਆਂ, ਜਿਵੇਂ ਸਕੱਤਰ, ਸੰਯੁਕਤ ਸਕੱਤਰ, ਉੱਪ ਸਕੱਤਰ ਜਾਂ ਐਸਏਐਸ ਕੈਡਰ ਅਧਿਕਾਰੀਆਂ ਨੂੰ ਹੀ ਇਹ ਸ਼ਕਤੀਆਂ ਸੌਂਪ ਸਕਦੇ ਹਨ। ਇਸੀ ਤਰ੍ਹਾ ਵਿਭਾਗ ਪ੍ਰਮੁੱਖ ਸਿਰਫ ਆਪਣੇ ਦਫਤਰ ਦੇ ਗਜਟਿਡ ਅਧਿਕਾਰੀਆਂ, ਜਿਵੇਂ ਵਧੀਕ ਨਿਦੇਸ਼ਕ, ਸੰਯੁਕਤ ਨਿਦੇਸ਼ਕ, ਉੱਪ ਨਿਦੇਸ਼ਕ ਆਦਿ ਨੂੰ ਹੀ ਇਹ ਸ਼ਕਤੀਆਂ ਰੀ-ਡੇਲੀਗੇਟ ਕਰ ਸਕਦੇ ਹਨ। ਪ੍ਰਸਾਸ਼ਨਿਕ ਸਕੱਤਰ ਆਪਣੀ ਵਿੱਤੀ ਸ਼ਕਤੀਆਂ ਕਿਸੇ ਵੀ ਸਥਿਤੀ ਵਿੱਚ ਵਿਭਾਗ ਪ੍ਰਮੁੱਖਾਂ ਨੂੰ ਰੀ-ਡੇਲੀਗੇਟ ਨਹੀਂ ਕਰ ਸਕਦੇ ਅਤੇ ਵਿਭਾਗ ਪ੍ਰਮੁੱਖ ਆਪਣੀ ਵਿੱਤੀ ਸ਼ਕਤੀਆਂ ਫੀਲਡ ਅਧਿਕਾਰੀਆਂ ਜਾਂ ਦਫਤਰ ਪ੍ਰਮੁੱਖਾਂ ਨੂੰ ਨਹੀਂ ਸੌਂਪ ਸਕਦੇ।

# 3 ਆਈ.ਪੀ.ਐਸ, 15 ਪੀ.ਪੀ.ਐਸ.ਤੇ 61 ਡੀ.ਐਸ.ਪੀ ਬਦਲੇ

**ਚੰਡੀਗੜ੍ਹ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵਲੋਂ ਪੁਲਿਸ ਪ੍ਰਸ਼ਾਸਨ 'ਚ ਭਾਰੀ ਰੱਦ ਬਦਲ ਕਰਦਿਆਂ 3 ਆਈ.ਪੀ.ਐਸ., 15 ਪੀ.ਪੀ.ਐਸ ਅਤੇ 61 ਡੀ.ਐਸ.ਪੀ ਬਦਲੇ ਗਏ ਹਨ। ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਲੋਕ ਸ਼ੇਖਰ ਵਲੋਂ ਜਾਰੀ ਹੁਕਮ ਮੁਤਾਬਿਕ, ਆਈ.ਪੀ.ਐਸ ਅਧਿਕਾਰੀਆਂ 'ਚ ਆਈ.ਪੀ.ਐਸ ਸੁਰਿੰਦਰ ਸਿੰਘ ਮੰਡ ਨੂੰ ਡੀ.ਆਈ.ਜੀ ਏ.ਆਈ.ਜੀ ਕ੍ਰਾਈਮ, ਬੀ.ਓ.ਆਈ, ਪੰਜਾਬ, ਪਰਮਬੀਰ ਸਿੰਘ ਪਰਮਾਰ ਨੂੰ ਏ.ਆਈ.ਜੀ ਵਿਵਸਥਾ-, ਪੰਜਾਬ ਲਗਾਇਆ ਗਿਆ ਹੈ। ਇਸੇ ਤਰ੍ਹਾਂ ਬਦਲੇ ਗਏ ਪੀ.ਪੀ.ਐਸ ਅਧਿਕਾਰੀਆਂ ਵਿਚ ਜਸਕਿਰਨਜੀਤ ਸਿੰਘ ਪੀ.ਪੀ.ਐਸ ਨੂੰ ਡੀ.ਸੀ.ਪੀ ਦਿਹਾਤੀ, ਲੁਧਿਆਣਾ, ਜਸ਼ਨਦੀਪ ਸਿੰਘ ਗਿੱਲ ਨੂੰ ਏ.ਡੀ.ਸੀ.ਪੀ -4, ਲੁਧਿਆਣਾ, ਅਜੇ ਰਾਜੂ ਸਿੰਘ ਨੂੰ ਅਸਿਸਟੈਂਟ ਕਮਾਂਡੈਂਟ ਪਹਿਲੀ ਆਈ.ਆਰ.ਬੀ, ਪਟਿਆਲਾ, ਰਾਜਨ ਸ਼ਰਮਾ ਨੂੰ ਐਸ.ਪੀ ਜਾਂਚ, ਲੁਧਿਆਣਾ ਦਿਹਾਤੀ, ਤਰੁਨ ਰਤਨ ਨੂੰ ਐਸ.ਪੀ ਜਾਂਚ ਫਾਜ਼ਿਲਕਾ ਸਤਵੀਰ ਸਿੰਘ ਨੂੰ ਕਮਾਂਡੈਂਟ 7ਵੀਂ ਆਈ ਆਰ.ਬੀ ਕਪੂਰਥਲਾ, ਗੁਰਪ੍ਰਤਾਪ ਸਿੰਘ ਸਹੋਤਾ ਨੂੰ ਏ.ਡੀ.ਸੀ.ਪੀ. ਪੀ.ਬੀ.ਆਈ ਅੰਮ੍ਰਿਤਸਰ, ਹਰਕਮਲ ਕੌਰ ਨੂੰ ਐਸ.ਪੀ ਹੈਡਕੁਆਟਰ ਸ੍ਰੀ ਮੁਕਤਸਰ ਸਾਹਿਬ, ਸੰਦੀਪ ਕੁਮਾਰ ਨੂੰ ਐਸ.ਪੀ ਜਾਂਚ ਬਟਾਲਾ, ਮਨਪ੍ਰੀਤ ਸ਼ਿਨਾਮਰ ਨੂੰ ਐਸ.ਪੀ ਆਪ੍ਰੇਸ਼ਨ ਹੁਸ਼ਿਆਰਪੁਰ, ਹਰਪਿੰਦਰ ਕੌਰ ਗਿੱਲ ਨੂੰ ਐਸ.ਪੀ ਹੈਡਕੁਆਟਰ ਖੰਨਾ, ਸੁਖਨਿੰਦਰ ਸਿੰਘ ਨੂੰ ਐਸ.ਪੀ. ਹੈਡ ਕੁਆਟਰ ਤਰਨਤਾਰਨ, ਰੁਪਿੰਦਰ ਦੀਪ ਕੌਰ ਨੂੰ ਐਸ.ਪੀ ਬੀ.ਓ.ਆਈ ਪੰਜਾਬ, ਦਮਨਬੀਰ ਸਿੰਘ ਨੂੰ ਐਸ.ਪੀ ਹੈਡਕੁਆਟਰ ਏ.ਐਨ.ਟੀ. ਐਫ ਪੰਜਾਬ ਅਤੇ ਧਰਮਵੀਰ ਸਿੰਘ ਨੂੰ ਐਸ.ਪੀ ਹੈਡਕੁਆਟਰ ਫਿਰੋਜ਼ਪੁਰ ਲਗਾਇਆ ਗਿਆ ਹੈ। ਇਸੇ ਤਰ੍ਹਾਂ ਡੀ.ਜੀ.ਪੀ. ਗੌਰਵ ਯਾਦਵ ਵਲੋਂ ਜਾਰੀ ਹੁਕਮ ਮੁਤਾਬਿਕ 61 ਡੀ.ਐਸ.ਪੀ ਰੈਂਕ ਦੇ ਬਦਲੇ ਗਏ ਅਧਿਕਾਰੀਆਂ ਵਿਚ ਜਗਜੀਤ ਸਿੰਘ ਨੂੰ ਡੀ.ਐਸ.ਪੀ ਡਿਟੈਕਟਿਵ ਤਰਨਤਾਰਨ ਲਗਾਇਆ ਗਿਆ ਹੈ। ਇਸੇ ਤਰ੍ਹਾਂ ਸੁਖਬੀਰ ਸਿੰਘ ਨੂੰ ਡੀ.ਐਸ.ਪੀ. ਤਰਨਤਾਰਨ, ਰਾਜੇਸ਼ ਕੱਕੜ ਨੂੰ £ ਨੂੰ ਡੀ.ਐੱਸ.ਪੀ ਫ਼ਤਹਿਗੜ੍ਹ ਚੂੜੀਆਂ, ਬਟਾਲਾ, ਵਿਪਨ ਕੁਮਾਰ ਨੂੰ ਡੀ.ਐੱਸ.ਪੀ ਡਿਟੈਕਟਿਵ ਪਠਾਨਕੋਟ, ਭਰਤ ਮਸੀਹ ਨੂੰ ਡੀ.ਐਸ.ਪੀ. ਫਿਲੌਰ, ਸਰਵਨ ਸਿੰਘ ਨੂੰ ਏ.ਸੀ.ਪੀ. ਪੀ.ਬੀ.ਆਈ ਆਰਥਿਕ ਅਪਰਾਧ ਅਤੇ ਸਾਈਬਰ ਅਪਰਾਧ ਜਲੰਧਰ, ਆਤਿਸ਼ ਭਾਟੀਆ ਨੂੰ ਏ.ਸੀ.ਪੀ ਪੱਛਮੀ ਜਲੰਧਰ, ਸਰਵਨਜੀਤ ਸਿੰਘ ਨੂੰ ਏ.ਸੀ.ਪੀ ਛਾਉਣੀ ਜਲੰਧਰ, ਬਬਨਦੀਪ ਸਿੰਘ ਨੂੰ ਡੀ.ਐੱਸ.ਪੀ ਹੈੱਡਕੁਆਟਰ ਹੁਸ਼ਿਆਰਪੁਰ, ਗੁਰਮੀਤ ਸਿੰਘ ਨੂੰ ਡੀ.ਐੱਸ.ਪੀ ਖਮਾਣੋਂ (ਫਤਿਹਗੜ੍ਹ ਸਾਹਿਬ), ਪ੍ਰਿਤਪਾਲ ਸਿੰਘ ਨੂੰ ਡੀ.ਐੱਸ.ਪੀ. ਭੁੱਚੋ (ਬਠਿੰਡਾ), ਰਛਪਾਲ ਸਿੰਘ ਨੂੰ ਡੀ.ਐੱਸ.ਪੀ ਡਿਟੈਕਟਿਵ ਸ੍ਰੀ ਮੁਕਤਸਰ ਸਾਹਿਬ, ਅੰਮ੍ਰਿਤਪਾਲ ਸਿੰਘ ਨੂੰ ਡੀ.ਐੱਸ.ਪੀ. ਸਿਟੀ 1 ਬਠਿੰਡਾ, ਜਸਵਿੰਦਰ ਸਿੰਘ ਨੂੰ ਡੀ.ਐੱਸ.ਪੀ ਡਿਟੈਕਟਿਵ ਮਾਨਸਾ, ਗੁਰਪ੍ਰੀਤ ਸਿੰਘ ਨੂੰ ਡੀ.ਐੱਸ.ਪੀ ਤਪਾ (ਬਰਨਾਲਾ), ਗੁਰਬਿੰਦਰ ਸਿੰਘ ਨੂੰ ਡੀ.ਐੱਸ.ਪੀ ਪੀ.ਬੀ.ਆਈ ਐਨ.ਡੀ.ਪੀ.ਐਸ-ਕਮ ਨਾਰਕੋਟਿਕਸ ਮਾਨਸਾ, ਅਮਨਦੀਪ ਸਿੰਘ ਨੂੰ ਡੀ.ਐੱਸ.ਪੀ ਦਿਹਾਤੀ ਤੇਜਿੰਦਰਪਾਲ ਸਿੰਘ ਨੂੰ ਡੀ.ਐੱਸ.ਪੀ ਅਬੋਹਰ, ਹੈੱਡਕੁਆਟਰ ਸ੍ਰੀ ਮੁਕਤਸਰ ਸਾਹਿਬ, ਅਜੈ ਸਿੰਘ ਨੂੰ ਏ.ਸੀ.ਪੀ ਸੈਂਟਰਲ ਜਲੰਧਰ, ਅਮਨਦੀਪ ਪੀ.ਬੀ.ਆਈ ਐਨ.ਡੀ.ਪੀ.ਐੱਸ ਨਾਰਕੋਟਿਕਸ ਐੱਸ.ਏ.ਐੱਸ ਨਗਰ, ਜਸਵਰਿੰਦਰ ਸਿੰਘ ਨੂੰ ਡੀ.ਐੱਸ.ਪੀ. ਧਰਮਕੋਟ (ਮੋਗਾ), ਰਾਜੇਸ਼ ਠਾਕੁਰ ਨੂੰ ਡੀ.ਐੱਸ.ਪੀ ਪੀ.ਬੀ ਆਈ ਹੋਮੀਸਾਈਡ ਅਤੇ ਫੋਰੈਂਸਿਕ ਸ੍ਰੀ ਮੁਕਤਸਰ ਸਾਹਿਬ, ਗੁਰਿੰਦਰ ਸਿੰਘ ਨੂੰ ਡੀ.ਐਸ.ਪੀ. ਨਾਭਾ (ਪਟਿਆਲਾ), ਮਨਦੀਪ ਸਿੰਘ ਨੂੰ ਡੀ.ਐਸ.ਪੀ.ਪੀ.ਬੀ.ਆਈ ਤੇ ਬੱਚਿਆਂ ਵਿਰੁੱਧ ਅਪਰਾਧ, ਪਟਿਆਲਾ, ਪੁਨੀਤ ਸਿੰਘ ਚਹਿਲ ਨੂੰ ਡੀ.ਐੱਸ.ਪੀ.ਟਰੈਫਿਕ ਪਟਿਆਲਾ, ਰਣਬੀਰ ਸਿੰਘ ਨੂੰ ਡੀ.ਐੱਸ.ਪੀ ਲਹਿਰਾਗਾਗਾ, (ਸੰਗਰੂਰ), ਦੀਪਇੰਦਰ ਸਿੰਘ ਨੂੰ ਡਿਟੈਕਟਿਵ ਡੀ.ਐਸ.ਪੀ ਫਾਜ਼ਿਲਕਾ, ਗੁਰਪ੍ਰੀਤ ਸਿੰਘ ਨੂੰ ਡੀ.ਐਸ.ਪੀ ਧੂਰੀ (ਸੰਗਰੂਰ), ਹਰਬੰਸ ਸਿੰਘ ਨੂੰ ਫੀ.ਐਸ.ਪੀ. ਲੰਬੀ (ਸ੍ਰੀ ਮੁਕਤਸਰ ਸਾਹਿਬ), ਇਬਾਨ ਸਿੰਗਲਾ ਨੂੰ ਡੀ.ਐੱਸ.ਪੀ ਏ.ਐਨ.ਟੀ.ਐਫ ਪਟਿਆਲਾ ਰੇਂਜ, ਰਮਨਪ੍ਰੀਤ ਸਿੰਘ ਗਿੱਲ ਨੂੰ ਡੀ.ਐੱਸ.ਪੀ ਟੈਕਨੀਕਲ ਸਪੋਰਟ ਸਰਵਿਸਿਜ਼ (ਟੀ.ਐੱਸ.ਐਸ) ਪੰਜਾਬ, ਪਰਮਿੰਦਰ ਸਿੰਘ ਨੂੰ ਏ ਸੀ ਪੀ ਮਾਡਲ ਟਾਊਨ, ਜਲੰਧਰ, ਰੂਪਦੀਪ ਸਿੰਘ ਸਪੈਸ਼ਲ ਕ੍ਰਾਈਮ ਨੂੰ ਏ.ਸੀ.ਪੀ ਪੀ.ਬੀ.ਆਈ ਸਪੈਸ਼ਲ ਲੁਧਿਆਣਾ, ਓਕਾਰ ਸਿੰਘ ਨੂੰ ਡੀ.ਐਸ.ਪੀ ਨਕੋਦਰ (ਜਲੰਧਰ ਦਿਹਾਤੀ), ਸੁਖਪਾਲ ਸਿੰਘ ਨੂੰ ਡੀ.ਐੱਸ.ਪੀ ਸ਼ਾਹਕੋਟ (ਜਲੰਧਰ ਦਿਹਾਤੀ), ਅਮਨਦੀਪ ਸੋਢੀ ਨੂੰ ਡੀ.ਐਸ.ਪੀ. ਸਪੈਸ਼ਲ ਬ੍ਰਾਂਚ ਅਤੇ ਅਪਰਾਧ ਇੰਟੈਲੀਜੈਂਸ ਐਸ.ਬੀ.ਐਸ ਨਗਰ, ਬਚਨ ਸਿੰਘ ਨੂੰ ਡੀ.ਐਸ.ਪੀ ਸ੍ਰੀ ਮੁਕਤਸਰ ਸਾਹਿਬ . ਕੁਮਾਰ ਨੂੰ ਡੀ.ਐੱਸ.ਪੀ ਹੈੱਡਕੁਆਟਰ ਫਰਵਰੇਟ ਕਮਰਸ਼ ਨੂੰ ਸਾਰੇ ਐਸ ਪੀ ਹੋਰ ਕਆਟਲ ਰਣਜੀਤ ਸਿੰਘ ਨੂੰ ਏ.ਸੀ.ਪੀ. ਪੀ.ਬੀ.ਆਈ ਬ੍ਰਾਂਚ ਅਤੇ ਅਪਰਾਧ ਇੰਟੈਲੀਜੈਂਸ ਲੁਧਿਆਣਾ, ਹੋਮੀਸਾਈਡ ਅਤੇ ਫੋਰੈਂਸਿਕ ਲੁਧਿਆਣਾ, ਗੁੰਬਰ ਸਿੰਘ ਨੂੰ ਡੀ.ਐੱਸ.ਪੀ ਪੀ.ਬੀ.ਆਈ ਨੂੰ ਡੀ.ਐਸ.ਪੀ ਐਨ.ਡੀ.ਪੀ.ਐਸ-ਕਮ ਨਾਰਕੋਟਿਕਸ ਰੋਪੜ, ਬਿਕਰਮਜੀਤ ਸਿੰਘ ਨੂੰ ਡੀ.ਐੱਸ.ਪੀ ਹੈੱਡਕੁਆਟਰ ਮਾਲੇਰਕੋਟਲਾ, ਇੰਦਰਦੀਪ ਸਿੰਘ ਨੂੰ ਡੀ.ਐਸ.ਪੀ. ਕਾਊਂਟਰ ਇੰਟੈਲੀਜੈਂਸ ਅੰਮ੍ਰਿਤਸਰ, ਮਾਨੋਜ ਕੁਮਾਰ ਨੂੰ ਡੀ.ਐੱਸ.ਪੀ.ਪੀ.ਬੀ.ਆਈ ਕ੍ਰਾਈਮ ਔਰਤਾਂ ਤੇ ਬੱਚਿਆਂ, ਬਟਾਲਾ, ਬਿਤਨ ਕੁਮਾਰ ਨੂੰ ਡੀ.ਐੱਸ.ਪੀ ਹੈੱਡਕੁਆਟਰ ਫਿਰੋਜ਼ਪੁਰ, ਪ੍ਰਮੋਦ ਕੁਮਾਰ ਨੂੰ ਜੀ.ਐਲ ਪਟਿਆਲਾ, ਡੀ.ਐੱਸ.ਪੀ ਪੀ.ਐਸ.ਪੀ.ਸੀ.ਐਲ ਪਟਿਆਲਾ, ਸਤਪਾਲ ਸਿੰਘ ਨੂੰ ਡੀ.ਐਸ.ਪੀ. ਪੀ.ਬੀ.ਆਈ ਐਨ.ਡੀ.ਪੀ.ਐਸ-ਕਮ ਨਾਰਕੋਟਿਕਸ ਤਰਨਤਾਰਨ, ਲੰਡਾ ਕੋਠੀ ਸੰਗਰੂਰ, ਰਪਾਲ ਸਿੰਘ ਨੂੰ ਰਣਬੀਰ ਸਿੰਘ ਨੂੰ ਬ ਨੂੰ ਡੀ.ਐੱਸ.ਪੀ-2 ਆਈ.ਆਰ.ਬੀ ਡੀ.ਐਸ.ਪੀ ਹੈੱਡਕੁਆਟਰ ਖੰਨਾ, ਜਗਬੀਰ ਸਿੰਘ ਨੂੰ ਡੀ.ਐੱਸ.ਪੀ ਪੀ.ਬੀ.ਆਈ ਸਪੈਸ਼ਲ ਕ੍ਰਾਈਮ ਤਰਨਤਾਰਨ, ਪਵਨ ਕੁਮਾਰ ਨੂੰ ਡੀ.ਐਸ.ਪੀ ਪੀ.ਬੀ.ਆਈ ਹੋਮੀਸਾਈਡ ਅਤੇ ਫੋਰੈਂਸਿਕ ਖੰਨਾ, ਕਮਲਜੀਤ ਸਿੰਘ ਨੂੰ ਡੀ.ਐਸ.ਪੀ.ਪੀ.ਬੀ.ਆਈ ਰੋਮੀਸਾਈਡ ਅਤੇ ਰੇਸਿਕ ਕਲੰਧਰ, ਭਲਵਿੰਦਰ ਫੋਰੈਂਸਿਕ ਪੰਜਾਬ, ਰਾਮ ਕੇਸ ਨੂੰ ਡੀ.ਐਸ.ਪੀ ਸੜਕ ਸੁਰੱਖਿਆ ਬਲਜੀਤ ਸਿੰਘ ਨੂੰ ਡੀ.ਐਸ.ਪੀ ਇੰਟੈਲੀਜੈਂਸ ਵਿੰਗ ਫੋਰਸ (ਐਸ.ਐਸ.ਐਫ) ਪੰਜਾਬ, ਬਲਵਿੰਦਰ ਸਿੰਘ ਨੂੰ ਡੀ.ਐੱਸ.ਪੀ.ਪੀ.ਬੀ.ਆਈ ਹੋਮੀਸਾਈਡ ਤੇ ਫਰੈਂਸਿਕ ਲੁਧਿਆਣਾ ਦਿਹਾਤੀ, ਹਰਵਿੰਦਰ ਸਿੰਘ ਨੂੰ ਡੀ.ਐੱਸ.ਪੀ-1 ਸੀ.ਡੀ.ਓ ਬਟਾਲੀਅਨ ਏ.ਸੀ.ਪੀ ਸਾਈਬਰ ਕ੍ਰਾਈਮ ਤੇ ਫੋਰੈਂਸਿਕ ਬਹਾਦਰਗੜ੍ਹ, ਪਟਿਆਲਾ, ਲਖਵਿੰਦਰ ਸਿੰਘ ਨੂੰ ਅੰਮ੍ਰਿਤਸਰ, ਗੁਰਦਿਆਲ ਸਿੰਘ ਨੂੰ ਡੀ.ਐਸ.ਪੀ. ਪੰਜਵੀਂ ਆਈ ਆਰ.ਬੀ ਅੰਮ੍ਰਿਤਸਰ ਅਤੇ ਕਰਨੈਲ ਸਿੰਘ ਨੂੰ ਡੀ.ਐਸ.ਪੀ ਹੈੱਡਕੁਆਟਰ ਸੰਗਰੂਰ ਲਗਾਇਆ ਗਿਆ ਹੈ।

# ਸਰਦ ਰੁੱਤ ਇਜਲਾਸ: ਲੋਕ ਸਭਾ-ਰਾਜ ਸਭਾ 'ਚ ਭਾਰੀ ਹੰਗਾਮਾ: ਲੋਕ ਸਭਾ ਦਿਨ ਭਰ ਲਈ ਮੁਲਤਵੀ; ਰਾਜ ਸਭਾ ਵਿੱਚੋਂ ਵਿਰੋਧੀਆਂ ਨੇ ਕੀਤਾ ਵਾਕਆਊਟ

**ਨਵੀਂ ਦਿੱਲੀ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਰੋਧੀ ਧਿਰ ਨੇ ਲਗਾਤਾਰ ਦੂਜੇ ਦਿਨ ਸੰਸਦ ਵਿੱਚ ਐਸਆਈਆਰ ਦਾ ਵਿਰੋਧ ਜਾਰੀ ਰੱਖਿਆ। ਜਿਵੇਂ ਹੀ ਲੋਕ ਸਭਾ ਦੀ ਕਾਰਵਾਈ ਸਵੇਰੇ 11 ਵਜੇ ਸ਼ੁਰੂ ਹੋਈ, ਸਾਰੇ ਵਿਰੋਧੀ ਸੰਸਦ ਮੈਂਬਰਾਂ ਨੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਸਪੀਕਰ ਨੇ ਪ੍ਰਸ਼ਨ ਕਾਲ ਜਾਰੀ ਰੱਖਿਆ ਪਰ ਵਿਰੋਧੀ ਧਿਰ 20 ਮਿੰਟਾਂ ਲਈ ਵੋਟ ਚੋਰ - ਗੱਦੀ ਛੋੜ ਦਾ ਨਾਅਰਾ ਲਗਾਉਂਦੀ ਰਹੀ।




ਇਸ ਤੋਂ ਬਾਅਦ ਕਾਰਵਾਈ ਪਹਿਲਾਂ ਦੁਪਹਿਰ 12 ਵਜੇ ਅਤੇ ਫਿਰ ਦੁਪਹਿਰ 2 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। ਇਸ ਦੌਰਾਨ, ਰਾਜ ਸਭਾ ਵਿੱਚ ਵਿਰੋਧੀ ਧਿਰ ਦਾ ਵਿਰੋਧ ਅਤੇ ਨਾਅਰੇਬਾਜ਼ੀ ਜਾਰੀ ਰਹੀ। ਲਗਾਤਾਰ ਹੰਗਾਮੇ ਕਾਰਨ, ਲੋਕ ਸਭਾ ਦੀ ਕਾਰਵਾਈ 3 ਦਸੰਬਰ ਨੂੰ ਸਵੇਰੇ 11 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ।

ਇਸ ਦੌਰਾਨ, ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਕਿਹਾ, ਲੋਕਤੰਤਰ ਦੀ ਰੱਖਿਆ ਲਈ ਵਿਰੋਧ ਪ੍ਰਦਰਸ਼ਨ ਜ਼ਰੂਰੀ ਹਨ। ਇਸ ਤੋਂ ਪਹਿਲਾਂ, ਵਿਰੋਧੀ ਧਿਰ ਨੇ ਲਗਾਤਾਰ ਦੂਜੇ ਦਿਨ ਸਵੇਰੇ 10:30 ਵਜੇ ਸੰਸਦ ਕੰਪਲੈਕਸ ਵਿੱਚ ਮਕਰ ਦੁਆਰ ਦੇ ਸਾਹਮਣੇ ਵਿਰੋਧ ਪ੍ਰਦਰਸ਼ਨ ਕੀਤਾ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਤੁਰੰਤ ਐਸਆਈਆਰ 'ਤੇ ਚਰਚਾ ਕਰੇ।

ਉਧਰ ਉਪਰਲੇ ਸਦਨ ਰਾਜ ਸਭਾ ਵਿਚ ਵੀ ਵਿਰੋਧੀ ਧਿਰਾਂ ਨੇ ਐਸਆਈਆਰ ਦੇ ਮੁੱਦੇ 'ਤੇ ਨਾਅਰੇਬਾਜ਼ੀ ਕੀਤੀ ਜਿਸ ਕਰਕੇ ਸਦਨ ਦੀ ਕਾਰਵਾਈ ਇਕ ਘੰਟੇ ਦੇ ਕਰੀਬ ਚੱਲਣ ਮਗਰੋਂ 2 ਵਜੇ ਤੱਕ ਲਈ ਮੁਲਤਵੀ ਕਰ ਦਿੱਤੀ ਗਈ ਸੀ। ਲਗਾਤਾਰ ਵਿਰੋਧ ਜਾਰੀ ਰਿਹਾ ਅਤੇ ਨਾਅਰੇਬਾਜ਼ੀ ਦੇ ਦਰਮਿਆਨ ਵਿਰੋਧੀ ਧਿਰ ਨੇ ਵਾਕਆਊਟ ਕਰ ਦਿੱਤਾ। ਇਸ ਤੋਂ ਪਹਿਲਾਂ ਅੱਜ ਵਿਰੋਧੀ ਧਿਰਾਂ ਦੇ ਗੱਠਜੋੜ ਇੰਡੀਆ ਵਿਚ ਸ਼ਾਮਲ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਸਰਦ ਰੁੱਤ ਇਜਲਾਸ ਦੌਰਾਨ ਚੋਣ ਸੁਧਾਰਾਂ ਦੇ ਵਿਸ਼ੇ 'ਤੇ ਚਰਚਾ ਦੀ ਮੰਗ ਤੇ ਵਿਸ਼ੇਸ਼ ਵਿਆਪਕ ਸੋਧ ਦਾ ਵਿਰੋਧ ਕਰਦੇ ਹੋਏ ਮੰਗਲਵਾਰ ਨੂੰ ਸੰਸਦੀ ਅਹਾਤੇ ਵਿਚ ਪ੍ਰਦਰਸ਼ਨ ਕੀਤਾ। ਵਿਰੋਧੀ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਸੰਸਦ ਭਵਨ ਦੇ ਮਕਰ ਗੇਟ ਨੇੜੇ ਇਕੱਠੇ ਹੋ ਕੇ ਵਿਰੋਧ ਪ੍ਰਦਰਸ਼ਨ ਕੀਤਾ, ਜਿਸ ਵਿਚ ਕਾਂਗਰਸ ਦੇ ਸੰਸਦੀ ਦਲ ਦੀ ਪ੍ਰਮੁੱਖ ਸੋਨੀਆ ਗਾਂਧੀ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਪਾਰਟੀ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ, ਡੀਐੱਮਕੇ ਆਗੂ ਟੀ.ਆਰ. ਬਾਲੂ ਅਤੇ ਹੋਰ ਵਿਰੋਧੀ ਆਗੂ ਸ਼ਾਮਲ ਸਨ। ਪ੍ਰਦਰਸ਼ਨ ਕਰ ਰਹੇ ਵਿਰੋਧੀ ਧਿਰ ਦੇ ਆਗੂਆਂ ਨੇ 'ਐੱਸਆਈਆਰ ਵਾਪਸ ਲਓ' ਦੇ ਨਾਅਰੇ ਲਗਾਏ।

ਸੰਸਦੀ ਅਹਾਤੇ ਵਿਚ ਵਿਰੋਧ ਪ੍ਰਦਰਸ਼ਨ ਦਰਮਿਆਨ ਕਾਂਗਰਸ ਆਗੂ ਪ੍ਰਿਯੰਕਾ ਗਾਂਧੀ ਵਾਡਰਾ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨਾਲ ਗੱਲਬਾਤ ਕਰਦੀ ਹੋਈ। ਫੋਟੋ: ਪੀਟੀਆਈ

ਉਧਰ ਕਾਂਗਰਸ ਆਗੂ ਰੇਣੂਕਾ ਚੌਧਰੀ ਨੇ ਨਵੇਂ ਮੋਬਾਈਲ ਹੈਂਡਸੈਟਾਂ ਵਿੱਚ ਸੰਚਾਰ ਸਾਥੀ ਐਪ ਦੀ ਸਥਾਪਨਾ ਬਾਰੇ ਸਰਕਾਰ ਦੇ ਨਿਰਦੇਸ਼ਾਂ 'ਤੇ ਚਰਚਾ ਕਰਨ ਲਈ ਰਾਜ ਸਭਾ ਵਿਚ ਕੰਮ ਰੋਕੂ ਮਤਾ ਦਾਇਰ ਕੀਤਾ। ਆਪਣੇ ਮੁਲਤਵੀ ਨੋਟਿਸ ਵਿੱਚ ਸੰਸਦ ਮੈਂਬਰ ਨੇ ਕਿਹਾ, ÷ਗੋਪਨੀਯਤਾ ਦਾ ਅਧਿਕਾਰ ਸੰਵਿਧਾਨ ਦੀ ਧਾਰਾ 21 ਤਹਿਤ ਗਾਰੰਟੀਸ਼ੁਦਾ ਜੀਵਨ ਅਤੇ ਨਿੱਜੀ ਆਜ਼ਾਦੀ ਦੇ ਮੌਲਿਕ ਅਧਿਕਾਰ ਦਾ ਇੱਕ ਅੰਦਰੂਨੀ ਪਹਿਲੂ ਹੈ। ਦੂਰਸੰਚਾਰ ਵਿਭਾਗ ਦਾ ਸਰਕੂਲਰ ਜੋ ਸਮਾਰਟਫੋਨ ਨਿਰਮਾਤਾਵਾਂ ਅਤੇ ਦਰਾਮਦਕਾਰਾਂ ਨੂੰ ÷ਸੰਚਾਰ ਸਾਥੀ÷ ਐਪਲੀਕੇਸ਼ਨ ਨੂੰ ਇਸ ਤਰੀਕੇ ਨਾਲ ਪਹਿਲਾਂ ਤੋਂ ਲੋਡ ਕਰਨ ਲਈ ਨਿਰਦੇਸ਼ ਦਿੰਦਾ ਹੈ ਜਿਸਨੂੰ ਮਿਟਾਇਆ ਨਹੀਂ ਜਾ ਸਕਦਾ, ਇਸ ਮੌਲਿਕ ਅਧਿਕਾਰ ਦਾ ਗੰਭੀਰ ਅਪਮਾਨ ਹੈ। ਕਾਬਿਲੇਗੌਰ ਹੈ ਕਿ ਵਿਰੋਧੀ ਧਿਰਾਂ ਨੇ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ ਦੇ ਮੁੱਦੇ ਉੱਤੇ ਸੋਮਵਾਰ ਨੂੰ ਲੋਕ ਸਭਾ ਵਿਚ ਹੰਗਾਮਾ ਕੀਤਾ ਸੀ, ਜਿਸ ਕਰਕੇ ਸਦਨ ਦੀ ਕਾਰਵਾਈ ਵਿਚ ਕਈ ਵਾਰ ਅੜਿੱਕਾ ਪਿਆ। ਵਿਰੋਧੀ ਧਿਰਾਂ ਨੇ ਐਤਵਾਰ ਨੂੰ ਸਰਬ ਪਾਰਟੀ ਬੈਠਕ ਤੇ ਦੋਵਾਂ ਸਦਨਾਂ ਦੀ ਬਿਜ਼ਨਸ ਐਡਵਾਈਜ਼ਰੀ ਕਮੇਟੀ (ਬੀਏਸੀ) ਦੀਆਂ ਬੈਠਕਾਂ ਵਿਚ ਇਹ ਮੰਗ ਰੱਖੀ ਸੀ ਕਿ ਸਰਦ ਰੁੱਤ ਇਜਲਾਸ ਦੌਰਾਨ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੋਧ (ਐੱਸਆਈਆਰ) ਸਮੇਤ ਵਿਆਪਕ ਚੋਣ ਸੁਧਾਰਾਂ ਬਾਰੇ ਚਰਚਾ ਹੋਣੀ ਚਾਹੀਦੀ ਹੈ। ਸੰਸਦ ਦਾ ਸਰਦ ਰੁੱਤ ਇਜਲਾਸ ਸੋਮਵਾਰ ਨੂੰ ਸ਼ੁਰੂ ਹੋਇਆ ਤੇ ਇਹ 19 ਦਸੰਬਰ ਨੂੰ ਖ਼ਤਮ ਹੋਵੇਗਾ।

# ਨਵੇਂ ਮੋਬਾਈਲ ਫੋਨਾਂ ਵਿਚ 'ਸੰਚਾਰ ਸਾਥੀ' ਐਪ ਇੰਸਟਾਲ ਕਰਨ ਸਬੰਧੀ ਹੁਕਮ 'ਗੈਰਸੰਵਿਧਾਨਕ': ਕਾਂਗਰਸ

**ਨਵੀਂ ਦਿੱਲੀ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਕਾਂਗਰਸ ਨੇ ਨਵੇਂ ਮੋਬਾਈਲ ਹੈਂਡਸੈੱਟਾਂ ਵਿੱਚ ਪਹਿਲਾਂ ਤੋਂ ਹੀ ਸੰਚਾਰ ਸਾਥੀ ਐਪ ਇੰਸਟਾਲ ਕੀਤੇ ਜਾਣ ਸਬੰਧੀ ਦੂਰਸੰਚਾਰ ਵਿਭਾਗ ਦੇ ਹੁਕਮਾਂ ਨੂੰ ਗੈਰ-ਸੰਵਿਧਾਨਕ ਦੱਸਦਿਆਂ ਰੱਦ ਕਰ ਦਿੱਤਾ ਹੈ। ਪਾਰਟੀ ਨੇ ਇਸ ਨੂੰ ਫੌਰੀ ਵਾਪਸ ਲੈਣ ਦੀ ਮੰਗ ਕੀਤੀ ਹੈ। ਕਾਂਗਰਸ ਦੇ ਜਨਰਲ ਸਕੱਤਰ ਕੇਸੀ ਵੇਣੂਗੋਪਾਲ ਨੇ ਕਿਹਾ ਕਿ ਨਿੱਜਤਾ ਦਾ ਅਧਿਕਾਰ ਜੀਵਨ ਅਤੇ ਆਜ਼ਾਦੀ ਦੇ ਮੌਲਿਕ ਅਧਿਕਾਰ ਦਾ ਇੱਕ ਅੰਦਰੂਨੀ ਹਿੱਸਾ ਹੈ। ਵੇਣੂਗੋਪਾਲ ਨੇ ਕਿਹਾ, "ਬਿਗ ਬ੍ਰਦਰ (ਵੱਡਾ ਭਰਾ) ਸਾਨੂੰ ਨਹੀਂ ਦੇਖ ਸਕਦਾ। ਦੂਰਸੰਚਾਰ ਵਿਭਾਗ ਦਾ ਇਹ ਨਿਰਦੇਸ਼ ਗੈਰ-ਸੰਵਿਧਾਨਕ ਹੈ। ਨਿੱਜਤਾ ਦਾ ਅਧਿਕਾਰ ਸੰਵਿਧਾਨ ਦੀ ਧਾਰਾ 21 ਵਿੱਚ ਦਰਜ ਜੀਵਨ ਅਤੇ ਆਜ਼ਾਦੀ ਦੇ ਮੌਲਿਕ ਅਧਿਕਾਰ ਦਾ ਇੱਕ ਅੰਦਰੂਨੀ ਹਿੱਸਾ ਹੈ।" ਵੇਣੂਗੋਪਾਲ ਨੇ X 'ਤੇ ਇੱਕ ਪੋਸਟ ਵਿੱਚ ਕਿਹਾ, "ਇੱਕ ਪਹਿਲਾਂ ਤੋਂ ਲੋਡ ਕੀਤੀ ਸਰਕਾਰੀ ਐਪ ਜਿਸ ਨੂੰ ਅਨਇੰਸਟਾਲ ਨਹੀਂ ਕੀਤਾ ਜਾ ਸਕਦਾ, ਹਰ ਭਾਰਤੀ ਦੀ ਨਿਗਰਾਨੀ ਕਰਨ ਲਈ ਇੱਕ ਦਮਨਕਾਰੀ ਸੰਦ ਹੈ। ਇਹ ਹਰੇਕ ਨਾਗਰਿਕ ਦੀ ਹਰ ਸਰਗਰਮੀ, ਗੱਲਬਾਤ ਅਤੇ ਫੈਸਲੇ 'ਤੇ ਨਜ਼ਰ ਰੱਖਣ ਦਾ ਇੱਕ ਸਾਧਨ ਹੈ।"

ਉਨ੍ਹਾਂ ਦੋਸ਼ ਲਗਾਇਆ ਕਿ ਇਹ ਪੇਸ਼ਕਦਮੀ ਭਾਰਤੀ ਨਾਗਰਿਕਾਂ ਦੇ ਸੰਵਿਧਾਨਕ ਅਧਿਕਾਰਾਂ 'ਤੇ 'ਨਿਰੰਤਰ ਹਮਲਿਆਂ' ਦੀ ਲੰਮੀ ਲੜੀ ਦਾ ਹਿੱਸਾ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਜਾਰੀ ਰੱਖਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਕਾਂਗਰਸ ਆਗੂ ਨੇ ਕਿਹਾ, 'ਅਸੀਂ ਇਸ ਨਿਰਦੇਸ਼ ਨੂੰ ਰੱਦ ਕਰਦੇ ਹਾਂ ਅਤੇ ਇਸ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕਰਦੇ ਹਾਂ।" ਵੇਣੂਗੋਪਾਲ ਨੇ ਮੋਬਾਈਲ ਹੈਂਡਸੈੱਟਾਂ ਵਿੱਚ ਸੰਚਾਰ ਸਾਥੀ ਐਪ ਦੀ ਪੂਰਵ-ਸਥਾਪਨਾ ਦੇ ਸਬੰਧ ਵਿੱਚ ਟੈਲੀਕਾਮ ਸਾਈਬਰ ਸੁਰੱਖਿਆ ਨਿਯਮ, 2024 (ਜਿਵੇਂ ਕਿ ਸੋਧਿਆ ਗਿਆ ਹੈ) ਤਹਿਤ ਦੂਰਸੰਚਾਰ ਵਿਭਾਗ ਦੇ ਨਿਰਦੇਸ਼ ਨੂੰ ਵੀ ਸਾਂਝਾ ਕੀਤਾ, ਤਾਂ ਜੋ ਉਨ੍ਹਾਂ ਦੀ ਅਸਲੀਅਤ ਦੀ ਜਾਂਚ ਕੀਤੀ ਜਾ ਸਕੇ। ਕਾਬਿਲੇਗੌਰ ਹੈ ਕਿ ਟੈਲੀਕਾਮ ਵਿਭਾਗ ਨ ਜਾਰੀ ਹੁਕਮਾਂ ਵਿਚ ਹਦਾਇਤ ਕੀਤੀ ਹੈ ਕਿ ਭਾਰਤ ਵਿਚ ਮੋਬਾਈਲ ਫੋਨ ਦਾ ਨਿਰਮਾਣ ਕਰਨ ਵਾਲੀਆਂ ਕੰਪਨੀਆਂ ਜਾਂ ਇੰਪੋਰਟ ਕੀਤੇ ਫੋਨਾਂ ਵਿਚ 90 ਦਿਨਾਂ ਅੰਦਰ ਉਸ ਦੇ ਸੰਚਾਰ ਸਾਥੀ ਐਪ ਨੂੰ ਪਹਿਲਾਂ ਤੋਂ ਇੰਸਟਾਲ ਕਰਨਾ ਹੋਵੇਗਾ। ਇਨ੍ਹਾਂ ਨਿਰਦੇਸ਼ਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿਣ @ਤੇ ਦੂਰਸੰਚਾਰ ਐਕਟ, 2023, ਟੈਲੀਕਾਮ ਸਾਈਬਰ ਸੁਰੱਖਿਆ ਨਿਯਮ, 2024 (ਜਿਵੇਂ ਕਿ ਸੋਧਿਆ ਗਿਆ ਹੈ), ਅਤੇ ਹੋਰ ਲਾਗੂ ਕਾਨੂੰਨਾਂ ਦੇ ਤਹਿਤ ਕਾਰਵਾਈ ਕੀਤੀ ਜਾਵੇਗੀ।

# ਤੁਸੀਂ ਨਾਲਾਇਕ ਹੋ... ਸੰਸਦ 'ਚ SIR ਵਿਵਾਦ ਦੌਰਾਨ ਰੇਣੂਕਾ ਚੌਧਰੀ ਨੇ ਕਿਰਨ ਰਿਜਿਜੂ 'ਤੇ ਕੀਤਾ ਤਿੱਖਾ ਸ਼ਬਦੀ ਹਮਲਾ !

**ਨਵੀਂ ਦਿੱਲੀ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਕਾਂਗਰਸ ਦੀ ਰਾਜ ਸਭਾ ਮੈਂਬਰ ਰੇਣੂਕਾ ਚੌਧਰੀ ਨੇ ਕੇਂਦਰੀ ਮੰਤਰੀ ਕਿਰਨ ਰਿਜਿਜੂ 'ਤੇ ਤਿੱਖਾ ਸ਼ਬਦੀ ਹਮਲਾ ਕਰਦੇ ਹੋਏ, ਉਨ੍ਹਾਂ ਨੂੰ ਨਾਲਾਇਕ ਕਿਹਾ। ਇਹ ਹਮਲਾ ਉਦੋਂ ਕੀਤਾ ਗਿਆ ਜਦੋਂ ਰਿਜਿਜੂ ਨੇ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਨੂੰ ਲੈ ਕੇ ਸੰਸਦੀ ਕਾਰਵਾਈ ਵਿੱਚ ਰੁਕਾਵਟ ਪਾਉਣ ਲਈ ਵਿਰੋਧੀ ਧਿਰ ਦੀ ਨਿੰਦਾ ਕੀਤੀ ਸੀ। ਸੰਸਦ ਦੇ ਬਾਹਰ ਗੱਲ ਕਰਦਿਆਂ ਚੌਧਰੀ ਨੇ ਕੇਂਦਰ ਸਰਕਾਰ 'ਤੇ ਸਦਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ ਵਿੱਚ ਅਸਫਲ ਰਹਿਣ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ, ਅਰੇ ਤੁਮ ਨਾਲਾਇਕ ਹੋ ਤੋ ਹਮ ਕਿਆ ਕਰੇਂ, ਤੁਮਕੋ ਚਲਾਨਾ ਆਤਾ ਨਹੀਂ ਹੈ ਤੋ ਹਮ ਕਿਆ ਕਰੇਂ ? ਹਮ ਮੁੱਦਾ ਭੀ ਨਾ ਉਠਾਏਂ ? (ਤੁਸੀਂ ਨਾਲਾਇਕ ਹੋ, ਤਾਂ ਅਸੀਂ ਕੀ ਕਰੀਏ ? ਜੇਕਰ ਉਨ੍ਹਾਂ ਨੂੰ ਸਦਨ ਚਲਾਉਣਾ ਨਹੀਂ ਆਉਂਦਾ, ਤਾਂ ਅਸੀਂ ਕੀ ਕਰ ਸਕਦੇ ਹਾਂ ?) ਅਸੀਂ ਸੰਸਦ ਮੈਂਬਰ ਹਾਂ ਅਤੇ ਲੋਕਾਂ ਦੀ ਆਵਾਜ਼ ਉਠਾਉਣਾ ਸਾਡਾ ਫਰਜ਼ ਹੈ।

ਦੱਸ ਦਈਏ ਕਿ ਕੇਂਦਰੀ ਮੰਤਰੀ ਨੇ ਕਿਹਾ ਸੀ, ਸਾਰੇ ਮੁੱਦੇ ਆਪਣੀ ਥਾਂ ਤੇ ਮਹੱਤਵਪੂਰਨ ਹਨ, ਪਰ ਜੇਕਰ ਤੁਸੀਂ ਇਨ੍ਹਾਂ ਮੁੱਦਿਆਂ ਨੂੰ ਸੰਸਦ ਨੂੰ ਰੋਕਣ ਲਈ ਹਥਿਆਰ ਵਜੋਂ ਵਰਤਦੇ ਹੋ, ਤਾਂ ਇਹ ਸਹੀ ਨਹੀਂ ਹੈ।

ਇਸ ਦੌਰਾਨ, ਰੇਣੂਕਾ ਚੌਧਰੀ ਨੇ ਮੋਬਾਈਲ ਫੋਨਾਂ ਵਿੱਚ ਸੰਚਾਰ ਸਾਥੀ ਐਪ ਨੂੰ ਪਹਿਲਾਂ ਤੋਂ ਸਥਾਪਤ ਕਰਨ ਨੂੰ ਲਾਜ਼ਮੀ ਬਣਾਉਣ ਲਈ ਕੇਂਦਰ ਦੀ ਨਿੰਦਾ ਕੀਤੀ, ਇਸ ਨੂੰ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਕਰਾਰ ਦਿੱਤਾ।

# ਇਮਰਾਨ ਖ਼ਾਨ ਦੀ ਸਿਹਤ: ਪੀਟੀਆਈ ਵੱਲੋਂ ਵੱਡੇ ਵਿਰੋਧ ਪ੍ਰਦਰਸ਼ਨ ਦੀ ਤਿਆਰੀ; ਰਾਵਲਪਿੰਡੀ 'ਚ 144 ਲਾਗੂ




**ਰਾਵਲਪਿੰਡੀ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਕਿਸਤਾਨ ਦੇ ਸਾਬਕਾ ਵਜ਼ੀਰੇ ਆਜ਼ਮ ਇਮਰਾਨ ਖਾਨ ਦੀ ਨਾਸਾਜ਼ ਸਿਹਤ ਅਤੇ ਮੌਤ ਬਾਰੇ ਲਗਾਤਾਰ ਫੈਲ ਰਹੀਆਂ ਅਫਵਾਹਾਂ ਦਰਮਿਆਨ ਅਧਿਕਾਰੀਆਂ ਨੇ ਰਾਵਲਪਿੰਡੀ ਵਿੱਚ ਧਾਰਾ 144 ਲਾਗੂ ਕਰ ਦਿੱਤੀ ਹੈ, ਜਿਸ ਨਾਲ ਸਾਰੇ ਜਨਤਕ ਇਕੱਠਾਂ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਪਾਬੰਦੀ ਲਗਾ ਦਿੱਤੀ ਗਈ ਹੈ। ਇਹ ਕਦਮ ਉਦੋਂ ਚੁੱਕਿਆ ਗਿਆ ਹੈ ਜਦੋਂ ਖਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਪਾਰਟੀ ਨੇ ਜੇਲ੍ਹ ਵਿੱਚ ਬੰਦ ਆਗੂ ਤੱਕ ਪਹੁੰਚ ਦੀ ਮੰਗ ਕਰਦੇ ਹੋਏ ਵਿਰੋਧ ਪ੍ਰਦਰਸ਼ਨਾਂ ਦਾ ਐਲਾਨ ਕੀਤਾ ਹੈ।

ਰਾਵਲਪਿੰਡੀ ਦੇ ਡਿਪਟੀ ਕਮਿਸ਼ਨਰ ਡਾ. ਹਸਨ ਵਕਾਰ ਚੀਮਾ ਵੱਲੋਂ ਜਾਰੀ ਕੀਤੇ ਗਏ ਇੱਕ ਹੁਕਮ ਵਿੱਚ ਕਿਹਾ ਗਿਆ ਹੈ ਕਿ ਜ਼ਾਬਤਾ ਫੌਜਦਾਰੀ ਪ੍ਰਕਿਰਿਆ (ਪੰਜਾਬ ਸੋਧ) ਐਕਟ, 2024 ਦੀ ਧਾਰਾ 144 ਪਹਿਲੀ ਦਸੰਬਰ ਤੋਂ ਤਿੰਨ ਦਸੰਬਰ ਤੱਕ ਲਾਗੂ ਰਹੇਗੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜਨਤਕ ਸੁਰੱਖਿਆ ਅਤੇ ਵਿਵਸਥਾ ਲਈ 'ਸੰਭਾਵੀ ਖ਼ਤਰੇ' ਕਾਰਨ ਪਾਬੰਦੀਆਂ ਜ਼ਰੂਰੀ ਹਨ।

ਇਹ ਹੁਕਮ ਤਿੰਨ ਦਿਨਾਂ ਲਈ ਹੇਠ ਲਿਖਿਆਂ 'ਤੇ ਪਾਬੰਦੀ ਲਗਾਉਂਦਾ ਹੈ: ਹਰ ਤਰ੍ਹਾਂ ਦੇ ਇਕੱਠ, ਜਿਸ ਵਿੱਚ ਰੈਲੀਆਂ, ਵਿਰੋਧ ਪ੍ਰਦਰਸ਼ਨ, ਧਰਨਿਆਂ, ਪ੍ਰਦਰਸ਼ਨਾਂ ਅਤੇ ਪੰਜ ਜਾਂ ਵੱਧ ਲੋਕਾਂ ਦੇ ਇਕੱਠ ਸ਼ਾਮਲ ਹਨ।

ਹਥਿਆਰ, ਡੰਡੇ, ਗੁਲੇਲਾਂ, ਬਾਲ ਬੇਅਰਿੰਗ, ਪੈਟਰੋਲ ਬੰਬ, ਜਾਂ ਕੋਈ ਵੀ ਵਸਤੂ ਜਿਸਦੀ ਵਰਤੋਂ ਹਿੰਸਕ ਢੰਗ ਨਾਲ ਕੀਤੀ ਜਾ ਸਕਦੀ ਹੈ, ਲੈ ਕੇ ਜਾਣਾ। ਹਥਿਆਰਾਂ ਦਾ ਪ੍ਰਦਰਸ਼ਨ (ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਛੱਡ ਕੇ) ਅਤੇ ਨਫ਼ਰਤ ਜਾਂ ਭੜਕਾਊ ਭਾਸ਼ਣ ਦੇਣਾ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਖੁਫੀਆ ਰਿਪੋਰਟਾਂ ਚੇਤਾਵਨੀ ਦਿੰਦੀਆਂ ਹਨ ਕਿ ਕੁਝ ਸਮੂਹ ਵੱਡੇ ਵਿਰੋਧ ਪ੍ਰਦਰਸ਼ਨਾਂ ਰਾਹੀਂ ਕਾਨੂੰਨ ਅਤੇ ਵਿਵਸਥਾ ਨੂੰ ਭੰਗ ਕਰਨ ਲਈ ਇਕੱਠੇ ਹੋ ਰਹੇ ਹਨ ਅਤੇ ਸੰਵੇਦਨਸ਼ੀਲ ਥਾਵਾਂ ਨੂੰ ਨਿਸ਼ਾਨਾ ਬਣਾ ਸਕਦੇ ਹਨ।

ਇਮਰਾਨ ਖਾਨ ਅਗਸਤ 2023 ਵਿਚ ਕਈ ਮਾਮਲਿਆਂ ਵਿੱਚ ਦੋਸ਼ੀ ਠਹਿਰਾਏ ਜਾਣ ਮਗਰੋਂ ਰਾਵਲਪਿੰਡੀ ਦੀ ਅਡਿਆਲਾ ਜੇਲ੍ਹ ਵਿਚ ਬੰਦ ਹੈ। ਖਾਨ ਦੇ ਪਰਿਵਾਰ ਦਾ ਕਹਿਣਾ ਹੈ ਕਿ ਹਫਤਾਵਾਰੀ ਮੀਟਿੰਗਾਂ ਲਈ ਅਦਾਲਤ ਦੇ ਹੁਕਮ ਦੇ ਬਾਵਜੂਦ ਉਨ੍ਹਾਂ ਨੂੰ ਇੱਕ ਮਹੀਨੇ ਤੋਂ ਵੱਧ ਸਮੇਂ ਤੋਂ ਉਨ੍ਹਾਂ ਤੱਕ ਪਹੁੰਚ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦੇ ਪੁੱਤਰਾਂ, ਕਾਸਿਮ ਅਤੇ ਸੁਲੇਮਾਨ ਖਾਨ ਨੇ ਆਪਣੇ ਪਿਤਾ ਦੇ ਜ਼ਿੰਦਾ ਹੋਣ ਦੇ ਪ੍ਰਮਾਣਿਤ ਸਬੂਤ ਦੀ ਮੰਗ ਕੀਤੀ ਹੈ।

# ਪ੍ਰਧਾਨ ਮੰਤਰੀ ਦਫ਼ਤਰ ਦੇ ਨਵੇਂ ਕੰਪਲੈਕਸ ਦਾ ਨਾਮ ਹੋਵੇਗਾ 'ਸੇਵਾ ਤੀਰਥ'

**ਨਵੀਂ ਦਿੱਲੀ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪ੍ਰਧਾਨ ਮੰਤਰੀ ਦਫ਼ਤਰ (PMO) ਦੇ ਨਵੇਂ ਕੰਪਲੈਕਸ ਨੂੰ 'ਸੇਵਾ ਤੀਰਥ' ਕਿਹਾ ਜਾਵੇਗਾ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ। ਨਵਾਂ ਕੰਪਲੈਕਸ, ਜੋ ਕਿ ਮੁਕੰਮਲ ਹੋਣ ਦੇ ਅੰਤਿਮ ਪੜਾਅ ਵਿੱਚ ਹੈ, ਨੂੰ ਪਹਿਲਾਂ ਸੈਂਟਰਲ ਵਿਸਟਾ ਰੀਡਿਵੈਲਪਮੈਂਟ ਪ੍ਰੋਜੈਕਟ ਤਹਿਤ ਐਗਜ਼ੀਕਿਊਟਿਵ ਐਨਕਲੇਵ ਲ ਵਜੋਂ ਜਾਣਿਆ ਜਾਂਦਾ ਸੀ। ਹੁਣ ਸੇਵਾ ਤੀਰਥ ਨਾਲ ਜਾਣਿਆ ਜਾਵੇਗਾ। ਪੀ.ਐੱਮ.ਓ. ਤੋਂ ਇਲਾਵਾ, ਐਗਜ਼ੀਕਿਊਟਿਵ ਐਨਕਲੇਵ ਵਿੱਚ ਕੈਬਨਿਟ ਸਕੱਤਰੇਤ, ਰਾਸ਼ਟਰੀ ਸੁਰੱਖਿਆ ਪਰਿਸ਼ਦ ਸਕੱਤਰੇਤ ਅਤੇ ਇੰਡੀਆ ਹਾਊਸ ਦੇ ਦਫ਼ਤਰ ਵੀ ਸ਼ਾਮਲ ਹੋਣਗੇ, ਜੋ ਕਿ ਆਉਣ ਵਾਲੇ ਪਤਵੰਤਿਆਂ ਨਾਲ ਉੱਚ-ਪੱਧਰੀ ਗੱਲਬਾਤ ਲਈ ਇੱਕ ਥਾਂ ਹੋਵੇਗੀ।

ਅਧਿਕਾਰੀਆਂ ਨੇ ਦੱਸਿਆ ਕਿ ਸੇਵਾ ਤੀਰਥ ਇੱਕ ਅਜਿਹੀ ਕਾਰਜਸ਼ਾਲਾ ਹੋਵੇਗੀ ਜੋ ਸੇਵਾ ਦੀ ਭਾਵਨਾ ਨੂੰ ਦਰਸਾਉਣ ਲਈ ਤਿਆਰ ਕੀਤੀ ਗਈ ਹੈ ਅਤੇ ਜਿੱਥੇ ਕੌਮੀਂ ਤਰਜੀਹਾਂ ਨੂੰ ਰੂਪ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਸ਼ਾਸਨ ਦਾ ਵਿਚਾਰ ਸੱਤਾ (power) ਤੋਂ ਸੇਵਾ (service) ਵੱਲ ਅਤੇ ਅਧਿਕਾਰ ਤੋਂ ਜ਼ਿੰਮੇਵਾਰੀ ਵੱਲ ਵਧ ਰਿਹਾ ਹੈ ਅਤੇ ਇਹ ਬਦਲਾਅ ਸਿਰਫ਼ ਪ੍ਰਸ਼ਾਸਨਿਕ ਨਹੀਂ, ਬਲਕਿ ਸੱਭਿਆਚਾਰਕ ਅਤੇ ਨੈਤਿਕ ਵੀ ਹੈ।

ਸੂਬਿਆਂ ਦੇ ਰਾਜਪਾਲਾਂ ਦੀਆਂ ਰਿਹਾਇਸ਼ਾਂ, ਰਾਜ ਭਵਨਾਂ ਦਾ ਨਾਮ ਵੀ ਬਦਲ ਕੇ ਲੋਕ ਭਵਨ ਕੀਤਾ ਜਾ ਰਿਹਾ ਹੈ। ਅਧਿਕਾਰੀਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਧੀਨ, ਸ਼ਾਸਨ ਦੇ ਸਥਾਨਾਂ ਨੂੰ ਕਰਤੱਵ (duty) ਅਤੇ ਪਾਰਦਰਸ਼ਤਾ ਨੂੰ ਦਰਸਾਉਣ ਲਈ ਮੁੜ ਆਕਾਰ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ, ਹਰ ਨਾਮ, ਹਰ ਇਮਾਰਤ ਇੱਕ ਵਿਚਾਰ ਵੱਲ ਇਸ਼ਾਰਾ ਹੈ। ਸਰਕਾਰ ਦਾ ਮਕਸਦ ਸੇਵਾ ਕਰਨਾ ਹੈ।

ਦੱਸ ਦਈਏ ਕਿ ਹਾਲ ਹੀ ਵਿੱਚ, ਸਰਕਾਰ ਨੇ ਰਾਸ਼ਟਰਪਤੀ ਭਵਨ ਤੋਂ ਇੰਡੀਆ ਗੇਟ ਤੱਕ ਵਾਲੀ ਸੜਕ, ਰਾਜਪਥ ਦਾ ਨਾਮ ਬਦਲ ਕੇ ਕਰਤੱਵਯ ਪਥ ਰੱਖਿਆ ਸੀ।

# ਭਾਰਤ ਦੀ ਸਮੁੰਦਰੀ ਤਾਕਤ 'ਚ ਹੋਵੇਗਾ ਜ਼ਬਰਦਸਤ ਵਾਧਾ

## ਬੈਲਿਸਟਿਕ ਮਿਜ਼ਾਈਲਾਂ ਨਾਲ ਲੈਸ ਤੀਜੀ ਸਵਦੇਸ਼ੀ ਪਰਮਾਣੂ ਪਣਡੁੱਬੀ ਨੂੰ ਕਰੇਗਾ ਕਮਿਸ਼ਨ !

**ਨਵੀਂ ਦਿੱਲੀ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤੀ ਜਲ ਸੈਨਾ ਦੇ ਮੁਖੀ ਐਡਮਿਰਲ ਡੀਕੇ ਤ੍ਰਿਪਾਠੀ ਨੇ ਕਿਹਾ ਕਿ ਭਾਰਤ ਜਲਦੀ ਹੀ ਆਪਣੀ ਤੀਜੀ ਸਵਦੇਸ਼ੀ ਪਰਮਾਣੂ ਊਰਜਾ ਨਾਲ ਚੱਲਣ ਵਾਲੀ ਅਤੇ ਬੈਲਿਸਟਿਕ ਮਿਜ਼ਾਈਲ ਲੈ ਕੇ ਜਾਣ ਵਾਲੀ ਪਣਡੁੱਬੀ, ਜਿਸਦਾ ਨਾਮ 'ਅਰਿਦਮਨ ' ਹੈ, ਨੂੰ ਕਮਿਸ਼ਨ ਕਰਨ ਜਾ ਰਿਹਾ ਹੈ।

ਨੇਵਲ ਭਾਸ਼ਾ ਵਿੱਚ 'ਸ਼ਿਪ ਸਬਮਰਸੀਬਲ ਬੈਲਿਸਟਿਕ ਨਿਊਕਲੀਅਰ' (SSBN) ਕਹੇ ਜਾਣ ਵਾਲੀ, ਭਾਰਤ ਪਹਿਲਾਂ ਹੀ INS ਅਰਿਹੰਤ ਅਤੇ INS ਅਰਿਘਾਟ ਨਾਮ ਦੀਆਂ ਦੋ ਅਜਿਹੀਆਂ ਪਣਡੁੱਬੀਆਂ ਸ਼ਾਮਲ ਕਰ ਚੁੱਕਾ ਹੈ। ਇਹ ਪਰਮਾਣੂ ਊਰਜਾ ਨਾਲ ਚੱਲਣ ਵਾਲੀਆਂ ਪਣਡੁੱਬੀਆਂ ਹਨ ਅਤੇ ਕਈ ਦਿਨਾਂ ਤੱਕ ਪਾਣੀ ਦੇ ਅੰਦਰ ਰਹਿ ਸਕਦੀਆਂ ਹਨ।

SSBN ਤੋਂ ਇਲਾਵਾ, ਭਾਰਤ ਰੂਸ ਤੋਂ ਇੱਕ ਪਰਮਾਣੂ ਊਰਜਾ ਨਾਲ ਚੱਲਣ ਵਾਲੀ ਹਮਲਾਵਰ ਪਣਡੁੱਬੀ (nuclear powered attack submarine) ਵੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਸੂਤਰਾਂ ਨੇ ਦੱਸਿਆ ਕਿ ਇਸ ਦੇ 2027 ਤੱਕ ਭਾਰਤ ਪਹੁੰਚਣ ਦੀ ਉਮੀਦ ਹੈ।

ਤੁਸੀਂ ਨਾਲਾਇਕ ਹੋ... ਸੰਸਦ 'ਚ SIR ਵਿਵਾਦ ਦੌਰਾਨ ਰੇਣੂਕਾ ਚੌਧਰੀ ਨੇ ਕਿਰਨ ਰਿਜਿਜੂ 'ਤੇ ਕੀਤਾ ਤਿੱਖਾ ਸ਼ਬਦੀ ਹਮਲਾ!

ਇਸ ਦੌਰਾਨ ਐਡਮਿਰਲ ਨੇ ਦੱਸਿਆ ਕਿ ਭਾਰਤੀ ਸ਼ਿਪਯਾਰਡਾਂ ਵਿੱਚ 51 ਜਹਾਜ਼ ਨਿਰਮਾਣ ਅਧੀਨ ਹਨ। ਰੱਖਿਆ ਮੰਤਰਾਲੇ ਨੇ ਹੋਰ 47 ਜਹਾਜ਼ ਬਣਾਉਣ ਦੀ ਵੀ ਮਨਜ਼ੂਰੀ ਦੇ ਦਿੱਤੀ ਹੈ।

# ਨਹਿਰੂ ਲੋਕਾਂ ਦੇ ਪੈਸੇ ਨਾਲ ਬਣਾਉਣਾ ਚਾਹੁੰਦੇ ਸਨ ਬਾਬਰੀ ਮਸਜਿਦ ; ਸਰਦਾਰ ਪਟੇਲ ਨੇ ਯੋਜਨਾ ਕੀਤੀ ਨਾਕਾਮ: ਰਾਜਨਾਥ ਸਿੰਘ

**ਵਡੋਦਰਾ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਲੋਕਾਂ ਦੇ ਫੰਡਾਂ ਦੀ ਵਰਤੋਂ ਕਰਕੇ ਬਾਬਰੀ ਮਸਜਿਦ ਬਣਾਉਣਾ ਚਾਹੁੰਦੇ ਸਨ ਪਰ ਸਰਦਾਰ ਵੱਲਭਭਾਈ ਪਟੇਲ ਨੇ ਉਨ੍ਹਾਂ ਦੀਆਂ ਯੋਜਨਾਵਾਂ ਨੂੰ ਅਸਫਲ ਕਰ ਦਿੱਤਾ।

ਉਨ੍ਹਾਂ ਨੇ ਇਹ ਵੀ ਦਾਅਵਾ ਕੀਤਾ ਕਿ ਨਹਿਰੂ ਨੇ ਸੁਝਾਅ ਦਿੱਤਾ ਸੀ ਕਿ ਪਟੇਲ ਦੀ ਮੌਤ ਤੋਂ ਬਾਅਦ ਉਨ੍ਹਾਂ ਦੀ ਯਾਦਗਾਰ ਬਣਾਉਣ ਲਈ ਆਮ ਲੋਕਾਂ ਦੁਆਰਾ ਇਕੱਠੇ ਕੀਤੇ ਗਏ ਫੰਡਾਂ ਨੂੰ ਖੂਹਾਂ ਅਤੇ ਸੜਕਾਂ ਦੇ ਨਿਰਮਾਣ ਲਈ ਵਰਤਿਆ ਜਾਵੇ।

ਸਰਦਾਰ ਪਟੇਲ ਦੀ 150ਵੀਂ ਜਯੰਤੀ ਮਨਾਉਣ ਲਈ ਯੂਨਿਟੀ ਮਾਰਚ ਦੇ ਹਿੱਸੇ ਵਜੋਂ ਵਡੋਦਰਾ ਦੇ ਨੇੜੇ ਸਾਧਲੀ ਪਿੰਡ ਵਿੱਚ ਇੱਕ ਇਕੱਠ ਨੂੰ ਸੰਬੋਧਨ ਕਰਦਿਆਂ, ਸਿੰਘ ਨੇ ਪਟੇਲ ਨੂੰ ਇੱਕ ਸੱਚੇ ਉਦਾਰ ਅਤੇ ਧਰਮ ਨਿਰਪੱਖ ਵਿਅਕਤੀ ਵਜੋਂ ਪ੍ਰਸ਼ੰਸਾ ਕੀਤੀ ਜੋ ਕਦੇ ਵੀ ਤੁਸ਼ਟੀਕਰਨ ਵਿੱਚ ਵਿਸ਼ਵਾਸ ਨਹੀਂ ਕਰਦੇ ਸਨ।

ਸਿੰਘ ਨੇ ਕਿਹਾ, ਪੰਡਿਤ ਜਵਾਹਰ ਲਾਲ ਨਹਿਰੂ ਲੋਕਾਂ ਦੇ ਫੰਡਾਂ ਦੀ ਵਰਤੋਂ ਕਰਕੇ ਬਾਬਰੀ ਮਸਜਿਦ ਅਯੁੱਧਿਆ ਵਿੱਚ ਬਣਾਉਣਾ ਚਾਹੁੰਦੇ ਸਨ। ਜੇਕਰ ਕਿਸੇ ਨੇ ਇਸ ਪ੍ਰਸਤਾਵ ਦਾ ਵਿਰੋਧ ਕੀਤਾ ਤਾਂ ਉਹ ਗੁਜਰਾਤੀ ਮਾਂ ਦੇ ਪੁੱਤਰ ਸਰਦਾਰ ਵੱਲਭਭਾਈ ਪਟੇਲ ਸਨ। ਉਨ੍ਹਾਂ ਨੇ ਲੋਕਾਂ ਦੇ ਫੰਡਾਂ ਦੀ ਵਰਤੋਂ ਕਰਕੇ ਬਾਬਰੀ ਮਸਜਿਦ ਬਣਨ ਨਹੀਂ ਦਿੱਤੀ।

# ਅਮਰੀਕਾ ਵਿੱਚ 44 ਫੀਸਦ ਟਰੱਕਿੰਗ ਸਕੂਲ ਸਰਕਾਰੀ ਨਿਯਮਾਂ ਦੀ ਪਾਲਣਾ ਨਹੀਂ ਕਰਦੇ: ਟਰਾਂਸਪੋਰਟੇਸ਼ਨ ਵਿਭਾਗ

**ਵਾਸ਼ਿੰਗਟਨ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਅਮਰੀਕੀ ਸਰਕਾਰ ਦੁਆਰਾ ਦੇਸ਼ ਭਰ ਵਿੱਚ ਸੂਚੀਬੱਧ 16,000 ਟਰੱਕ ਡਰਾਈਵਿੰਗ ਪ੍ਰੋਗਰਾਮਾਂ ਵਿੱਚੋਂ ਲਗਭਗ 44% ਨੂੰ ਬੰਦ ਕਰਨ ਲਈ ਮਜਬੂਰ ਕੀਤਾ ਜਾ ਸਕਦਾ ਹੈ ਕਿਉਂਕਿ ਫੈਡਰਲ ਟਰਾਂਸਪੋਰਟੇਸ਼ਨ ਵਿਭਾਗ ਦੁਆਰਾ ਇੱਕ ਸਮੀਖਿਆ ਦੌਰਾਨ ਇਹ ਪਾਇਆ ਗਿਆ ਕਿ ਉਹ ਨਿਯਮਾਂ ਦੀ ਪਾਲਣਾ ਨਹੀਂ ਕਰਦੇ।

ਟਰਾਂਸਪੋਰਟੇਸ਼ਨ ਵਿਭਾਗ ਨੇ ਸੋਮਵਾਰ ਨੂੰ ਕਿਹਾ ਕਿ ਉਹ ਲਗਭਗ 3,000 ਸਕੂਲਾਂ ਦੀ ਪ੍ਰਮਾਣਿਕਤਾ (certification) ਰੱਦ ਕਰਨ ਦੀ ਯੋਜਨਾ ਬਣਾ ਰਿਹਾ ਹੈ ਇਨ੍ਹਾਂ ਸਕੂਲਾਂ ਨੂੰ ਵਿਦਿਆਰਥੀਆਂ ਨੂੰ ਸੂਚਿਤ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਦੀ ਪ੍ਰਮਾਣਿਕਤਾ ਖ਼ਤਰੇ ਵਿੱਚ ਹੈ। ਹੋਰ 4,500 ਸਕੂਲਾਂ ਨੂੰ ਚੇਤਾਵਨੀ ਦਿੱਤੀ ਜਾ ਰਹੀ ਹੈ ਕਿ ਉਨ੍ਹਾਂ ਨੂੰ ਵੀ ਅਜਿਹੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਦੱਸ ਦਈਏ ਕਿ ਜਿਹੜੇ ਸਕੂਲ ਪ੍ਰਮਾਣਿਕਤਾ ਗੁਆ ਦਿੰਦੇ ਹਨ, ਉਹ ਡਰਾਈਵਰ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਲੋੜੀਂਦੀ ਸਿਖਲਾਈ ਪੂਰੀ ਕਰਨ ਦਾ ਸਰਟੀਫਿਕੇਟ ਜਾਰੀ ਕਰਨ ਦੇ ਯੋਗ ਨਹੀਂ ਹੋਣਗੇ, ਇਸ ਲਈ ਵਿਦਿਆਰਥੀਆਂ ਦੇ ਉਨ੍ਹਾਂ ਸਕੂਲਾਂ ਨੂੰ ਛੱਡਣ ਦੀ ਸੰਭਾਵਨਾ ਹੈ। ਇਹ ਸਪੱਸ਼ਟ ਨਹੀਂ ਹੈ ਕਿ ਇਨ੍ਹਾਂ ਵਿੱਚੋਂ ਕਿੰਨੇ ਸਕੂਲ ਸਰਗਰਮੀ ਨਾਲ ਵਿਦਿਆਰਥੀਆਂ ਨੂੰ ਪੜ੍ਹਾ ਰਹੇ ਹਨ।

ਇਸ ਤੋਂ ਇਲਾਵਾ, ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਓਰਿਟੀ (DHS) ਕੈਲੀਫੋਰਨੀਆ ਵਿੱਚ ਪ੍ਰਵਾਸੀਆਂ ਦੀ ਮਲਕੀਅਤ ਵਾਲੀਆਂ ਟਰੱਕਿੰਗ ਫਰਮਾਂ ਦਾ ਆਡਿਟ ਕਰ ਰਿਹਾ ਹੈ ਤਾਂ ਜੋ ਉਨ੍ਹਾਂ ਦੇ ਡਰਾਈਵਰਾਂ ਦੀ ਸਥਿਤੀ ਦੀ ਪੁਸ਼ਟੀ ਕੀਤੀ ਜਾ ਸਕੇ ਅਤੇ ਕੀ ਉਨ੍ਹਾਂ ਕੋਲ ਕਮਰਸ਼ੀਅਲ ਡਰਾਈਵਰਜ਼ ਲਾਇਸੈਂਸ (CDL) ਹੋਣ ਦੀ ਯੋਗਤਾ ਹੈ।

ਹਾਲਾਂਕਿ ਅਜੇ ਇਹ ਸਪੱਸ਼ਟ ਨਹੀਂ ਹੈ ਕਿ ਇਨ੍ਹਾਂ ਟਰੱਕਿੰਗ ਸਕੂਲਾਂ ਵਿਰੁੱਧ ਕਾਰਵਾਈ ਨਾਲ ਡਰਾਈਵਰਾਂ ਦੀ ਮੌਜੂਦਾ ਘਾਟ 'ਤੇ ਕਿਵੇਂ ਅਸਰ ਪੈ ਸਕਦਾ ਹੈ ਪਰ ਟਰੱਕਿੰਗ ਸਕੂਲਾਂ ਦੀ ਸਭ ਤੋਂ ਵੱਡੀ ਐਸੋਸੀਏਸ਼ਨ ਦੇ ਕਾਰਜਕਾਰੀ ਨਿਰਦੇਸ਼ਕ, ਐਂਡਰਿਊ ਪੋਲੀਆਕੋਫ ਨੇ ਕਿਹਾ ਕਿ ਡੀ-ਸਰਟੀਫਾਈ ਕੀਤੇ ਜਾ ਰਹੇ ਬਹੁਤ ਸਾਰੇ ਸਕੂਲ ਸ਼ੱਕੀ 34* ਮਿੱਲਜ਼ ਸਨ ਜੋ ਸਿਰਫ਼ ਕੁਝ ਦਿਨਾਂ ਵਿੱਚ ਡਰਾਈਵਰਾਂ ਨੂੰ ਸਿਖਲਾਈ ਦੇਣ ਦਾ ਇਸ਼ਤਿਹਾਰ ਦਿੰਦੇ ਸਨ।

ਉਨ੍ਹਾਂ ਕਿਹਾ ਕਿ ਉਹ ਸ਼ੱਕੀ ਸਕੂਲ ਅਸਲ ਵਿੱਚ ਲੋਕਾਂ ਤੋਂ ਪੈਸੇ ਠੱਗ ਰਹੇ ਸਨ, ਬਿਨਾਂ ਉਨ੍ਹਾਂ ਨੂੰ ਨੌਕਰੀ ਪ੍ਰਾਪਤ ਕਰਨ ਜਾਂ ਟੈਸਟ ਪਾਸ ਕਰਨ ਲਈ ਲੋੜੀਂਦੇ ਹੁਨਰ ਸਿਖਾਏ।

ਟਰਾਂਸਪੋਰਟੇਸ਼ਨ ਵਿਭਾਗ ਨੇ ਕਿਹਾ ਕਿ ਜਿਨ੍ਹਾਂ 3,000 ਸਕੂਲਾਂ 'ਤੇ ਉਹ ਕਾਰਵਾਈ ਕਰ ਰਿਹਾ ਹੈ, ਉਹ ਸਿਖਲਾਈ ਦੇ ਮਾਪਦੰਡਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹੇ ਅਤੇ ਉਨ੍ਹਾਂ ਨੇ ਸਹੀ ਅਤੇ ਸੰਪੂਰਨ ਰਿਕਾਰਡ ਨਹੀਂ ਰੱਖੇ। ਸਕੂਲਾਂ 'ਤੇ ਸਿਖਲਾਈ ਡਾਟਾ ਨੂੰ ਗਲਤ ਸਾਬਤ ਕਰਨ ਜਾਂ ਹੇਰਾਫੇਰੀ ਕਰਨ ਦਾ ਵੀ ਦੋਸ਼ ਹੈ।

# ਅਦਾਲਤ ਨੇ ਅਮੀਰ ਰਸ਼ੀਦ ਅਲੀ ਦੀ ਹਿਰਾਸਤ ਵਧਾਈ

**ਨਵੀਂ ਦਿੱਲੀ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਹਾਊਸ ਕੋਰਟ ਦੀ ਵਿਸ਼ੇਸ਼ ਐੱਨ.ਆਈ.ਏ. (©91) ਅਦਾਲਤ ਨੇ ਅਮੀਰ ਰਸ਼ੀਦ ਅਲੀ ਦੀ ਹਿਰਾਸਤ ਸੱਤ ਦਿਨਾਂ ਲਈ ਹੋਰ ਵਧਾ ਦਿੱਤੀ ਹੈ। ਉਸ ਨੂੰ ਸੱਤ ਦਿਨਾਂ ਦੀ ਐੱਨ.ਆਈ.ਏ. ਹਿਰਾਸਤ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਉਸ ਨੂੰ ਦਸ ਦਿਨਾਂ ਦੀ ਹਿਰਾਸਤ 'ਤੇ ਭੇਜਿਆ ਗਿਆ ਸੀ। ਉਸ ਨੂੰ 16 ਨਵੰਬਰ ਨੂੰ ਲਾਲ ਕਿਲ੍ਹਾ ਬਲਾਸਟ ਮਾਮਲੇ ਦੇ ਸਬੰਧ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।

ਪ੍ਰਿੰਸੀਪਲ ਡਿਸਟ੍ਰਿਕਟ ਐਂਡ ਸੈਸ਼ਨ ਜੱਜ, ਜੱਜ ਨੇ ਅਮੀਰ ਰਸ਼ੀਦ ਅਲੀ ਦੀ ਐੱਨ.ਆਈ.ਏ. ਹਿਰਾਸਤ ਸੱਤ ਦਿਨਾਂ ਦੀ ਹੋਰ ਮਿਆਦ ਲਈ ਵਧਾ ਦਿੱਤੀ। ਸੁਣਵਾਈ ਬੰਦ ਕਮਰੇ ਵਿੱਚ ਕੀਤੀ ਗਈ।

ਦੱਸ ਦਈਏ ਕਿ 10 ਨਵੰਬਰ ਨੂੰ ਸ਼ਾਮ 7 ਵਜੇ ਦੇ ਕਰੀਬ ਹੋਏ ਦਿੱਲੀ ਬਲਾਸਟ ਵਿੱਚ ਕੁੱਲ 15 ਲੋਕ ਮਾਰੇ ਗਏ ਸਨ, ਅਤੇ ਦੋ ਦਰਜਨ ਤੋਂ ਵੱਧ ਜ਼ਖਮੀ ਹੋਏ ਸਨ। ਇਹ ਬਲਾਸਟ ਇੱਕ ਚੱਲਦੀ ਹੁੰਡਈ 920 ਕਾਰ ਵਿੱਚ ਹੋਇਆ ਸੀ, ਜਿਸ ਨੂੰ ਕਥਿਤ ਆਤਮਘਾਤੀ ਹਮਲਾਵਰ ਉਮਰ ਉਨ ਨਬੀ ਚਲਾ ਰਿਹਾ ਸੀ।

# ਗੋਲਡੀ ਵੱਲੋਂ ਆਡੀਓ ਜਾਰੀ, ਕਿਹਾ... 'ਪੈਰੀ ਅਜਿਹੀ ਮੌਤ ਦਾ ਹੱਕਦਾਰ ਨਹੀਂ ਸੀ', ਲਾਰੈਂਸ ਨੇ 'ਯਾਰ ਮਾਰ' ਕੀਤੀ



**ਚੰਡੀਗੜ੍ਹ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੰਦਰਪ੍ਰੀਤ ਸਿੰਘ ਉਰਫ਼ ਪੈਰੀ ਦੇ ਕਤਲ ਅਤੇ ਲਾਰੈਂਸ ਬਿਸ਼ਨੋਈ ਗਰੋਹ ਵੱਲੋਂ ਕਤਲ ਦੀ ਜ਼ਿੰਮੇਵਾਰੀ ਲੈਣ ਤੋਂ ਇੱਕ ਦਿਨ ਮਗਰੋਂ ਕੈਨੇਡਾ ਅਧਾਰਿਤ ਗੈਂਗਸਟਰ ਗੋਲਡੀ ਬਰਾੜ ਨੇ ਇਸ ਘਟਨਾ ਬਾਰੇ ਇੱਕ ਭਾਵੁਕ ਆਡੀਓ ਸੁਨੇਹਾ ਜਾਰੀ ਕੀਤਾ ਹੈ। ਬਰਾੜ ਨੇ ਆਪਣੇ ਸੁਨੇਹੇ ਵਿਚ ਦੁੱਖ, ਧੋਖਾਧੜੀ ਅਤੇ ਪੈਰੀ ਦੇ ਪਰਿਵਾਰ ਲਈ ਹਮਦਰਦੀ ਜ਼ਾਹਰ ਕਰਦਿਆਂ ਕਿਹਾ ਕਿ ਪੈਰੀ ਅਜਿਹੀ ਮੌਤ ਦਾ ਹੱਕਦਾਰ ਨਹੀਂ ਸੀ। ਬਰਾੜ ਨੇ ਬਿਸ਼ਨੋਈ 'ਤੇ 'ਯਾਰ ਮਾਰ' ਦੇ ਵੀ ਦੋਸ਼ ਲਾਏ।

ਆਡੀਓ ਵਿੱਚ ਬਰਾੜ ਨੇ ਕਿਹਾ: ਸਤਿ ਸ੍ਰੀ ਅਕਾਲ ਸਾਰੇ ਭਰਾਵਾਂ ਨੂੰ। ਮੈਂ ਗੋਲਡੀ ਬਰਾੜ ਹਾਂ। ਮੈਂ ਇਹ ਆਡੀਓ ਸੁਨੇਹਾ ਇਹ ਕਹਿਣ ਲਈ ਭੇਜ ਰਿਹਾ ਹਾਂ ਕਿ ਸਾਡੇ ਭਰਾ ਇੰਦਰਪ੍ਰੀਤ ਪੈਰੀ, ਜਿਸ ਦਾ ਲਾਰੈਂਸ ਬਿਸ਼ਨੋਈ ਗਰੋਹ ਵੱਲੋਂ ਕਤਲ ਕੀਤਾ ਗਿਆ, ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਇਆ ਗਿਆ ਸੀ। ਉਹ ਹੁਣ ਭਾਵੇਂ ਦਾਅਵਾ ਕਰਨ ਕਿ ਪੈਰੀ ਪੈਸਿਆਂ ਦੀ ਵਸੂਲੀ ਕਰਦਾ ਸੀ ਜਾਂ ਕੁਝ ਹੋਰ ਕੰਮ ਕਰਦਾ ਸੀ, ਪਰ ਸੱਚਾਈ ਇਹ ਹੈ ਕਿ ਲਾਰੈਂਸ ਨੇ ਖੁਦ ਉਸ ਦੇ ਵਿਆਹ ਤੋਂ ਬਾਅਦ ਪੈਰੀ ਨੂੰ ਵਧਾਈ ਦੇਣ ਲਈ ਫ਼ੋਨ ਕੀਤਾ ਸੀ ਅਤੇ ਕਿਹਾ ਕਿ ਤੇਰੇ ਨਾਲ ਕੁਝ ਨਿੱਜੀ ਮਾਮਲਿਆਂ 'ਤੇ ਗੱਲ ਕਰਨੀ ਹੈ, ਜੋ ਕਿ ਫੋਨ 'ਤੇ ਕਰਨੀ ਸੁਰੱਖਿਅਤ() ਨਹੀਂ, ਉਸ ਨੇ ਪੈਰੀ ਨੂੰ ਇੱਕ ਖਾਸ ਜਗ੍ਹਾ 'ਤੇ ਇੱਕ ਵਿਅਕਤੀ ਨੂੰ ਮਿਲਣ ਅਤੇ ਉਸ ਵਿਅਕਤੀ ਦੇ ਫ਼ੋਨ ਤੋਂ ਗੱਲ ਕਰਨ ਲਈ ਕਿਹਾ। ਲਾਰੈਂਸ ਨੇ ਆਪਣੇ ਹੀ ਦੋਸਤ ਨੂੰ ਬਾਹਰ ਬੁਲਾਇਆ ਅਤੇ ਉਸ ਦਾ ਕਤਲ ਕਰਵਾ ਦਿੱਤਾ। ਪੈਰੀ ਦੇ ਮਾਪਿਆਂ ਨੇ ਲਾਰੈਂਸ ਦਾ ਹਰ ਬੁਰੇ ਸਮੇਂ ਸਾਥ ਦਿੱਤਾ, ਉਸ ਨੂੰ ਆਪਣੇ ਪੁੱਤਰ ਦੀ ਤਰ੍ਹਾਂ ਰੱਖਿਆ, ਹਮੇਸ਼ਾ ਪੈਰੀ ਨੇ ਲਾਰੈਂਸ ਦੀ ਮਦਦ ਕੀਤੀ। ਅੱਜ ਉਸੇ ਮਾਂ ਦੇ ਪੁੱਤ ਨੂੰ ਲਾਰੈਂਸ ਨੇ ਮਾਰ ਦਿੱਤਾ। ਅੱਜ ਲਾਰੈਂਸ ਨੇ ਯਾਰੀ ਝੂਠੀ ਪਾ ਦਿੱਤੀ, ਲਾਰੈਂਸ ਯਾਰੀ ਦੇ ਨਾਮ 'ਤੇ ਧੋਖੇਬਾਜ਼ ਨਿਕਲਿਆ, ਪੈਰੀ ਨੇ ਕਦੇ ਵੀ ਬਿਸ਼ਨੋਈ ਨੂੰ ਕੋਈ ਨੁਕਸਾਨ ਪਹੁੰਚਾਉਣ ਦਾ ਇਰਾਦਾ ਨਹੀਂ ਰੱਖਿਆ। ਲਾਰੈਂਸ ਕਦੇ ਸਾਬਤ ਨਹੀਂ ਕਰ ਸਕਦਾ ਕਿ ਪੈਰੀ ਨੇ ਉਸ ਨੂੰ ਕਿਸੇ ਵੀ ਤਰੀਕੇ ਨਾਲ ਨੁਕਸਾਨ ਪਹੁੰਚਾਇਆ।

# ਪੰਜ ਦਿਨਾਂ ਬਾਅਦ ਸਮਾਪਤ ਹੋਈ ਟਰਾਂਸਪੋਰਟ ਕਾਮਿਆਂ ਦੀ ਹੜਤਾਲ !

**ਪਟਿਆਲਾ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਆਪਣੀਆਂ ਮੰਗਾਂ ਦੀ ਪੂਰਤੀ ਨੂੰ ਲੈ ਕੇ ਪੀਆਰਟੀਸੀ ਪੰਜਾਬ ਰੋਡਵੇਜ਼, ਪਨਬਸ ਕੰਟਰੈਕਟ ਵਰਕਰ ਯੂਨੀਅਨ ਵੱਲੋਂ 28 ਨਵੰਬਰ ਤੋਂ ਸ਼ੁਰੂ ਕੀਤੀ ਗਈ ਰਾਜ ਵਿਆਪੀ ਹੜਤਾਲ ਅੱਜ ਪੰਜਵੇਂ ਦਿਨ ਸਮਾਪਤ ਕਰ ਦਿੱਤੀ ਗਈ।

ਇਸ ਸਬੰਧੀ ਭਾਵੇਂ ਸਮਝੌਤਾ ਤਾਂ 30 ਨਵੰਬਰ ਦੀ ਸ਼ਾਮ ਨੂੰ ਹੀ ਹੋ ਗਿਆ ਸੀ, ਪ੍ਰੰਤੂ ਸਰਕਾਰ ਅਤੇ ਯੂਨੀਅਨ ਦੇ ਦਰਮਿਆਨ ਇੱਕ ਕਸੂਤਾ ਪੇਸ਼ ਫਸ ਗਿਆ ਸੀ। ਸਰਕਾਰ ਦਾ ਕਹਿਣਾ ਸੀ ਕਿ ਪਹਿਲਾਂ ਵਰਕਰ ਡਿਊਟੀਆਂ ਜੁਆਇਨ ਕਰਨ ਫੇਰ ਬਹਾਲ ਕਰਾਂਗੇ ਤੇ ਯੂਨੀਅਨ ਦਾ ਕਹਿਣਾ ਸੀ ਕਿ ਪਹਿਲਾਂ ਬਹਾਲੀ ਅਤੇ ਰਿਹਾਈ ਹੋਵੇ ਉਸ ਤੋਂ ਬਾਅਦ ਉਹ ਡਿਊਟੀ ਜੁਆਇਨ ਕਰਨਗੇ ਇਸ ਤਰ੍ਹਾਂ ਅੱਜ ਦੋਵਾਂ ਧਿਰਾਂ ਨੇ ਕੋਈ ਵਿਚਕਾਰਲਾ ਰਾਹ ਕੱਢਦਿਆਂ, ਦੁਪਹਿਰ 1 ਵਜੇ ਹੜਤਾਲ ਖ਼ਤਮ ਕਰ ਦਿੱਤੀ।

ਯੂਨੀਅਨ ਦੇ ਸੂਬਾਈ ਪ੍ਰਧਾਨ ਰੇਸ਼ਮ ਸਿੰਘ ਗਿੱਲ ਨੇ ਹੜਤਾਲ ਵਾਪਸੀ ਦਾ ਰਸਮੀ ਐਲਾਨ ਕੀਤਾ ਹੈ। ਦੂਜੇ ਪਾਸੇ ਪੀਆਰਟੀਸੀ ਦੇ ਵਾਈਸ ਚੇਅਰਮੈਨ ਬਲਵਿੰਦਰ ਸਿੰਘ ਨੇ ਵੀ ਹੜਤਾਲ ਵਾਪਸ ਹੋਣ ਦੀ ਪੁਸ਼ਟੀ ਕੀਤੀ ਹੈ।

ਬਲਵਿੰਦਰ ਸਿੰਘ ਦਾ ਕਹਿਣਾ ਹੈ ਕਿ ਮੁਅੱਤਲ ਵਰਕਰਾਂ ਨੂੰ ਬਹਾਲ ਕਰ ਦਿੱਤਾ ਗਿਆ ਹੈ। ਪ੍ਰੰਤੂ ਜੇਲਾਂ ਵਿੱਚ ਬੰਦ ਵਰਕਰਾਂ ਦੀ ਰਿਹਾਈ 'ਤੇ ਅਜੇ ਸਮਾਂ ਲੱਗ ਸਕਦਾ ਹੈ। ਉਂਝ ਹੜਤਾਲ ਵਾਪਸੀ ਤੋਂ ਬਾਅਦ ਵਰਕਰਾਂ ਨੇ ਡਿਊਟੀਆਂ ਸੰਭਾਲ ਲਈਆਂ ਤੇ 100 ਫੀਸਦੀ ਬੱਸਾਂ ਮੁੜ ਤੋਂ ਸੜਕਾਂ ਤੇ ਚੱਲ ਪਈਆਂ ਜਿਸ ਉਪਰੰਤ ਲੋਕਾਂ ਨੇ ਸੁੱਖ ਦਾ ਸਾਂ ਲਿਆ ਕਿਉਂਕਿ ਹੜਤਾਲ ਕਾਰਨ ਪੰਜ ਦਿਨਾਂ ਤੋਂ ਲੋਕਾਂ ਨੂੰ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ॥

# ਐਚਆਈਵੀ ਏਡਸ ਨੂੰ ਹਰਾਉਣ ਲਈ ਜਨ-ਜਨ ਵਿੱਚ ਜਾਗਰੁਕਤਾ ਫੈਲਾਉਣਾ ਜਰੂਰੀ : ਸਿਹਤ ਮੰਤਰੀ ਆਰਤੀ ਸਿੰਘ ਰਾਓ

**ਚੰਡੀਗੜ੍ਹ, 3 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਇੱਕ ਮਜਬੂਤ ਅਤੇ ਸੰਵੇਦਨਸ਼ੀਲ ਸਿਹਤ ਢਾਂਚਾ ਵਿਕਸਿਤ ਕੀਤਾ ਗਿਆ ਹੈ, ਜਿਸ ਦੀ ਗੁਣਵੱਤਾ ਨਾਲ ਐਚਆਈਵੀ ਸੰਕ੍ਰਮਿਤ ਦਾ ਹਰ ਸੰਭਵ ਇਲਾਜ ਕੀਤਾ ਜਾ ਰਿਹਾ ਹੈ। ਸਾਨੂੰ ਸਾਰਿਆਂ ਨੂੰ ਮਿਲ ਕੇ ਭਾਰਤ ਨੂੰ ਏਡਸ ਮੁਕਤ ਬਣਾਉਣਾ ਹੈ, ਇਸ ਵਿੱਚ ਆਮਜਨਤਾ ਦੀ ਸਹਿਭਾਗਤਾ ਬਹੁਤ ਜਰੂਰੀ ਹੈ। ਐਚਆਈਵੀ ਏਡਸ ਇੱਕ ਗੰਭੀਰ ਬੀਮਾਰੀ ਹੈ। ਇਸ ਬੀਮਾਰੀ ਨੂੰ ਹਰਾਉਣ ਲਈ ਜਨ-ਜਨ ਨੂੰ ਜਾਗਰੁਕ ਕਰਨਾ ਜਰੂਰੀ ਹੈ। ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਆਰਤੀ ਸਿੰਘ ਰਾਓ ਸੋਮਵਾਰ ਨੂੰ ਕੈਥਲ ਵਿੱਚ ਵਿਸ਼ਵ ਏਡਸ ਦਿਵਸ ਮੌਕੇ @ਤੇ ਆਯੋਜਿਤ ਰਾਜ ਪੱਧਰੀ ਪ੍ਰੋਗਰਾਮ ਨੂੰ ਸੰਬੋਧਿਤ ਕਰ ਰਹੇ ਸਨ। ਇਸ ਤੋਂ ਪਹਿਲਾਂ ਮੰਤਰੀ ਆਰਤੀ ਸਿੰਘ ਰਾਓ ਨੇ ਸਕੂਲ ਪਰਿਸਰ ਵਿੱਚ ਸਿਹਤ ਵਿਭਾਗ ਵੱਲੋਂ ਲਗਾਈ ਗਈ ਪ੍ਰਦਰਸ਼ਨੀ ਦਾ ਅਵਲੋਕਨ ਕੀਤਾ।

ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਸੂਬੇ ਵਿੱਚ 104 ਆਈਸੀਟੀਸੀ ਕੇਂਦਰ, ਜਿਨ੍ਹਾਂ ਵਿੱਚ ਫਰੀਦਾਬਾਦ ਦੀ ਮੋਬਾਇਲ ਆਈਸੀਟੀਸੀ ਵੀ ਸ਼ਾਮਿਲ ਹੈ। ਹਰਿਆਣਾ ਵਿੱਚ 24 ਏਆਰਟੀ ਕੇਂਦਰ ਹਨ। ਜਿਨ੍ਹਾਂ ਵਿੱਚ 13 ਨਵੇਂ ਕੇਂਦਰ ਮੈਡੀਕਲ ਕਾਲਜਾਂ ਵਿੱਚ ਸਥਾਪਿਤ ਕੀਤੇ ਗਏ ਹਨ। ਇਸ ਤੋਂ ਇਲਾਵਾ 5 ਐਫਆਈਏਆਰਟੀ ਕੇਂਦਰ ਅਤੇ 4 ਲਿੰਕ ਏਆਰਟੀ ਕੇਂਦਰ ਵੀ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਇਸ ਨਾਲ ਜੀਵਨ ਰੱਖਿਅਕ ਦਵਾਈਆਂ ਦੀ ਉਪਲਬਧਤਾ ਸਾਰੇ ਖੇਤਰਾਂ ਵਿੱਚ ਯਕੀਨੀ ਹੋਈ ਹੈ।

ਉਨ੍ਹਾਂ ਨੇ ਕਿਹਾ ਕਿ ਪੀਪੀਪੀ ਮੋਡ ਰਾਹੀਂ ਅਲਟ੍ਰਾਸਾਉਂਡ, ਐਮਆਰਆਈ ਅਤੇ ਸੀਟੀ ਸਕੈਨ ਵਰਗੇ ਟੈਸਟ ਐਚਆਈਵੀ ਪੀੜਤਾਂ ਲਈ ਮੁਫਤ ਉਪਲਬਧ ਕਰਵਾਏ ਜਾ ਰਹੇ ਹਨ। ਦਸੰਬਰ, 2021 ਤੋਂ ਹਰਿਆਣਾ ਸਰਕਾਰ ਵੱਲੋਂ ਐਚਆਈਵੀ ਸੰਕ੍ਰਮਿਤ ਵਿਅਕਤੀਆਂ ਨੂੰ 2250 ਰੁਪਏ ਪ੍ਰਤੀ ਮਹੀਨਾ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ, ਜਿਸ ਦੇ ਤਹਿਤ 54 ਕਰੋੜ ਰੁਪਏ ਵੰਡੇ ਜਾ ਚੁੱਕੇ ਹਨ ਅਤੇ ਇਸ ਸਾਲ 27 ਕਰੋੜ 78 ਲੱਖ ਰੁਪਏ ਮੰਜੂਰ ਕੀਤੇ ਗਏ ਹਨ। ਐਚਆਈਵੀ ਪੀੜਤ ਵਿਅਕਤੀਆਂ ਨੂੰ ਸਰਕਾਰੀ ਬਲੱਡ ਬੈਂਕ ਵੱਲੋਂ ਮੁਫਤ ਖੂਨ ਉਪਲਬਧ ਕਰਵਾਇਆ ਜਾਂਦਾ ਹੈ। ਭਾਰਤ ਸਰਕਾਰ ਦੇ ਰੇਲ ਮੰਤਰਾਲੇ ਵੱਲੋਂ ਨਾਮਜਦ ਏਆਰਟੀ ਕੇਂਦਰ ਵਿੱਚ ਇਲਾਜ ਲਈ ਏਡਸ ਦੇ ਮਰੀਜਾਂ ਨੂੰ ਦੂਜੀ ਸ਼੍ਰੇਣੀ ਵਿੱਚ 50 ਫੀਸਦੀ ਦੀ ਛੋਟ ਪ੍ਰਦਾਨ ਕੀਤੀ ਜਾਂਦੀ ਹੈ। ਹਰਿਆਣਾ ਰਾਜ ਵਿੱਚ ਐਚਆਈਵੀ/ਏਡਸ ਸੰਕ੍ਰਮਿਤ ਵਿਅਕਤੀ ਮੁਫਤ ਕਾਨੂੰਨੀ ਸਹਾਇਤਾ ਦਾ ਹੱਕਦਾਰ ਹੈ। ਹਰਿਆਣਾ ਦੇ ਹਰੇਕ ਜਿਲ੍ਹਾ ਵਿੱਚ ਸਰਕਾਰ ਵੱਲੋਂ ਨਸ਼ਾ ਮੁਕਤੀ ਕੇਂਦਰ ਚਲਾਏ ਜਾ ਰਹੇ ਹਨ।

ਸਿਹਤ ਮੰਤਰੀ ਨੇ ਕਿਹਾ ਕਿ ਆਮਜਨਤਾ ਦੀ ਜਾਗਰੁਕਤਾ ਅਤੇ ਕਮਿਊਨਿਟੀ ਦੀ ਭਾਗੀਦਾਰੀ ਹੀ ਸਾਡੀ ਸਫਲਤਾ ਦਾ ਕੁੰਜੀ ਹੈ। ਹਰਿਆਣਾ ਰਾਜ ਏਡਸ ਕੰਟਰੋਲ ਸੋਸਾਇਟੀ ਵੱਲੋਂ ਨਿਯਮਤ ਜਾਗਰੁਕਤਾ ਮੁਹਿੰਮ ਚਲਾਈ ਜਾ ਰਹੀ ਹੈ।

# ਹੜ੍ਹਾਂ ਦੀ ਮਾਰ ਕਾਰਨ ਝੋਨੇ ਦੀ ਫਸਲ ਦਾ ਟੀਚਾ ਰਿਹਾ ਅਧੂਰਾ, ਕੌਮੀ ਪੱਧਰ 'ਤੇ ਵੀ ਪਿਆ ਅਸਰ

ਕੌਮੀ ਪਤ੍ਰਿਕਾ

ਚੰਡੀਗੜ੍ਹ 3 ਦਸੰਬਰ। ਪੰਜਾਬ 'ਚ ਇਸ ਵਾਰ ਹੜ੍ਹਾਂ ਅਤੇ ਲਗਾਤਾਰ ਬਾਰਿਸ਼ਾਂ ਨੇ ਝੋਨੇ ਦੀ ਫਸਲ ਨੂੰ ਪੂਰੀ ਤਰ੍ਹਾਂ ਤਬਾਹ ਕਰਕੇ ਰੱਖ ਦਿੱਤਾ। ਜਿਸ ਕਾਰਨ ਪੰਜਾਬ 'ਚ ਝੋਨੇ ਦੀ ਨਿਰਧਾਰਿਤ ਟੀਚੇ ਤੋਂ 24 ਲੱਖ ਮੀਟ੍ਰਿਕ ਟਨ ਘੱਟ ਪੈਦਾਵਰ ਹੋਈ। ਸੂਬਾ ਸਰਕਾਰ ਨੇ ਝੋਨੇ ਦੀ ਫਸਲ ਦੀ ਪੈਦਾਵਰ ਦਾ 180 ਲੱਖ ਟਨ ਮੀਟ੍ਰਿਕ ਟਨ ਦਾ ਟੀਚਾ ਤੈਅ ਕੀਤਾ ਸੀ ਪਰ ਮੰਡੀਆਂ 'ਚ 156 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਹੋਈ। ਖੁਰਾਕ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਨੇ ਝੋਨੇ ਦੀ ਫਸਲ ਦਾ ਸੀਜ਼ਨ ਪੂਰਾ ਹੋਣ ਦੌਰਾਨ ਅੰਕੜੇ ਜਾਰੀ ਕਰਦਿਆਂ ਦੱਸਿਆ ਕਿ ਹੜ੍ਹਾਂ ਅਤੇ ਬਾਰਿਸ਼ਾਂ ਦੀ ਮਾਰ ਕਰਕੇ ਕੇਂਦਰੀ ਪੂਲ 'ਚ ਵੀ ਝੋਨੇ ਦੀ ਫਸਲ ਦਾ ਟੀਚਾ ਅਧੂਰਾ ਰਹਿ ਗਿਆ। ਦੱਸਣਯੋਗ ਹੈ ਕਿ ਹੜ੍ਹਾਂ ਦੀ ਮਾਰ ਕਰਕੇ ਇਸ ਵਾਰ ਪੰਜ ਲੱਖ ਏਕੜ ਇਲਾਕੇ ਦੀ ਫਸਲ ਤਬਾਹ ਹੋ ਗਈ ਸੀ ਜਿਸ ਨਾਲ ਸੂਬੇ ਦੇ ਕਿਸਾਨਾਂ ਦਾ ਕਾਫੀ ਨੁਕਸਾਨ ਹੋਇਆ। ਫੂਡ ਸਪਲਾਈ ਵਿਭਾਗ ਦੇ ਅਨੁਸਾਰ 2024 'ਚ ਵੀ ਝੋਨੇ ਦੀ ਪੈਦਾਵਰ ਕਾਫੀ ਘੱਟ ਹੋਈ ਸੀ ਅਤੇ ਇਸਦੇ ਬਾਵਜੂਦ 175 ਮੀਟ੍ਰਿਕ ਟਨ ਦੀ ਖਰੀਦ ਹੋਈ ਸੀ। ਵਿਭਾਗ ਅਨੁਸਾਰ 30 ਨਵੰਬਰ ਨੂੰ ਝੋਨੇ ਦੀ ਖਰੀਦ ਦੇ ਸੀਜ਼ਨ ਦਾ ਅੰਤਿਮ ਦਿਨ ਸੀ। ਇਸ ਦਿਨ ਤੱਕ 156 ਮੀਟ੍ਰਿਕ ਟਨ ਫਸਲ ਮੰਡੀਆਂ 'ਚ ਪਹੁੰਚੀ ਅਤੇ 11 ਲੱਖ ਤੋਂ ਜ਼ਿਆਦਾ ਕਿਸਾਨਾਂ ਦੇ ਖਾਤਿਆਂ 'ਚ 37,288 ਕਰੋੜ ਰੁਪਏ ਪਾਏ ਗਏ। ਇਸ ਤੋਂ ਇਲਾਵਾ ਨਿੱਜੀ ਏਜੰਸੀਆਂ ਨੇ 17,773 ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ। ਪੰਜਾਬ 'ਚ ਝੋਨੇ ਦੀ ਬਿਜਾਈ 1 ਜੂਨ ਨੂੰ ਸ਼ੁਰੂ ਹੋਈ ਸੀ। ਦੂਜੇ ਪਾਸੇ ਲਗਾਤਾਰ ਹੋਈਆਂ ਬਾਰਿਸ਼ਾਂ ਕਾਰਨ ਝੋਨੇ ਦੀ ਖਰੀਦ ਦੇਰ ਨਾਲ ਸ਼ੁਰੂ ਹੋਈ। 1 ਸਤੰਬਰ ਤੋਂ



ਫਸਲ ਦੀ ਖਰੀਦ ਦਾ ਕੰਮ ਸ਼ੁਰੂ ਹੋ ਗਿਆ ਸੀ,ਪਰ ਫਸਲ 'ਚ ਨਮੀ ਹੋਣ ਕਰਕੇ ਕਿਸਾਨਾਂ ਨੂੰ ਫਸਲ ਵੇਚਣ 'ਚ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਇਸ ਵਾਰ ਮੰਡੀਆਂ 'ਚ 156 ਲੱਖ ਮੀਟ੍ਰਿਕ ਟਨ ਝੋਨੇ ਦੀ ਫਸਲ ਦੀ ਖਰੀਦ ਹੋਈ। ਕਿਸਾਨਾਂ ਨੂੰ ਮੰਡੀਆਂ 'ਚ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਗਈ ਅਤੇ ਝੋਨੇ ਦੀ ਅਦਾਇਗੀ ਵੀ ਨਾਲੋ-ਨਾਲ ਕੀਤੀ ਗਈ। ਝੋਨੇ ਦੀ ਘੱਟ ਖਰੀਦ ਦਾ ਕੌਮੀ ਪੱਧਰ 'ਤੇ ਵੀ ਅਸਰ ਪੈ ਸਕਦਾ ਹੈ। ਕੇਂਦਰ ਸਰਕਾਰ ਨੇ ਪੰਜਾਬ ਤੋਂ ਕੇਂਦਰੀ ਪੂਲ 'ਚ 173 ਲੱਖ ਮੀਟ੍ਰਿਕ ਟਨ ਝੋਨੇ ਦੀ ਮੰਗ ਕੀਤੀ ਸੀ। ਹਾਲਾਂਕਿ ਝੋਨੇ ਦੀ ਘੱਟ ਪੈਦਾਵਰ ਹੋਣ ਕਾਰਨ ਚੌਲਾਂ ਦਾ ਨਿਰਯਾਤ ਵੀ ਪ੍ਰਭਾਵਿਤ ਹੋਣ ਦੇ ਆਸਾਰ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਕੇਂਦਰ ਕੋਲ ਪਹਿਲਾਂ ਤੋਂ ਹੀ ਚੌਲਾਂ ਦੇ ਭੰਡਾਰ ਹਨ। ਸਾਲ 2020 'ਚ 162 ਮੀਟ੍ਰਿਕ ਟਨ, 2021 'ਚ 187 ਮੀਟ੍ਰਿਕ ਟਨ, 2022 'ਚ 183 ਮੀਟ੍ਰਿਕ ਟਨ, 2023 'ਚ 188 ਮੀਟ੍ਰਿਕ ਟਨ ਤੇ 2024 'ਚ 175 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ।

## ਲੁਧਿਆਣਾ 'ਚ ਇਮਾਰਤ ਦਾ ਲੈਂਟਰ ਡਿੱਗਣ ਕਾਰਨ ਵੱਡਾ ਹਾਦਸਾ

ਲੁਧਿਆਣਾ 3 ਦਸੰਬਰ। ਇੱਥੇ ਧਾਂਦਰਾ ਰੋਡ 'ਤੇ ਭਗਤ ਸਿੰਘ ਨਗਰ 'ਚ ਇੱਕ ਇਮਾਰਤ ਦਾ ਲੈਂਟਰ ਡਿੱਗਣ ਨਾਲ ਇੱਕ ਮਜ਼ਦੂਰ ਦੀ ਮੌਤ ਹੋ ਗਈ ਅਤੇ ਦੋ ਹੋਰ ਜ਼ਖਮੀ ਹੋ ਗਏ। ਹਾਦਸੇ ਸਮੇਂ ਉੱਥੇ ਅੱਧਾ ਦਰਜਨ ਤੋਂ ਵੱਧ ਲੋਕ ਕੰਮ ਕਰ ਰਹੇ ਸਨ। ਘਟਨਾ ਦੀ ਜਾਣਕਾਰੀ ਮਿਲਦੇ ਹੀ ਥਾਣਾ ਸਦਰ ਅਧੀਨ ਪੈਂਦੀ ਚੌਂਕੀ ਬਸੰਤ ਐਵੇਨਿਊ ਚੌਂਕੀ ਦੀ ਇੱਕ ਟੀਮ ਮੌਕੇ 'ਤੇ ਪਹੁੰਚੀ ਅਤੇ ਜ਼ਖਮੀਆਂ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ। ਮੌਕੇ ਦਾ ਮੁਆਇਨਾ ਕਰਨ ਤੋਂ ਬਾਅਦ ਪੁਲਸ ਨੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ। ਮ੍ਰਿਤਕ ਦੀ ਪਛਾਣ ਗੁਰੂ ਨਗਰ ਕਾਲੋਨੀ ਦੇ ਰਹਿਣ ਵਾਲੇ ਰਾਮ ਆਸਰੇ ਵਜੋਂ ਹੋਈ ਹੈ, ਜਦੋਂ ਕਿ ਜ਼ਖਮੀਆਂ ਦੀ ਪਛਾਣ ਕਰਨੈਲ ਸਿੰਘ ਨਗਰ ਦੇ ਰਹਿਣ ਵਾਲੇ ਰਮੇਸ਼ ਰਾਏ ਅਤੇ ਅਜੈ ਦਾਸ ਵਜੋਂ ਹੋਈ ਹੈ। ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਇਹ ਹਾਦਸਾ ਸ਼ਾਮ 6 ਵਜੇ ਦੇ ਕਰੀਬ ਸੈਣੀ ਟਰੇਡਰਜ਼ ਫੈਕਟਰੀ 'ਚ ਵਾਪਰਿਆ। ਜਿਵੇਂ ਹੀ ਲੈਂਟਰ ਡਿੱਗਿਆ, ਇੱਕ ਮਜ਼ਦੂਰ ਲੋਹੇ ਦੀਆਂ ਰਾਡਾਂ 'ਚ ਫਸ ਗਿਆ ਅਤੇ ਇੱਕ ਹੋਰ ਮਜ਼ਦੂਰ ਰਮੇਸ਼ ਦੀ ਲੱਤ 'ਚ ਕਾਫ਼ੀ ਸਮੇਂ ਤੱਕ ਤਿੰਨ ਲੋਹੇ ਦੀਆਂ ਰਾਡਾਂ ਰਹੀਆਂ, ਜਦੋਂ ਕਿ ਦੋ ਹੋਰ ਮਜ਼ਦੂਰਾਂ ਅਤੇ ਦੋ ਮਿਸਤਰੀਆਂ ਨੂੰ ਬਚਾ ਲਿਆ ਗਿਆ

## ਆਂਗਣਵਾੜੀ ਸੈਂਟਰਾਂ ਨੂੰ ਲੈ ਕੇ ਨਵੇਂ ਹੁਕਮ ਜਾਰੀ, ਲਾਜ਼ਮੀ ਹੋਇਆ ਇਹ ਕੰਮ

ਪਟਿਆਲਾ 3 ਦਸੰਬਰ। ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਜਸਵੀਰ ਸਿੰਘ ਸੇਖੋਂ ਨੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਹਦਾਇਤ ਕੀਤੀ ਕਿ ਜ਼ਿਲ੍ਹੇ ਦੇ ਸਾਰੇ ਸਕੂਲਾਂ ਤੇ ਆਂਗਣਵਾੜੀ ਸੈਂਟਰਾਂ 'ਚ ਪੀਣ ਲਈ ਸਾਫ਼ ਪਾਣੀ ਉਪਲੱਬਧ ਕਰਵਾਉਣ ਲਈ ਪਾਣੀ ਦੀ ਟੈਸਟਿੰਗ ਕੀਤੀ ਜਾਵੇ ਅਤੇ ਆਰ. ਓ. ਲਾਉਣੇ ਯਕੀਨੀ ਬਣਾਏ ਜਾਣ। ਸਟੇਟ ਫੂਡ ਕਮਿਸ਼ਨ ਦੇ ਮੈਂਬਰ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਰਾਸ਼ਨ ਵੰਡ ਪ੍ਰਕਿਰਿਆ, ਮਿਡ-ਡੇ-ਮੀਲ ਸਕੀਮ,



ਆਂਗਣਵਾੜੀ ਸੈਂਟਰਾਂ ਰਾਹੀਂ ਦਿੱਤੇ ਜਾਣ ਵਾਲੇ ਸਾਮਾਨ ਅਤੇ ਖਾਣੇ ਦੀ ਸਟੋਰੇਜ਼ ਸਿਸਟਮ ਦਾ ਜਾਇਜ਼ਾ ਲੈਣ ਲਈ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਦਮਨਜੀਤ ਸਿੰਘ ਮਾਨ ਅਤੇ ਹੋਰ ਅਧਿਕਾਰੀਆਂ ਨਾਲ ਬੈਠਕ ਕੀਤੀ। ਉਪਰੰਤ ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਜਸਵੀਰ ਸਿੰਘ ਸੇਖੋਂ ਨੇ ਸਰਕਾਰੀ ਸਕੂਲ, ਆਫ ਐਮੀਨੈਂਸ, ਮੰਡੌੜ ਦਾ ਦੌਰਾ ਕਰ ਕੇ ਬੱਚਿਆਂ ਦੇ ਪੀਣ ਵਾਲੇ ਪਾਣੀ ਦਾ ਟੀ ਡੀ. ਐੱਸ. ਚੈੱਕ ਕੀਤਾ ਅਤੇ ਇਸ ਦੀ ਮਾਤਰਾ 609 ਕਾਫੀ ਜ਼ਿਆਦਾ ਹੋਣ ਕਾਰਨ ਤੁਰੰਤ ਇੱਥੇ ਆਰ. ਓ. ਤੇ ਵਾਟਰ ਫ਼ਿਲਟਰ ਲਾਉਣ ਦੇ ਹੁਕਮ ਦਿੱਤੇ। ਉਨ੍ਹਾਂ ਮਿਡ-ਡੇ-ਮੀਲ ਦੀ ਵੀ ਜਾਂਚ ਕੀਤੀ ਅਤੇ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ। ਟਇਸ ਮੌਕੇ ਉਨ੍ਹਾਂ ਨਿਰਦੇਸ਼ ਦਿੱਤੇ ਕਿ ਮਿਡ-ਡੇ-ਮੀਲ ਬਣਾਉਣ ਵਾਲੇ ਕੁੱਕ ਸਿਰ ਢੱਕ ਕੇ ਅਤੇ ਹੱਥ ਧੋ ਕੇ ਖਾਣਾ ਬਣਾਉਣ, ਨਾਲ ਹੀ ਉਨ੍ਹਾਂ ਦੀ ਡਾਕਟਰੀ ਜਾਂਚ ਲਾਜ਼ਮੀ ਤੌਰ 'ਤੇ ਹੋਵੇ। ਪਹਿਲਾਂ ਕੀਤੀ ਮੀਟਿੰਗ ਦੌਰਾਨ ਜਸਵੀਰ ਸਿੰਘ ਸੇਖੋਂ ਨੇ ਜ਼ਿਲ੍ਹਾ ਫੂਡ ਸੇਫ਼ਟੀ ਅਫ਼ਸਰ ਨੂੰ ਮਿਡ-ਡੇ-ਮੀਲ ਅਤੇ ਆਂਗਣਵਾੜੀ ਸੈਂਟਰਾਂ ਰਾਹੀਂ ਦਿੱਤੇ ਜਾਣ ਵਾਲੇ ਖਾਣੇ ਅਤੇ ਸਾਮਾਨ ਦੀ ਨਿਰੰਤਰ ਚੈਕਿੰਗ ਦੇ ਨਿਰਦੇਸ਼ ਦਿੰਦਿਆਂ ਹਦਾਇਤ ਕੀਤੀ ਕਿ ਬੱਚਿਆਂ ਨੂੰ ਦਿੱਤੇ ਜਾਣ ਵਾਲੇ ਖਾਣੇ 'ਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਦਮਨਜੀਤ ਸਿੰਘ ਮਾਨ, ਡਿਪਟੀ ਡੀ. ਈ. ਓ. ਰਵਿੰਦਰ ਪਾਲ ਸਿੰਘ ਤੇ ਹੈੱਡ ਮਾਸਟਰ ਜਗਮੀਤ ਸਿੰਘ ਸਮੇਤ ਕਈ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਗੂਗਲ ਮੈਪ ਨੇ ਫਿਰ ਭਟਕਾਇਆ : ਸ਼ਾਰਟਕੱਟ ਦੇ ਚੱਕਰ 'ਚ 15 ਫੁੱਟ ਡੂੰਘੀ ਖੱਡ 'ਚ ਡਿੱਗੀ ਟੂਰਿਸਟ ਬੱਸ

ਸ਼ਾਹਜਹਾਂਪੁਰ 3 ਦਸੰਬਰ। ਨੇਪਾਲ ਬਾਰਡਰ ਦੇ ਕ੍ਰਿਸ਼ਨਾਨਗਰ ਤੋਂ ਪੰਜਾਬ ਜਾ ਰਹੀ ਇਕ ਟੂਰਿਸਟ ਬੱਸ ਵੀਰਵਾਰ ਤੜਕੇ ਲੱਗਭਗ 3 ਵਜੇ ਗੂਗਲ ਮੈਪ ਦੇ ਸ਼ਾਰਟਕੱਟ ਦੇ ਚੱਕਰ 'ਚ ਰਸਤਾ ਭਟਕ ਗਈ ਅਤੇ ਤਿਲਹਰ-ਨਿਗੋਹੀ ਰੋਡ 'ਤੇ ਡਡੀਆ ਪਿੰਡ ਦੇ ਕੋਲ ਲੱਗਭਗ 15 ਫੁੱਟ ਡੂੰਘੀ ਖੱਡ 'ਚ ਜਾ ਡਿੱਗੀ। ਬੱਸ 'ਚ ਲੱਗਭਗ 50 ਯਾਤਰੀ ਸਵਾਰ ਸਨ, ਜਿਨ੍ਹਾਂ 'ਚ ਔਰਤਾਂ ਅਤੇ ਬੱਚੇ ਵੀ ਸ਼ਾਮਲ ਸਨ। ਖੁਸ਼ਕਿਸਮਤੀ ਇਹ ਰਹੀ ਕਿ ਸਾਰੇ ਯਾਤਰੀ ਸੁਰੱਖਿਅਤ ਰਹੇ ਅਤੇ ਸਿਰਫ ਡਰਾਈਵਰ-ਕੰਡਕਟਰ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਡਰਾਈਵਰ ਅਮਨਦੀਪ, ਨਿਵਾਸੀ ਫੋਡਲਾ ਕਲਾਂ, ਜ਼ਿਲਾ ਮਾਨਸਾ (ਪੰਜਾਬ) ਨੇ ਦੱਸਿਆ ਕਿ ਉਹ ਅਮਨ ਟੂਰਿਸਟ ਬੱਸ ਲੈ ਕੇ ਕ੍ਰਿਸ਼ਨਾਨਗਰ ਤੋਂ ਬਲਰਾਮਪੁਰ ਹੋ ਕੇ ਚੰਡੀਗੜ੍ਹ ਜਾ ਰਿਹਾ ਸੀ ਅਤੇ ਪੂਰਾ ਰਸਤਾ ਗੂਗਲ ਮੈਪ ਦੇ ਸਹਾਰੇ ਤੈਅ ਕਰ ਰਿਹਾ ਸੀ। ਮੈਪ ਨੇ ਪਹਿਲਾਂ ਐੱਨ. ਐੱਚ-30 ਦੇ ਰਸਤੇ ਸ਼ਾਹਜਹਾਂਪੁਰ ਦੀ ਦਿਸ਼ਾ ਵਿਖਾਈ ਪਰ ਵਿਚ-ਵਿਚ 'ਸ਼ਾਰਟਕੱਟ' ਦੱਸਦੇ ਹੋਏ ਉਸ ਨੂੰ ਤਿਲਹਰ-ਨਿਗੋਹੀ ਰੋਡ 'ਤੇ ਪਹੁੰਚਾ ਦਿੱਤਾ, ਜੋ ਡਭੌਰਾ ਤਿਲਹਰ ਦੇ ਕੋਲ ਬੰਦ ਹੈ ਅਤੇ ਭਾਰੀ ਵਾਹਨਾਂ ਲਈ ਬਿਲਕੁੱਲ ਸੁਰੱਖਿਅਤ ਨਹੀਂ ਮੰਨਿਆ ਜਾਂਦਾ। ਡਰਾਈਵਰ ਅਨੁਸਾਰ, ਅਣਜਾਣ ਅਤੇ ਤੰਗ ਰਸਤੇ 'ਤੇ ਅਚਾਨਕ ਆਏ ਅਵਾਰਾ ਜਾਨਵਰਾਂ ਨੂੰ ਬਚਾਉਣ ਦੀ ਕੋਸ਼ਿਸ਼ 'ਚ ਬੱਸ ਬੇਕਾਬੂ ਹੋ ਕੇ ਇਕ ਪਾਸੇ ਝੁਕ ਗਈ ਅਤੇ ਖੱਡ 'ਚ ਜਾ ਡਿੱਗੀ। ਹਾਦਸੇ ਤੋਂ ਬਾਅਦ ਬੱਸ 'ਚ ਹਫੜਾ-ਦਫੜੀ ਮਚ ਗਈ ਅਤੇ ਯਾਤਰੀਆਂ ਦੀਆਂ ਚੀਕਾਂ ਸੁਣ ਕੇ ਨੇੜਲੇ ਪਿੰਡ ਵਾਸੀ ਮੌਕੇ 'ਤੇ ਪੁੱਜੇ। ਸਥਾਨਕ ਲੋਕਾਂ ਨੇ ਤੁਰੰਤ ਰਾਹਤ ਕਾਰਜ ਸ਼ੁਰੂ ਕਰਦੇ ਹੋਏ ਬੱਸ ਦੀਆਂ ਬਾਰੀਆਂ ਤੋੜੀਆਂ ਅਤੇ ਸਾਰੇ ਯਾਤਰੀਆਂ ਨੂੰ ਬਾਹਰ ਕੱਢਿਆ। ਔਰਤਾਂ ਅਤੇ ਬੱਚਿਆਂ ਨੂੰ ਪਹਿਲ ਦੇ ਤੌਰ 'ਤੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ।

# ਜਲੰਧਰ ਨਿਗਮ 'ਚ ਕੱਚੇ ਜੇ. ਈਜ਼ ਦਾ ਸੈਂਕਸ਼ਨ ਘਪਲਾ ਫਿਰ ਚਰਚਾ 'ਚ, ਮਨਚਾਹੇ ਠੇਕੇਦਾਰਾਂ ਨੂੰ ਕਰੋੜਾਂ ਦੇ ਕੰਮ ਦੇਣ ਦਾ ਦੋਸ਼

ਕੌਮੀ ਪਤ੍ਰਿਕਾ

ਜਲੰਧਰ 3 ਦਸੰਬਰ। ਜਲੰਧਰ ਨਗਰ ਨਿਗਮ ਵਿਚ ਕੱਚੇ ਆਧਾਰ 'ਤੇ ਰੱਖੇ ਗਏ ਜੂਨੀਅਰ ਇੰਜੀਨੀਅਰਾਂ ਅਤੇ ਐੱਸ. ਡੀ. ਓ. ਵੱਲੋਂ ਕਰਵਾਏ ਗਏ ਕਰੋੜਾਂ ਰੁਪਏ ਦੇ ਸੈਂਕਸ਼ਨ ਨਾਲ ਸਬੰਧਤ ਕੰਮਾਂ ਨੂੰ ਲੈ ਕੇ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। ਨਿਗਮ ਵਿਚ ਪਿਛਲੇ ਕਈ ਸਾਲਾਂ ਤੋਂ ਇਹ ਕੱਚੇ ਕਰਮਚਾਰੀ ਨਾ ਸਿਰਫ ਫਾਈਨਾਂਸ਼ੀਅਲ ਪਾਵਰ ਦੀ ਵਰਤੋਂ ਕਰ ਰਹੇ ਹਨ, ਸਗੋਂ ਮਨਚਾਹੇ ਠੇਕੇਦਾਰਾਂ ਨੂੰ ਫਰਜ਼ੀ ਕੋਟੇਸ਼ਨ ਦੇ ਸਹਾਰੇ ਕੰਮ ਸੌਂਪਣ ਦੇ ਗੰਭੀਰ ਦੋਸ਼ਾਂ ਦਾ ਵੀ ਸਾਹਮਣਾ ਕਰ ਰਹੇ ਹਨ। ਤਾਜ਼ਾ ਜਾਣਕਾਰੀ ਅਨੁਸਾਰ ਇਨ੍ਹਾਂ ਗੜਬੜੀਆਂ ਨਾਲ ਜੁੜੀ ਨਵੀਂ ਸ਼ਿਕਾਇਤ ਹੁਣ ਚੰਡੀਗੜ੍ਹ ਪਹੁੰਚ ਚੁੱਕੀ ਹੈ, ਜਿਸ ਨਾਲ ਸਟੇਟ ਵਿਜੀਲੈਂਸ ਦੀ ਜਾਂਚ ਦੁਬਾਰਾ ਸ਼ੁਰੂ ਹੋਣ ਦੀ ਉਮੀਦ ਹੈ। ਜਦੋਂ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਸੀ, ਉਦੋਂ ਜਲੰਧਰ ਨਿਗਮ ਵਿਚ ਕਰਮਚਾਰੀਆਂ ਦੀ ਭਾਰੀ ਕਮੀ ਨੂੰ ਦੇਖਦੇ ਹੋਏ ਜੇ. ਈ., ਐੱਸ. ਡੀ.ਓ. ਸਮੇਤ ਤਕਨੀਕੀ ਸਟਾਫ ਨੂੰ ਆਊਟਸੋਰਸ ਭਾਵ ਕੱਚੇ ਆਧਾਰ 'ਤੇ ਤਾਇਨਾਤ ਕੀਤਾ ਗਿਆ ਸੀ। ਨਿਯਮਾਂ ਦੇ ਅਨੁਸਾਰ ਅਜਿਹੇ ਕਰਮਚਾਰੀਆਂ ਨੂੰ ਕੋਈ ਵੀ ਵਿੱਤੀ ਪਾਵਰ ਨਹੀਂ ਦਿੱਤੀ ਜਾ ਸਕਦੀ। ਇਸ ਦੇ ਬਾਵਜੂਦ ਇਨ੍ਹਾਂ ਕੱਚੇ ਇੰਜੀਨੀਅਰਾਂ ਨੇ ਪਿਛਲੇ ਸਾਲਾਂ ਵਿਚ ਫਾਈਨਾਂਸ਼ੀਅਲ ਪਾਵਰਸ (ਵਿੱਤੀ ਤਾਕਤਾਂ) ਦੀ ਵਰਤੋਂ ਕਰਦੇ ਹੋਏ ਸੈਂਕਸ਼ਨ ਫਾਈਲਾਂ ਜ਼ਰੀਏ ਕਰੋੜਾਂ ਰੁਪਏ ਦੇ ਕੰਮ ਕਰਵਾ ਦਿੱਤੇ। ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੋਂ ਬਾਅਦ ਇਹ ਮੰਨਿਆ ਜਾ ਰਿਹਾ ਸੀ ਕਿ ਨਿਗਮ ਦਾ ਸਿਸਟਮ ਸੁਧਰੇਗਾ ਅਤੇ ਗੜਬੜੀਆਂ ਰੁਕਣਗੀਆਂ ਪਰ ਅਜਿਹਾ ਨਹੀਂ ਹੋਇਆ। ਕੱਚੇ ਕਰਮਚਾਰੀ ਆਪਣਾ ਦਾਇਰਾ ਵਧਾਉਂਦੇ ਗਏ ਅਤੇ ਸਮੇਂ ਦੇ ਨਾਲ ਸਿਸਟਮ 'ਤੇ ਇੰਨਾ ਪ੍ਰਭਾਵ ਜਮਾ ਲਿਆ ਕਿ ਉਹ ਠੇਕੇਦਾਰਾਂ ਅਤੇ ਕੰਮ ਵੰਡਣ ਵਿਚ ਫੈਸਲਾਕੁੰਨ ਭੂਮਿਕਾ ਨਿਭਾਉਣ ਲੱਗੇ। ਨਗਰ ਨਿਗਮ ਚੋਣਾਂ ਨਾ ਹੋਣ ਕਾਰਨ ਲੱਗਭਗ 2 ਸਾਲ ਤਕ ਜਲੰਧਰ ਨਿਗਮ 'ਤੇ ਅਫਸਰਸ਼ਾਹੀ ਦਾ ਕੰਟਰੋਲ ਰਿਹਾ। ਇਸ ਦੌਰਾਨ ਪੰਜਾਬ ਟਰਾਂਸਪੇਰੈਂਸੀ ਐਕਟ ਤਹਿਤ ਕਰੋੜਾਂ ਦੇ ਕੰਮ ਕਰਵਾਏ ਗਏ, ਜਿਥੇ 5 ਲੱਖ ਰੁਪਏ ਤਕ ਖਰਚ ਕਰਨ ਦਾ ਅਧਿਕਾਰ ਸਿਰਫ ਨਿਗਮ ਕਮਿਸ਼ਨਰ ਨੂੰ ਹੈ। ਇਸ ਦੇ ਬਾਵਜੂਦ ਸੈਂਕਸ਼ਨ ਦੇ ਨਾਂ 'ਤੇ ਵੱਡੇ ਪੈਮਾਨੇ 'ਤੇ ਜੋ ਕੰਮ ਕਰਵਾਏ ਗਏ, ਉਨ੍ਹਾਂ ਵਿਚ ਐਕਟ ਦੀ ਉਲੰਘਣਾ ਦੇ ਕਈ ਦੋਸ਼ ਸਾਹਮਣੇ ਆਏ। ਇਸ ਸਾਲ ਆਮ ਆਦਮੀ ਪਾਰਟੀ ਦਾ ਕਾਰਪੋਰੇਸ਼ਨ ਹਾਊਸ ਬਣਨ ਦੇ ਬਾਅਦ ਉਮੀਦ ਸੀ ਕਿ ਹੁਣ ਸਾਰੇ ਕੰਮ ਟੈਂਡਰਿੰਗ ਪ੍ਰਕਿਰਿਆ ਨਾਲ ਹੋਣਗੇ ਅਤੇ ਸੈਂਕਸ਼ਨ ਆਧਾਰਿਤ ਕੰਮ ਬੰਦ ਹੋਣਗੇ ਪਰ ਕਰੋੜਾਂ ਦੇ ਸੈਂਕਸ਼ਨ ਕੰਮ ਜਾਰੀ ਰਹੇ। ਇਨ੍ਹਾਂ ਕੰਮਾਂ ਨੂੰ ਕਦੀ ਸਿਆਸੀ ਮਜਬੂਰੀ ਕਿਹਾ ਗਿਆ ਪਰ ਹਕੀਕਤ ਇਹ ਹੈ ਕਿ ਇਨ੍ਹਾਂ ਵਧੇਰੇ ਫਾਈਲਾਂ ਨੂੰ ਕੱਚੇ ਜੇ. ਈ. ਅਤੇ ਐੱਸ. ਡੀ. ਓ. ਨੇ ਹੀ ਤਿਆਰ ਕੀਤਾ। ਜਾਣਕਾਰੀ ਅਨੁਸਾਰ ਕੱਚੇ ਇੰਜੀਨੀਅਰਾਂ ਨੇ ਮਾਰਕੀਟ ਵਿਚ ਜਾ ਕੇ ਪੋਟੈਂਸ਼ੀਅਲ ਬਾਇਰ ਲੱਭਣ ਅਤੇ ਕੋਟੇਸ਼ਨ ਲੈਣ ਦੀ ਪ੍ਰਕਿਰਿਆ ਦਾ ਪਾਲਣ ਨਹੀਂ ਕੀਤਾ। ਟਰਾਂਸਪੇਰੈਂਸੀ ਐਕਟ ਮੁਤਾਬਕ ਘੱਟ ਤੋਂ ਘੱਟ 3 ਬਾਇਰਸ ਤੋਂ ਕੋਟੇਸ਼ਨ ਲੈਣਾ ਲਾਜ਼ਮੀ ਹੈ ਪਰ ਠੇਕੇਦਾਰਾਂ ਨੂੰ ਸਿੱਧਾ ਨਿਗਮ ਵਿਚ ਬੁਲਾ ਕੇ ਹੀ ਕੋਟੇਸ਼ਨ ਤਿਆਰ ਕਰਵਾ ਲਏ ਗਏ। ਕਈ ਠੇਕੇਦਾਰ ਅਜਿਹੇ ਹਨ, ਜਿਨ੍ਹਾਂ ਦਾ ਸ਼ਹਿਰ ਵਿਚ ਨਾ ਕੋਈ ਗੋਦਾਮ ਹੈ, ਨਾ ਦਫਤਰ, ਨਾ ਸ਼ੋਅਰੂਮ, ਨਾ ਫੈਕਟਰੀ, ਇਸ




ਦੇ ਬਾਵਜੂਦ ਉਨ੍ਹਾਂ ਪਿਛਲੇ 2 ਸਾਲਾਂ ਵਿਚ ਕਰੋੜਾਂ ਦਾ ਕੰਮ ਤਾਂ ਕੀਤਾ ਹੀ, ਨਾਲ ਹੀ ਸਮੇਂ 'ਤੇ ਭੁਗਤਾਨ ਵੀ ਪ੍ਰਾਪਤ ਕੀਤਾ। ਕੁਝ ਠੇਕੇਦਾਰਾਂ ਨੂੰ ਬੀ. ਐਂਡ ਆਰ. ਮੇਨਟੀਨੈਂਸ, ਹਾਰਟੀਕਲਚਰ, ਸਟਰੀਟ ਲਾਈਟ, ਓ. ਐਂਡ ਐੱਮ. ਵਰਗੇ ਵੱਖ-ਵੱਖ ਵਿਭਾਗਾਂ ਦੇ ਕੰਮ ਇਕੱਠੇ ਦੇ ਦਿੱਤੇ ਗਏ। 'ਜਗ ਬਾਣੀ' ਦੇ ਹੱਥ ਕੁਝ ਅਜਿਹੀਆਂ ਫਾਈਲਾਂ ਲੱਗੀਆਂ ਹਨ, ਜਿਨ੍ਹਾਂ ਵਿਚ ਫਰਜ਼ੀ ਅਤੇ ਜਾਅਲੀ ਕੋਟੇਸ਼ਨਾਂ ਲਾਈਆਂ ਗਈਆਂ ਹਨ। ਜੇਕਰ ਇਨ੍ਹਾਂ ਕੋਟੇਸ਼ਨਾਂ ਦੀ ਸਹੀ ਜਾਂਚ ਵਿਜੀਲੈਂਸ ਬਿਊਰੋ ਵੱਲੋਂ ਕੀਤੀ ਜਾਂਦੀ ਹੈ ਤਾਂ ਜਲੰਧਰ ਨਿਗਮ ਵਿਚ ਵੱਡਾ ਘਪਲਾ ਸਾਹਮਣੇ ਆਉਣ ਦੀ ਪੂਰੀ ਸੰਭਾਵਨਾ ਹੈ। ਅੱਜ ਤੋਂ ਕਈ ਮਹੀਨੇ ਪਹਿਲਾਂ ਸੈਂਕਸ਼ਨ ਘਪਲੇ ਨਾਲ ਸਬੰਧਤ ਖਬਰਾਂ ਦਾ ਨੋਟਿਸ ਲੈਂਦੇ ਹੋਏ ਜਲੰਧਰ ਵਿਜੀਲੈਂਸ ਬਿਊਰੋ ਨੇ ਸ਼ੁਰੂਆਤੀ ਜਾਂਚ ਸ਼ੁਰੂ ਕੀਤੀ ਸੀ। ਕਈ ਕੱਚੇ ਜੇ. ਈ. ਅਤੇ ਐੱਸ. ਡੀ. ਓ. ਨੂੰ ਬੁਲਾ ਕੇ ਬਿਆਨ ਵੀ ਦਰਜ ਕੀਤੇ ਗਏ ਸਨ ਪਰ ਹੈਰਾਨੀਜਨਕ ਢੰਗ ਨਾਲ ਇਹ ਜਾਂਚ ਅਚਾਨਕ ਠੱਪ ਕਰ ਦਿੱਤੀ ਗਈ ਅਤੇ ਅੱਗੇ ਨਹੀਂ ਵਧ ਸਕੀ। ਦੋਸ਼ ਹੈ ਕਿ ਸ਼ਹਿਰ ਦੇ 2 'ਆਪ' ਆਗੂ ਨਹੀਂ ਚਾਹੁੰਦੇ ਸਨ ਕਿ ਇਸ ਮਾਮਲੇ ਵਿਚ ਵਿਜੀਲੈਂਸ ਜਾਂਚ ਸ਼ੁਰੂ ਹੋਵੇ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਇਸ ਨਾਲ ਵਿਕਾਸ ਕਾਰਜ ਰੁਕ ਜਾਣਗੇ। ਹੁਣ ਇਹ ਪਤਾ ਲੱਗਾ ਕਿ ਸੈਂਕਸ਼ਨ ਦੇ ਕੰਮਾਂ ਵਿਚ ਗੜਬੜੀ ਨਾਲ ਸਬੰਧਤ ਨਵੀਂ ਸ਼ਿਕਾਇਤ ਲੋਕਲ ਬਾਡੀਜ਼ ਵਿਭਾਗ ਤੇ ਸਟੇਟ ਵਿਜੀਲੈਂਸ ਬਿਊਰੋ ਤਕ ਪਹੁੰਚ ਗਈ ਹੈ। ਸੂਤਰਾਂ ਦਾ ਕਹਿਣਾ ਹੈ ਕਿ ਜੇਕਰ ਇਸ ਜਾਂਚ ਨਿਰਪੱਖ ਰੂਪ ਨਾਲ ਸ਼ੁਰੂ ਹੋਈ ਤਾਂ ਕਈ ਅਧਿਕਾਰੀ, ਕੱਚੇ ਕਰਮਚਾਰੀ ਅਤੇ ਠੇਕੇਦਾਰ ਇਸ ਵਿਚ ਫਸ ਸਕਦੇ ਹਨ। ਹੁਣ ਸਾਰਿਆਂ ਦੀਆਂ ਨਜ਼ਰਾਂ ਇਸ ਗੱਲ 'ਤੇ ਟਿਕੀਆਂ ਹਨ ਕਿ ਕੀ ਵਿਜੀਲੈਂਸ ਦੋਬਾਰਾ ਇਸ ਮਾਮਲੇ ਦੀ ਜਾਂਚ ਸ਼ੁਰੂ ਕਰਦੀ ਹੈ ਅਤੇ ਜੇਕਰ ਹਾਂ ਤਾਂ ਇਹ ਜਾਂਚ ਕਿਥੋਂ ਤਕ ਪਹੁੰਚਦੀ ਹੈ ਅਤੇ ਕਿਹੜੇ-ਕਿਹੜੇ ਨਾਵਾਂ ਦਾ ਖੁਲਾਸਾ ਹੁੰਦਾ ਹੈ।

# ਪੁਲਸ ਨੂੰ ਕਤਲ ਕੇਸ ਹੱਲ ਕਰਨ 'ਚ ਮਿਲੀ ਵੱਡੀ ਸਫਲਤਾ

ਕੌਮੀ ਪਤ੍ਰਿਕਾ

ਬਟਾਲਾ 3 ਦਸੰਬਰ। ਥਾਣਾ ਘਣੀਏ ਕੇ ਬਾਂਗਰ ਦੀ ਪੁਲਸ ਨੂੰ ਕਤਲ ਕੇਸ ਹੱਲ ਕਰਨ ਵਿਚ ਵੱਡੀ ਸਫਲਤਾ ਪ੍ਰਾਪਤ ਹੋਣ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਪੱਤਕਾਰਾਂ ਨੂੰ ਜਾਣੰਦਿਆਂ ਡੀ.ਐੱਸ.ਪੀ ਫਤਿਹਗੜ੍ਹ ਚੂੜੀਆਂ ਵਿਪਨ ਕੁਮਾਰ ਅਤੇ ਐੱਸ.ਐੱਚ.ਓ ਘਣੀਏ ਕੇ ਬਾਂਗਰ ਲਖਵਿੰਦਰ ਸਿੰਘ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਬੀਤੀ 2 ਅਕਤੂਬਰ ਨੂੰ ਰਤਨ ਸਿੰਘ ਪੁੱਤਰ ਗੁਰਾ ਸਿੰਘ ਵਾਸੀ ਪਿੰਡ ਸਮਸੇਰਪੁਰ ਨੇ ਥਾਣਾ ਘਣੀਏ ਕੇ ਬਾਂਗਰ ਵਿਚ ਆਪਣੇ ਲੜਕੇ ਗੁਰਵਿੰਦਰ ਸਿੰਘ ਦੇ ਗੁੰਮ ਹੋਣ ਸਬੰਧੀ ਲਿਖਤੀ ਇਤਲਾਹ ਦਿੱਤੀ ਸੀ, ਜਿਸ ਸਬੰਧੀ ਥਾਣੇ ਵਿਚ ਗੁੰਮਸੁਦਗੀ ਦੀ ਰਪਟ ਦਰਜ ਕੀਤੀ ਗਈ ਸੀ , ਜਿਸ ਦੇ ਬਾਅਦ ਬੀਤੀ 19 ਅਕਤੂਬਰ ਨੂੰ ਸ਼ਿਕਾਇਤਕਰਤਾ ਰਤਨ ਸਿੰਘ ਨੇ ਪੁਲਸ ਨੂੰ ਬਿਆਨ ਦਰਜ ਕਰਵਾਇਆ ਕਿ ਉਸਦੇ ਪੁੱਤਰ ਗੁਰਵਿੰਦਰ ਸਿੰਘ ਨੂੰ ਪ੍ਰਭਜੋਤ ਸਿੰਘ ਪੁੱਤਰ ਲੇਟ ਜਗਤਾਰ ਸਿੰਘ ਵਾਸੀ ਬਾਂਗੋਵਾਣੀ ਅਤੇ ਕੁਲਦੀਪ ਸਿੰਘ ਪੁੱਤਰ ਮਨਜੀਤ ਸਿੰਘ ਵਾਸੀ ਧਾਰੜ ਨੇ ਮਾਰਨ ਦੀ ਨੀਅਤ ਨਾਲ ਅਗਵਾ ਕੀਤਾ ਹੈ, ਜਿਸ 'ਤੇ ਪੁਲਸ ਨੇ ਥਾਣਾ ਘਣੀਏ ਕੇ ਬਾਂਗਰ ਵਿਖੇ ਮੁਕੱਦਮਾ ਨੰ. 118 ਮਿਤੀ 19.10.2025 ਜੁਰਮ 127(6) ਤਹਿਤ ਮਾਮਲਾ ਦਰਜ ਕਰ ਦਿੱਤਾ। ਉਕਤ ਪੁਲਸ ਅਧਿਕਾਰੀਆਂ ਨੇ ਅੱਗੇ ਦੱਸਿਆ ਕਿ ਹਾਲਾਤ ਦੀ ਗੰਭੀਰਤਾ ਨੂੰ ਦੇਖਦਿਆਂ ਵਿਸ਼ੇਸ਼ ਟੀਮਾਂ ਦਾ ਗਠਨ ਕਰਨ ਉਪਰੰਤ ਮਾਮਲੇ ਦੀ ਤਫਤੀਸ਼ ਅਮਲ ਵਿਚ ਲਿਆਂਦੀ, ਜਿਸ ਦੌਰਾਨ ਬੀਤੀ 23 ਅਕਤੂਬਰ ਨੂੰ ਥਾਣਾ ਫਤਿਹਗੜ੍ਹ ਚੂੜੀਆਂ ਅਧੀਨ ਆਉਂਦੇ ਪਿੰਡ ਡਾਲੇਚੱਕ ਵਿਖੇ ਸਥਿਤ ਇਕ ਝੋਨੇ ਦੇ ਖੇਤ ਵਿਚੋਂ ਗਲੀ-ਸੜੀ ਲਾਸ਼ ਮਿਲਣ 'ਤੇ ਬਿਆਨਕਰਤਾ ਵਲੋਂ ਲਾਸ਼ ਦੀ ਸ਼ਨਾਖਤ ਨਾ ਹੋਣ 'ਤੇ ਇਸੇ ਡੀ.ਐੱਨ.ਏ ਦੇ ਨਮੂਨਿਆਂ ਨੂੰ ਮਿਲਾਉਣ 'ਤੇ ਲਾਸ਼ ਰਤਨ ਸਿੰਘ



ਤੇ ਲੜਕੇ ਗੁਰਵਿੰਦਰ ਸਿੰਘ ਦੀ ਪੁਸ਼ਟੀ ਹੋਈ। ਡੀ.ਐੱਸ.ਪੀ ਤੇ ਐੱਸ.ਐੱਚ.ਓ ਨੇ ਅੱਗੇ ਦੱਸਿਆ ਕਿ ਬੀਤੀ 26 ਅਕਤੂਬਰ ਨੂੰ ਬਿਆਨਕਰਤਾ ਰਤਨ ਸਿੰਘ ਨੇ ਪੁਲਸ ਨੂੰ ਦੁਬਾਰਾ ਬਿਆਨ ਦਰਜ ਕਰਵਾਇਆ ਕਿ ਉਸਦੇ ਲੜਕੇ ਗੁਰਵਿੰਦਰ ਸਿੰਘ ਨੂੰ ਮਾਰ ਦੇਣ ਦੀ ਨੀਅਤ ਨਾਲ ਪ੍ਰਭਜੋਤ ਸਿੰਘ ਅਤੇ ਕੁਲਦੀਪ ਸਿੰਘ ਨੇ ਸਤਵੰਤ ਕੌਰ ਪਤਨੀ ਜਗਤਾਰ ਸਿੰਘ ਵਾਸੀ ਬਾਂਗੋਵਾਣੀ ਅਤੇ ਪਲਵਿੰਦਰ ਕੌਰ ਉਰਫ ਨੀਤੂ ਪਤਨੀ ਕੁਲਦੀਪ ਸਿੰਘ ਵਾਸੀ ਧਾਰੜ ਸਮੇਤ 2-3 ਅਣਪਛਾਤੇ ਵਿਅਕਤੀਆਂ ਨੇ ਅਗਵਾ ਕੀਤਾ ਹੈ, ਜਿਸਤੇ ਮੁਕੱਦਮਾ ਵਿਚ ਵਾਧਾ ਜੁਰਮ 140(1), 61(2) ਦਾ ਕੀਤਾ ਗਿਆ। ਉਕਤ ਆਲਾ ਪੁਲਸ ਅਫਸਰਾਂ ਨੇ ਹੋਰ ਜਾਣਕਾਰੀ ਦਿੰਦਿਆਂ ਅੱਗੇ ਦੱਸਿਆ ਕਿ ਮਾਮਲੇ ਦੀ ਤਫਤੀਸ਼ ਡੂੰਘਾਈ ਨਾਲ ਕਰਨ 'ਤੇ ਇਹ ਗੱਲ ਸਾਹਮਣੇ ਆਈ ਕਿ ਮ੍ਰਿਤਕ ਗੁਰਵਿੰਦਰ ਸਿੰਘ, ਪ੍ਰਭਜੋਤ ਦਾ ਸਾਲਾ ਹੈ ਅਤੇ ਇਸਦੇ ਪ੍ਰਭਜੋਤ ਸਿੰਘ ਦੀ ਭੈਣ ਪਲਵਿੰਦਰ ਕੌਰ ਉਰਫ ਨੀਤੂ, ਜੋ ਕੁਲਦੀਪ ਸਿੰਘ (ਫੌਜ ਵਿਚ ਨੌਕਰੀ ਕਰਦਾ ਹੈ) ਨਾਲ ਵਿਆਹੀ ਹੋਈ ਸੀ, ਦੇ ਮ੍ਰਿਤਕ ਗੁਰਵਿੰਦਰ ਸਿੰਘ ਨਾਲ ਨਾਜਾਇਜ਼ ਸਬੰਧ ਸਨ ਅਤੇ ਮ੍ਰਿਤਕ ਨੇ ਪਲਵਿੰਦਰ ਕੌਰ ਦੀਆਂ ਅਸ਼ਲੀਲ ਫੋਟੋਆਂ ਉਸਦੇ ਪਤੀ ਕੁਲਦੀਪ ਸਿੰਘ ਨੂੰ ਪਾਈਆਂ ਸਨ। ਜੋ ਇਸ ਕਰਕੇ ਕੁਲਦੀਪ ਸਿੰਘ ਨੇ ਸਮੇਤ ਆਪਣੇ ਸਾਲੇ ਪ੍ਰਭਜੋਤ ਸਿੰਘ ਵਾਸੀ ਇਕ ਸਲਾਹ ਹੋ ਕੇ ਮਿਤੀ 16.10.2025 ਨੂੰ ਗੁਰਵਿੰਦਰ ਸਿੰਘ ਨੂੰ ਧੋਖੇ ਨਾਲ ਪਿੰਡ ਦੋਸਤਪੁਰ ਬੁਲਾਇਆ ਅਤੇ ਹੋਰ ਸਾਥੀਆਂ ਨਾਲ ਮਿਲ ਕੇ ਉਸਦੀ ਕੁੱਟਮਾਰ ਕਰ ਕੇ ਆਪਣੇ ਸਾਲੇ ਪ੍ਰਭਜੋਤ ਸਿੰਘ ਅਤੇ ਹੋਰ ਅਣਪਛਾਤੇ ਵਿਅਕਤੀ ਦੀ ਮਦਦ ਨਾਲ ਅਧਮੋਈ ਅਤੇ ਬੇਹੋਸ਼ੀ ਦੀ ਹਾਲਤ ਵਿਚ ਪਿੰਡ ਡਾਲੇਚੱਕ ਵਿਖੇ ਝੋਨੇ ਦੇ ਖੇਤ ਵਿਚ ਸੁੱਟ ਕੇ ਚਲੇ ਗਏ ਅਤੇ ਕੁਲਦੀਪ ਸਿੰਘ ਇਸ ਘਟਨਾ ਨੂੰ ਅੰਜਾਮ ਦੇਣ ਉਪਰੰਤ ਆਪਣੀ ਯੂਨਿਟ ਵਿਚ ਚਲਾ ਗਿਆ। ਉਕਤ ਪੁਲਸ ਅਧਿਕਾਰੀਆਂ ਨੇ ਅੱਗੇ ਦੱਸਿਆ ਕਿ ਮਕੱਦਮਾ ਵਿਚ ਪਲਵਿੰਦਰ ਕੌਰ ਉਰਫ ਨੀਤੂ, ਕੁਲਦੀਪ ਸਿੰਘ ਫੌਜੀ ਅਤੇ ਪ੍ਰਭਜੋਤ ਸਿੰਘ ਉਕਤਾਨ ਨੂੰ ਗ੍ਰਿਫਤਾਰ ਕਰ ਕੇ ਮੁਕੱਦਮਾ ਵਿਚ ਵਾਧਾ ਜੁਰਮ 103,3(5) ਦਾ ਵਾਧਾ ਕੀਤਾ ਗਿਆ ਹੈ ਅਤੇ ਉਕਤ ਮਾਮਲੇ ਵਿਚ ਮਹਿਲਾ ਮੁਲਜ਼ਮ ਸਤਵੰਤ ਕੌਰ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਜਾਰੀ ਹੈ।

## ਸਾਵਧਾਨ !ਹੁਣ ਬਾਜ਼ਾਰ 'ਚ ਆ ਗਏ 'ਨਕਲੀ ਆਂਡੇ', ਖਾਣ ਤੋਂ ਪਹਿਲਾਂ ਕਰ ਲਓ ਚੈੱਕ

ਨੈਸ਼ਨਲ ਡੈਸਕ 3 ਦਸੰਬਰ। ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ ਜ਼ਿਲ੍ਹੇ ਦੇ ਕਟਘਰ ਕੋਤਵਾਲੀ ਖੇਤਰ ਵਿੱਚ ਖੁਰਾਕ ਸੁਰੱਖਿਆ ਵਿਭਾਗ ਨੇ ਇੱਕ ਵੱਡੀ ਕਾਰਵਾਈ ਕਰਦੇ ਹੋਏ ਨਕਲੀ ਦੇਸੀ ਅੰਡਿਆਂ ਦੇ ਗੋਰਖਧੰਦੇ ਦਾ ਪਰਦਾਫਾਸ਼ ਕੀਤਾ ਹੈ। ਟੀਮ ਨੇ ਕਾਸ਼ੀਪੁਰ ਰੋਡ ਸਥਿਤ ਇੱਕ ਗੋਦਾਮ 'ਤੇ ਛਾਪਾ ਮਾਰ ਕੇ ਕਰੀਬ ਸਾਢੇ ਚਾਰ ਲੱਖ ਰੁਪਏ ਦੇ ਅੰਡੇ ਜ਼ਬਤ ਕੀਤੇ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਉੱਥੇ ਸਫ਼ੇਦ ਅੰਡਿਆਂ ਨੂੰ ਆਰਟੀਫੀਸ਼ੀਅਲ ਰੰਗਾਂ ਅਤੇ ਕੈਮੀਕਲ ਨਾਲ ਪਾਲਿਸ਼ ਕਰ ਕੇ ਉਨ੍ਹਾਂ ਨੂੰ ਦੇਸੀ ਅੰਡਿਆਂ ਦੇ ਰੰਗ ਵਿੱਚ ਬਦਲਿਆ ਜਾ ਰਿਹਾ ਸੀ। ਵੱਧ ਕੀਮਤ 'ਤੇ ਵੇਚਣ ਦੀ ਯੋਜਨਾ: ਦੇਸੀ ਅੰਡਿਆਂ ਦੀ ਮੰਗ ਅਤੇ ਕੀਮਤ ਦੋਵੇਂ ਜ਼ਿਆਦਾ ਹੋਣ ਕਾਰਨ, ਦੋਸ਼ੀ ਇਨ੍ਹਾਂ ਅੰਡਿਆਂ ਨੂੰ ਬਾਜ਼ਾਰ ਵਿੱਚ ਉੱਚੇ ਭਾਅ 'ਤੇ ਵੇਚਣ ਦੀ ਤਿਆਰੀ ਵਿੱਚ ਸਨ। ਦੇਸੀ ਅੰਡਾ ਬਾਜ਼ਾਰ ਵਿੱਚ ਆਮ ਅੰਡੇ ਦੇ ਮੁਕਾਬਲੇ ਲਗਭਗ ਦੁੱਗਣੀ ਕੀਮਤ 'ਤੇ ਵਿਕਦਾ ਹੈ। ਕਾਰਵਾਈ ਅਤੇ ਜ਼ਬਤੀ: ਖੁਰਾਕ ਸੁਰੱਖਿਆ ਟੀਮ ਨੇ ਸਹਾਇਕ ਕਮਿਸ਼ਨਰ ਖੁਰਾਕ ਮੁਰਾਦਾਬਾਦ ਦੇ ਨਿਰਦੇਸ਼ਾਂ ਅਤੇ ਮੁੱਖ ਖੁਰਾਕ ਸੁਰੱਖਿਆ ਅਧਿਕਾਰੀ ਦੀ ਅਗਵਾਈ ਹੇਠ ਇਹ ਕਾਰਵਾਈ ਕੀਤੀ। ਟੀਮ ਨੇ ਮੌਕੇ ਤੋਂ ਕੁੱਲ 45,360 ਰੰਗੇ ਹੋਏ ਅੰਡੇ ਅਤੇ 35,640 ਸਫ਼ੇਦ ਅੰਡੇ ਬਰਾਮਦ ਕੀਤੇ। ਇਨ੍ਹਾਂ ਅੰਡਿਆਂ ਦੀ ਅਨੁਮਾਨਤ ਕੀਮਤ ਲਗਭਗ 3.89 ਲੱਖ ਰੁਪਏ ਦੱਸੀ ਗਈ ਹੈ। ਅੰਡਿਆਂ ਦੇ ਨਾਲ-ਨਾਲ, ਰੰਗਾਈ ਵਿੱਚ ਵਰਤੇ ਜਾ ਰਹੇ ਮਿਲਾਵਟੀ ਰਸਾਇਣਕ ਪਦਾਰਥ ਵੀ ਜ਼ਬਤ ਕੀਤੇ ਗਏ। ਵਿਭਾਗ ਨੂੰ ਇਸ ਕੈਮੀਕਲ ਵਿੱਚ ਵੀ ਮਿਲਾਵਟ ਹੋਣ ਦੀ ਸ਼ੰਕਾ ਹੈ। ਜਾਂਚਦੇਸੀ ਅੰਡਿਆਂ ਦੇ ਰੰਗ ਵਿੱਚ ਬਦਲਿਆ ਜਾ ਰਿਹਾ ਸੀ। ਵੱਧ ਕੀਮਤ 'ਤੇ ਵੇਚਣ ਦੀ ਯੋਜਨਾ: ਦੇਸੀ ਅੰਡਿਆਂ ਦੀ ਮੰਗ ਅਤੇ ਕੀਮਤ ਦੋਵੇਂ ਜ਼ਿਆਦਾ ਹੋਣ ਕਾਰਨ, ਦੋਸ਼ੀ ਇਨ੍ਹਾਂ ਲਈ ਰੰਗਾਂ ਅਤੇ ਰਸਾਇਣਾਂ ਦੇ ਨਮੂਨੇ ਲੈਬ ਵਿੱਚ ਭੇਜੇ ਗਏ ਹਨ। ਮਾਲਕ 'ਤੇ ਕੇਸ ਦਰਜ, ਗੋਦਾਮ ਸੀਲ: ਟੀਮ ਨੇ ਮੌਕੇ 'ਤੇ ਮੌਜੂਦ ਗੋਦਾਮ ਮਾਲਕ ਸ਼੍ਰੀ ਅੱਲ੍ਹਾ ਖਾਂ ਦੇ ਖ਼?ਲਾਫ਼ ਕਟਘਰ ਥਾਣੇ ਵਿੱਚ ਮੁਕੱਦਮਾ ਦਰਜ ਕਰਵਾਇਆ ਹੈ। ਸ਼ਿਕਾਇਤ ਦਰਜ ਕਰਨ ਤੋਂ ਬਾਅਦ ਪੂਰੇ ਗੋਦਾਮ ਨੂੰ ਸੀਲ ਕਰ ਦਿੱਤਾ ਗਿਆ ਹੈ। ਖੁਰਾਕ ਸੁਰੱਖਿਆ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਅਜਿਹੇ ਮਿਲਾਵਟੀ ਉਤਪਾਦ ਖਪਤਕਾਰਾਂ ਦੀ ਸਿਹਤ ਲਈ ਖ਼ਤਰਨਾਕ ਹਨ ਅਤੇ ਜ਼ਿਲ੍ਹੇ ਵਿੱਚ ਇਸ ਤਰ੍ਹਾਂ ਦੀ ਮਿਲਾਵਟਖੋਰੀ ਖ਼?ਲਾਫ਼ ਲਗਾਤਾਰ ਮੁਹਿੰਮ ਚਲਾਈ ਜਾਵੇਗੀ।

# ਚੰਡੀਗੜ੍ਹ ਯੂਨੀਵਰਸਿਟੀ 'ਚ 18 ਸੂਬਿਆਂ ਦੇ 793 ਸਕੂਲਾਂ ਤੇ ਹੋਰਨਾਂ ਕਰਮਚਾਰੀਆਂ ਨੂੰ ਦਿੱਤੇ ਗਏ ਫ਼ੈਪ ਪੁਰਸਕਾਰ

ਕੌਮੀ ਪਤ੍ਰਿਕਾ

ਚੰਡੀਗੜ੍ਹ/ਮੋਹਾਲੀ 3 ਦਸੰਬਰ। ਚੰਡੀਗੜ੍ਹ ਯੂਨੀਵਰਸਿਟੀ ਵਿਖੇ ਕਰਵਾਏ ਗਏ ਦੋ ਰੋਜ਼ਾ 5ਵੇਂ ਫ਼ੈਡਰੇਸ਼ਨ ਆਫ਼ ਪ੍ਰਾਇਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ਼ ਪੰਜਾਬ ਕੌਮੀ ਪੁਰਸਕਾਰ 2025 ਦੀ ਸ਼ਾਨਦਾਰ ਸਮਾਪਤੀ ਹੋਈ। ਇਸ ਸਮਾਗਮ ਵਿੱਚ ਭਾਰਤ ਵਿੱਚ ਸਿੱਖਿਆ, ਖੇਡਾਂ ਅਤੇ ਸੱਭਿਆਚਾਰ ਦੇ ਮਿਆਰ ਨੂੰ ਉੱਚਾ ਚੁੱਕਣ ਵਿੱਚ ਵਡਮੁੱਲਾ ਯੋਗਦਾਨ ਪਾਉਣ ਵਾਲੇ 18 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ (ਯੂਟੀ) ਦੇ 793 ਸਕੂਲਾਂ, ਮੁੱਖ ਅਧਿਆਪਕਾਂ, ਅਧਿਆਪਕਾਂ ਅਤੇ ਹੋਰਨਾਂ ਸਟਾਫ਼ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ। 5ਵੇਂ ਫ਼ੈਪ ਕੌਮੀ ਪੁਰਸਕਾਰ ਸਮਾਰੋਹ ਦੇ ਅਖ਼ੀਰਲੇ ਦਿਨ ਪੰਜਾਬ ਸਕੂਲ ਸਿੱਖਿਆ ਬੋਰਡ (ਪੀਐਸਈਬੀ) ਦੇ ਚੇਅਰਮੈਨ ਅਮਰਪਾਲ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਉਨ੍ਹਾਂ ਦੇ ਨਾਲ ਸੰਸਦ ਮੈਂਬਰ (ਰਾਜ ਸਭਾ) ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਵੀ ਮੌਜੂਦ ਰਹੇ। ਪੁਰਸਕਾਰ ਸਮਾਰੋਹ ਵਿੱਚ ਹੋਰਨਾਂ ਵਿਸ਼ੇਸ਼ ਮਹਿਮਾਨਾਂ ਵਿੱਚ ਗੈਸਟ ਆਫ਼ ਆਨਰ ਅਤੇ ਗਾਇਕ ਜਸਬੀਰ ਜੱਸੀ ਅਤੇ ਫ਼ੈਪ ਦੇ ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ ਸ਼ਾਮਲ ਸਨ। ਦੋ-ਰੋਜ਼ਾ ਕੌਮੀ ਪੁਰਸਕਾਰ 2025 ਦੇ ਅਖ਼ੀਰਲੇ ਦਿਨ, 170 ਪ੍ਰਿੰਸੀਪਲਾਂ ਅਤੇ 265 ਅਧਿਆਪਕਾਂ ਤੋਂ ਇਲਾਵਾ, ਪ੍ਰਾਈਡ ਆਫ਼ ਸਕੂਲ ਐਵਾਰਡ ਜੇਤੂਆਂ ਵਿੱਚ 32 ਅਕਾਊਂਟੈਂਟ, 36 ਕਲਰਕ, ਤਿੰਨ ਮਾਲੀ, ਪੰਜ ਚਪੜਾਸੀ, 20 ਸਹਾਇਕ ਸਟਾਫ਼, 19 ਟਰਾਂਸਪੋਰਟੇਸ਼ਨ ਸਟਾਫ਼ ਅਤੇ ਪ੍ਰਾਈਵੇਟ ਸਕੂਲਾਂ ਦੇ 32 ਗੈਰ-ਸਿੱਖਿਅਕ ਸਟਾਫ਼ ਮੈਂਬਰ ਸ਼ਾਮਲ ਸਨ। ਕੁੱਲ ਮਿਲਾ ਕੇ, ਦੋ-ਰੋਜ਼ਾ ਪੁਰਸਕਾਰ ਸਮਾਰੋਹ ਦੌਰਾਨ 1,500 ਤੋਂ ਵੱਧ ਸਕੂਲਾਂ, ਅਧਿਆਪਕਾਂ, ਪ੍ਰਿੰਸੀਪਲਾਂ, ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਡਾ. ਅਮਰਪਾਲ ਸਿੰਘ ਨੇ ਕਿਹਾ ਕਿ ਜਿਹੜਾ ਸਿੱਖਿਆ ਸ਼ਾਸਤਰੀ ਹੁੰਦਾ ਹੈ, ਉਹ ਹਰ ਇੱਕ ਵਿਅਕਤੀ ਦੇ ਦਿਲ ਤੇ ਦਿਮਾਗ ਦੇ ਅੰਦਰ ਪ੍ਰਕਾਸ਼ ਕਰਦਾ ਹੈ। ਸਾਨੂੰ ਅਵਾਰਡ ਦੇ ਮੁੱਖ ਮਕਸਦ ਬਾਰੇ ਜ਼ਰੂਰ ਜਾਨਣਾ ਚਾਹੀਦਾ ਹੈ, ਕਿਉਂਕਿ ਜਦੋਂ ਕਿਸੇ ਵਿਅਕਤੀ ਨੂੰ ਕੋਈ ਅਵਾਰਡ ਮਿਲਦਾ ਹੈ ਤਾਂ ਉਹ ਆਪਣੇ ਦਫ਼ਤਰ ਤੇ ਘਰ ਅੰਦਰ ਸੁਸ਼ੋਭਿਤ ਕਰਦਾ ਹੈ। ਉਸ ਤੋਂ ਬਾਅਦ ਉਹ ਕਿਸੇ ਵਿਅਕਤੀ ਨੂੰ ਕਿੰਨੀ ਜ਼ਿਆਦਾ ਪ੍ਰੇਰਣਾ ਮਿਲਦੀ ਹੈ ਉਹ ਜ਼ਿਆਦਾ ਜ਼ਰੂਰੀ ਹੈ। ਜੇ ਉਹ ਅਵਾਰਡ ਲੈਣ ਤੋਂ ਬਾਅਦ ਤੁਹਾਨੂੰ ਤੁਹਾਡੇ ਦਫ਼ਤਰ ਜਾਂ ਘਰ ਵਿਚ ਨਜ਼ਰ ਨਹੀਂ ਆਉਂਦਾ ਤਾਂ ਉਸ ਅਵਾਰਡ ਦਾ ਮੁੱਖ ਮਕਸਦ ਖਤਮ ਹੋ ਜਾਂਦਾ ਹੈ। ਡਾ. ਅਮਰਪਾਲ ਸਿੰਘ ਨੇ ਕਿਹਾ ਕਿ ਅਸੀਂ ਇੱਕ ਸਿੱਖਿਆ ਸ਼ਾਸਤਰੀ ਹੋਣ ਦੇ ਨਾਤੇ ਇਹ ਕੋਸ਼ਿਸ਼ ਕਰ ਰਹੇ ਹਾਂ ਕਿ ਗਿਆਨ ਦਾ ਪ੍ਰਕਾਸ਼ ਸਾਡੀ ਬੁੱਧੀ ਵਿਚ ਹੋ ਜਾਵੇ। ਸਾਡੇ ਦੇਸ਼ ਦਾ 90 ਪ੍ਰਤੀਸ਼ਤ




ਸਿੱਖਿਆ ਤੰਤਰ ਸਾਨੂੰ ਗਿਆਨ ਦੇਣ 'ਤੇ ਅਧਾਰਿਤ ਹੈ। ਇਸ ਵਿਚ 10 ਪ੍ਰਤੀਸ਼ਤ ਮੁੱਖ ਕੇਂਦਰ ਬਿੰਦੂ ਹੈ ਉਹ ਕਿਤੇ ਨਾ ਕਿਤੇ ਗਾਇਬ ਹੋ ਜਾਂਦਾ ਹੈ। ਕਿਉਂਕਿ 90 ਪ੍ਰਤੀਸ਼ਤ ਦਾ 10 ਪ੍ਰਤੀਸ਼ਤ ਗਿਆਨ ਹਾਸਲ ਕਰਨ ਦਾ ਦੀਵਾ ਸਾਡੇ ਮਨ ਅੰਦਰ ਜਗਾਉਣਾ ਹੈ। ਉਸ ਦਾ ਕਦੇ ਵੀ ਕੋਈ ਟੈਸਟ ਨਹੀਂ ਹੋ ਸਕਦਾ ਹੈ। ਇਸ ਲਈ ਮੇਰੀ ਸਾਡੇ ਅਧਿਆਪਕਾਂ ਤੇ ਪ੍ਰਾਈਵੇਟ ਸਿੱਖਿਆ ਸੰਸਥਾਨਾਂ ਨੂੰ ਅਪੀਲ ਹੈ ਕਿ ਵਿਦਿਆਰਥੀਆਂ ਨੂੰ ਸਿੱਖਿਆ ਹਾਸਲ ਕਰਨ ਲਈ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ। ਸੰਸਦ ਮੈਂਬਰ (ਰਾਜ ਸਭਾ) ਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਅੱਜ ਤੋਂ 5 ਸਾਲ ਪਹਿਲਾਂ ਦੇਸ਼ ਦੀਆਂ 50 ਫ਼ੀਸਦੀ ਸੇਵਾ ਕਰਨ ਵਾਲੀਆਂ ਪ੍ਰਾਈਵੇਟ ਸਿੱਖਿਆ ਸੰਸਥਾਵਾਂ, ਸਿੱਖਿਆ ਸ਼ਾਸਤਰੀਆਂ, ਸਿੱਖਿਆ ਦਾਨੀਆਂ ਅਤੇ ਅਧਿਆਪਕਾਂ ਦਾ ਸਨਮਾਨ ਕਰਨ ਵਾਸਤੇ ਕੋਈ ਵਿਵਸਥਾ ਨਹੀਂ ਸੀ। ਦੇਸ਼ ਦੇ ਅਜ਼ਾਦ ਹੋਣ ਤੋਂ ਬਾਅਦ ਸਭ ਤੋਂ ਵੱਡੀ ਚੁਣੌਤੀ ਸੀ ਕਿ ਦੇਸ਼ ਦੇ ਸਿੱਖਿਆ ਢਾਂਚੇ, ਜੋ ਨੀਂਹ ਸੀ ਸਮਾਜ ਦੀ ਸਿਰਜਣਾ ਦੀ, ਨੂੰ ਕਿਵੇਂ ਸਥਾਪਿਤ ਕੀਤਾ ਜਾਵੇ ਕਿਉਂਕਿ ਦੇਸ਼ ਵੱਖ-ਵੱਖ ਰਿਆਸਤਾਂ ਵਿਚ ਵੰਡਿਆ ਹੋਇਆ ਸੀ ਤੇ ਇਕਜੁੱਟ ਹੀ ਨਹੀਂ ਸੀ। ਉਸ ਸਮੇਂ ਸਿੱਖਿਆ ਦਾਨੀ ਸਰਕਾਰ ਦੇ ਨਾਲ ਮੋਢੇ ਨਾਲ ਮੋਢੇ ਜੋੜ ਕੇ ਅੱਗੇ ਆਏ। ਅੱਜ 50 ਫ਼ੀਸਦੀ ਹਿੱਸੇ ਦੇ ਨਾਲ ਸਾਡੇ ਦੇਸ਼ ਦੇ ਕੋਲ ਬਹੁਤ ਸਾਰੇ ਸਾਧਨ ਹਨ। ਅੱਜ 50 ਫ਼ੀਸਦੀ ਹਿੱਸੇ ਨਾਲ ਦੇਸ਼ ਦੀਆਂ ਪ੍ਰਾਈਵੇਟ ਸਿੱਖਿਆ ਸੰਸਥਾਵਾਂ ਤੇ ਸਿੱਖਿਆ ਸ਼ਾਸਤਰੀਆਂ ਨੇ ਦੇਸ਼ ਦੀ ਤਰੱਕੀ ਲਈ ਆਪਣਾ ਵੱਡਮੁੱਲਾ ਯੋਗਦਾਨ ਪਾਇਆ ਹੈ। ਪਰੰਤੂ ਸਮੇਂ ਦੀ ਸਿਤਮ ਜ਼ਰੀਫ਼ੀ ਰਹੀ ਕਿ ਅੱਜ ਤੋਂ 5 ਸਾਲ ਪਹਿਲਾਂ ਤੱਕ ਅਧਿਆਪਕ ਨੂੰ ਸਨਮਾਨ ਤਾਂ ਬਹੁਤ ਦਿੱਤਾ ਜਾਂਦਾ ਰਿਹਾ। ਪਰ ਉਹ ਵੀ ਸਰਕਾਰੀ ਸੰਸਥਾਵਾਂ ਦੇ ਅਧਿਆਪਕਾਂ ਨੂੰ ਹੀ ਦਿੱਤਾ ਜਾਂਦਾ ਸੀ, ਜਿਨ੍ਹਾਂ ਨੂੰ ਸਟੇਟ ਤੇ ਰਾਸ਼ਟਰੀ ਅਵਾਰਡ ਨਾਲ ਸਨਮਾਨਿਤ ਕੀਤਾ ਜਾਂਦਾ ਸੀ। ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਸਨਮਾਨ ਦੇਣ ਦੀ ਲੋੜ ਨੂੰ ਡਾ. ਜਗਜੀਤ ਸਿੰਘ ਧੂਰੀ ਨੇ ਆਪਣੀ ਦੂਰ ਅੰਦੇਸ਼ੀ ਸੋਚ ਨਾਲ ਸਮਝਿਆ ਅਤੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਸੋਸੀਏਸ਼ਨ ਆਫ਼ ਪੰਜਾਬ ਅਵਾਰਡ ਦੀ ਸ਼ੁਰੂਆਤ ਕੀਤੀ ਤੇ ਪ੍ਰਾਈਵੇਟ ਸਿੱਖਿਆ ਸੰਸਥਾਵਾਂ ਤੇ ਸਿੱਖਿਆ ਸ਼ਾਸਤਰੀਆਂ ਨੂੰ ਬਣਦਾ ਮਾਣ ਸਨਮਾਨ ਦਿੱਤਾ। ਸੰਧੂ ਨੇ ਕਿਹਾ ਕਿ ਮੈਂਨੂੰ ਖ਼ੁਸ਼ੀ ਹੈ ਕਿ ਅੱਜ ਐੱਫਏਪੀ ਨੂੰ ਸਟੇਟ ਅਵਾਰਡ ਦਾ ਦਰਜਾ ਮਿਲ ਗਿਆ ਹੈ, ਜਿਸ ਵਿਚ ਅੱਜ 18 ਸੂਬਿਆਂ ਦੇ ਅਧਿਆਪਕ ਅਤੇ ਵਿਦਿਆਰਥੀ ਸ਼ਾਮਲ ਹੋਏ ਹਨ। ਪੰਜ ਸਾਲਾਂ ਦੇ ਅੰਦਰ ਐਫਏਪੀ ਦਾ ਇੱਕ ਰਾਸ਼ਟਰੀ ਅਵਾਰਡ ਬਣ ਜਾਣਾ ਜੋ ਕਿ ਪਹਿਲਾਂ ਨਹੀਂ ਸੀ। ਇਹ ਇੱਕ ਬਹੁਤ ਵੱਡੀ ਪ੍ਰਾਪਤੀ ਹੈ। ਅੱਜ ਸਿਰਫ਼ ਪੰਜਾਬ ਦੀਆਂ ਪ੍ਰਾਈਵੇਟ ਸਿੱਖਿਆ ਸੰਸਥਾਵਾਂ ਹੀ ਨਹੀਂ, ਬਲਕਿ ਪੂਰੇ ਦੇਸ਼ ਭਰ ਦੀਆਂ ਪ੍ਰਾਈਵੇਟ ਸਿੱਖਿਆ ਸੰਸਥਾਵਾਂ ਐੱਫਏਪੀ ਦੀ ਧੰਨਵਾਦੀ ਹਨ। ਡਾ. ਧੂਰੀ ਦੇ ਯਤਨਾ ਸਦਕਾ ਪ੍ਰਾਈਵੇਟ ਸਿੱਖਿਆ ਸੰਸਥਾਵਾਂ ਦਾ ਵੱਕਾਰ ਸਮਾਜ ਦੇ ਸਾਹਮਣੇ ਬਹਾਲ ਹੋਇਆ ਹੈ।